ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE -42
January 20, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਨ ਸ਼ਹੀਦ, ਮਹਾਨ ਸਿੱਖ ਅਤੇ ਕੌਮ ਲਈ ਆਦਰਸ਼ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਸਮੂਹ ਸਿੱਖ ਕੌਮ ਨੂੰ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ ਐਸ ਏ) ਵੱਲੋਂ ਲੱਖ-ਲੱਖ ਵਧਾਈਆਂ



ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੀ ਸਾਲਾਨਾ ਬਰਸੀ 29, 30 ਅਤੇ 31 ਜਨਵਰੀ, 2016 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਈ ਜਾ ਰਹੀ ਹੈ।

## ਰੋਹਿਤ ਨੂੰ ਸੱਤ ਮਹੀਨਿਆਂ ਤੋਂ ਨਹੀ ਮਿਲੀ ਸੀ ਫੈਲੋਸ਼ਿਪ

**ਹੈਦਰਾਬਾਦ-** ਖੋਜਾਰਥੀ ਰੋਹਿਤ ਵੇਮੁਲਾ, ਜਿਸ ਨੇ ਬੀਤੇ ਦਿਨ ਯੂਨੀਵਰਸਿਟੀ ਕੈਂਪਸ ਦੇ ਕਮਰੇ ਵਿਚ ਖ਼ੁਦਕੁਸ਼ੀ ਕਰ ਲਈ ਸੀ, ਵੱਲੋਂ ਕਥਿਤ ਤੌਰ 'ਤੇ ਲਿਖੇ ਇਕ ਪੱਤਰ



ਤੋਂ ਖੁਲਾਸਾ ਹੋਇਆ ਹੈ ਕਿ 'ਵਰਸਿਟੀ ਨੇ ਉਸ ਨੂੰ ਪਿਛਲੇ ਸੱਤ ਮਹੀਨਿਆਂ ਤੋਂ ਫੈ-ਲੋਸ਼ਿਪ ਦੀ ਅਦਾਇਗੀ ਵੀ ਨਹੀਂ ਸੀ ਕੀਤੀ। ਪੱਤਰ ਵਿੱਚ ਉਸ ਨੇ ਕਾਰਲ ਸਾਗਨ ਵਰਗਾ ਵਿਗਿਆਨ ਲੇਖਕ ਬਣਨ ਦੀ ਇੱਛਾ ਵੀ ਜਤਾਈ ਹੈ। ਰੋਹਿਤ ਨੇ ਪੱਤਰ ਵਿੱਚ ਲਿਖਿਆ,'ਜੇਕਰ ਤੁਸੀਂ ਇਹ ਪੱਤਰ ਪੜ੍ਹ ਰਹੇ ਹੋ ਤਾਂ ਮੇਰੇ ਲਈ ਕੁਝ ਵੀ ਕਰ ਸਕਦੇ ਹੋ। ਮੇਰੀ ਸੱਤ ਮਹੀਨਿਆਂ ਦੀ ਫੈਲੋਸ਼ਿਪ, ਜੋ ਕਿ 1.75 ਲੱਖ ਦੇ ਕਰੀਬ ਹੈ, ਬਕਾਇਆ ਹੈ। ਕ੍ਰਿਪਾ ਕਰਕੇ ਇਸ ਗੱਲ ਦਾ ਧਿਆਨ ਰੱਖਣਾ ਕਿ ਇਹ ਰਕਮ ਮੇਰੇ ਪਰਿਵਾਰ ਨੂੰ ਮਿਲ ਜਾਏ। 40 ਹਜ਼ਾਰ ਰੁਪਏ ਰਾਮਜੀ ਦੇ ਵੀ ਦੇਣੇ ਹਨ, ਜੋ ਉਸ ਨੇ ਕਦੇ ਨਹੀਂ ਮੰਗੇ। ਪਰ ਉਸ ਨੂੰ ਫੈਲੋਸ਼ਿਪ ਦੀ ਰਕਮ 'ਚੋਂ ਪੈਸੇ ਮੋੜ ਦੇਣੇ।'

ਉਸ ਨੇ ਪੱਤਰ ਵਿਚ ਅੱਗੇ ਲਿਖਿਆ, 'ਮੈਂ ਹਮੇਸ਼ਾਂ ਲੇਖਕ ਬਣਨਾ ਚਾਹੁੰਦਾ ਸੀ। ਕਾਰਲ ਸਾਗਨ ਵਾਂਗ ਵਿਗਿਆਨ ਦਾ ਲੇਖਕ।' ਇਸ ਪੱਤਰ ਵਿੱਚ ਉਸ ਨੇ ਇਸ ਸਿਰੇ ਦੇ ਕਦਮ ਲਈ ਆਪਣੇ ਦੋਸਤਾਂ ਦੇ ਕਮਰੇ ਨੂੰ ਵਰਤਣ ਲਈ ਉਨ੍ਹਾਂ ਕੋਲੋਂ ਮੁਆਫੀ ਵੀ ਮੰਗੀ। ਇਸੇ ਦੌਰਾਨ ਪੀੜਤ ਦੀ ਮਾਂ ਰਾਧਿਕਾ, ਜੋ ਗੰਟੂਰ ਵਿੱਚ ਕੱਪੜੇ ਸਿਉਂ ਕੇ ਗੁਜ਼ਾਰਾ ਕਰਦੀ ਹੈ, ਨੇ ਕਿਹਾ ਕਿ 'ਵਰਸਿਟੀ ਅਧਿਕਾਰੀਆਂ ਨੇ ਉਸ ਨੂੰ ਰੋਹਿਤ ਦੀ ਮੁਅੱਤਲੀ ਸਬੰਧੀ ਹਨੇਰੇ ਵਿੱਚ ਰੱਖਿਆ। ਉਸ ਨੇ ਕਿਹਾ,'ਮੇਰਾ ਪੁੱਤ 13 ਦਿਨ ਖੁੱਲ੍ਹੇ ਆਸਮਾਨ ਹੇਠ ਰਹਿੰਦਾ ਰਿਹਾ। 'ਵਰਸਿਟੀ ਦੇ ਉਪ ਕੁਲਪਤੀ ਨੂੰ ਆ ਕੇ ਮੈਨੂੰ ਮੇਰੇ ਪੁੱਤ ਦੀ ਗ਼ਲਤੀ ਬਾਰੇ ਦੱਸਣਾ ਚਾਹੀਦਾ ਸੀ। ਯਾਦ ਰਹੇ ਕਿ ਰੋਹਿਤ ਤੇ ਚਾਰ ਹੋਰਨਾਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨੇ ਪਹਿਲਾਂ ਮੁਅੱਤਲ ਕੀਤਾ ਤੇ ਮਗਰੋਂ ਇਹ ਫੈਸਲਾ ਵਾਪਸ ਲੈ ਲਿਆ ਸੀ। ਪਰ ਪਿਛਲੇ ਮਹੀਨੇ ਉਨ੍ਹਾਂ ਦੇ ਹੋਸਟਲ ਦੀ ਸਹੂਲਤ ਲੈਣ 'ਤੇ ਵੀ ਰੋਕ ਲਾ ਦਿੱਤੀ ਸੀ।

## ਦਲਿਤ ਵਿਦਿਆਰਥੀ ਦੀ ਆਤਮ-ਹੱਤਿਆ ਦਾ ਮਾਮਲਾ ਕੌਮੀ ਪੱਧਰ ਤੇ ਭਖਿਆ

### ਸਮ੍ਰਿਤੀ ਇਰਾਨੀ ਤੇ ਦੱਤਾਤ੍ਰੇਅ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਨੇ ਜੋਰ ਫੜਿਆ





ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਿਦਿਆਰਥੀ ਵਿਰੋਧ ਪ੍ਰਦਰਸ਼ਨ ਕਰਦੇ ਹੋਏ। (ਤਸਵੀਰਾਂ ਵਿਜੇ ਕੁਮਾਰ)

**ਨਵੀਂ ਦਿੱਲੀ (ਬਿਊਰੋ)-** ਹੈਦਰਾਬਾਦ ਯੂਨੀਵਰਸਿਟੀ ਵਿੱਚ ਪੀ ਐਚ ਡੀ ਕਰ ਰਹੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਖ਼ੁਦਕੁਸ਼ੀ ਕਾਰਨ ਵੱਡਾ ਵਿਵਾਦ ਪੈਦਾ ਹੋ ਗਿਆ ਹੈ। ਭਾਜਪਾ ਦੇ ਵਿਰੋਧੀ ਦਲ ਇਸ ਮਾਮਲੇ ਵਿੱਚ ਅੱਗੇ ਆ ਗਏ ਹਨ ਤੇ ਉਹ ਕੇਂਦਰੀ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਸਮ੍ਰਿਤੀ ਇਰਾਨੀ ਤੇ ਕੇਂਦਰੀ ਕਿਰਤ ਰਾਜ ਮੰਤਰੀ ਬੰਡਾਰੂ ਦੱਤਾਤ੍ਰੇਅ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕਰ ਰਹੇ ਹਨ। ਵਿਰੋਧੀ ਧਿਰਾਂ ਦੋਵਾਂ ਮੰਤਰੀਆਂ ਨੂੰ ਇਸ ਮੌਤ ਲਈ ਜ਼ਿੰਮੇਵਾਰ ਕਰਾਰ ਦੇ ਰਹੀਆਂ ਹਨ। ਇਸ ਦੌਰਾਨ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਅਤੇ ਕਈ ਹੋਰ ਪਾਰਟੀਆਂ ਨੇ ਦੋਵਾਂ ਕੇਂਦਰੀ ਮੰਤਰੀਆਂ ਤੇ ਹੈਦਰਾਬਾਦ ਯੂਨੀਵਰਸਿਟੀ ਦੇ ਉਪ ਕੁਲਪਤੀ ਅੱਪਾ ਰਾਓ 'ਤੇ ਹੱਲਾ ਬੋਲਿਆ। ਰਾਹੁਲ ਨੇ ਕਿਹਾ, 'ਵੀਸੀ ਤੇ ਦਿੱਲੀ ਵਿੱਚਲੇ ਕੇਂਦਰੀ ਮੰਤਰੀਆਂ ਨੇ ਠੀਕ ਢੰਗ ਨਾਲ ਕਦਮ ਨਹੀਂ ਚੁੱਕੇ, ਜਿਸ ਕਾਰਨ ਇਸ ਨੌਜਵਾਨ ਕੋਲ ਖ਼ੁਦਕੁਸ਼ੀ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਾ ਰਿਹਾ।' ਉਨ੍ਹਾਂ ਨੇ ਇਰਾਨੀ ਦਾ ਨਾਮ ਤਾਂ ਨਹੀਂ ਲਿਆ ਪਰ ਇਸ਼ਾਰਾ ਸਾਫ਼ ਤੌਰ 'ਤੇ ਉਸ ਵੱਲ ਹੀ ਸੀ ਕਿਉਂਕਿ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਦੇ ਕਦਮ ਨੂੰ ਹੀ ਰੋਹਿਤ ਦੀ ਖ਼ੁਦਕੁਸ਼ੀ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਬੀਤੇ ਦਿਨ ਇਰਾਨੀ ਨੇ ਰਾਹੁਲ ਦੇ ਸੰਸਦੀ ਖੇਤਰ ਅਮੇਠੀ ਦਾ ਦੌਰਾ ਕੀਤਾ ਸੀ ਤੇ ਕਾਂਗਰਸ ਮੀਤ ਪ੍ਰਧਾਨ 'ਤੇ ਨੌਜਵਾਨਾਂ ਨੂੰ ਠੱਗਣ ਦੇ ਦੋਸ਼ ਲਗਾਏ ਸਨ। ਹੈਦਰਾਬਾਦ ਤੋਂ ਇਲਾਵਾ ਦਿੱਲੀ, ਮੁੰਬਈ, ਪੁਣੇ ਤੇ ਚੇਨੱਈ ਸਣੇ ਦੇਸ਼ ਭਰ ਦੇ ਕਈ ਸ਼ਹਿਰਾਂ ਵਿੱਚ ਇਸ ਮੁੱਦੇ 'ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਖੱਬੇ ਪੱਖੀ ਸੰਗਠਨ ਆਇਸਾ, ਆਮ ਆਦਮੀ ਪਾਰਟੀ ਦੇ ਵਿਦਿਆਰਥੀ ਸੰਗਠਨ ਸੀ ਵਾਈ ਐਸ ਐਸ ਤੇ ਕਾਂਗਰਸ ਦੇ ਐਨ ਐਸ ਯੂ ਆਈ ਨੇ ਦਿੱਲੀ ਦੇ ਜੰਤਰ-ਮੰਤਰ ਤੇ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਦੇ ਬਾਹਰ ਪ੍ਰਦਰਸ਼ਨ ਕਰਕੇ ਮੰਤਰੀਆਂ ਦੀ ਬਰਖ਼ਾਸਤਗੀ ਤੇ ਵੀਸੀ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਵੱਖ-ਵੱਖ ਸਿਆਸੀ ਪਾਰਟੀਆਂ ਤੇ ਨੇਤਾਵਾਂ ਨੇ ਕਿਰਤ ਮੰਤਰੀ ਦੱਤਾਤ੍ਰੇਅ ਵੱਲੋਂ ਪਿਛਲੇ ਸਾਲ 17 ਅਗਸਤ ਨੂੰ ਸ੍ਰੀਮਤੀ ਇਰਾਨੀ ਨੂੰ ਭੇਜੀ ਚਿੱਠੀ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਹੈ, ਜਿਸ ਵਿੱਚ ਇਕ ਵਿਦਿਆਰਥੀ ਸੰਘ ਦੀਆਂ ਦੇਸ਼ ਵਿਰੋਧੀ ਸਰਗਰਮੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ। ਵਿਰੋਧੀ ਧਿਰ ਨੇ 3 ਸਤੰਬਰ ਤੋਂ 19 ਨਵੰਬਰ ਤੱਕ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲੇ ਵੱਲੋਂ ਜਾਰੀ ਉਨ੍ਹਾਂ ਪੰਜ ਚਿੱਠੀਆਂ ਨੂੰ ਵੀ ਰੋਹਿਤ ਦੀ ਖ਼ੁਦਕੁਸ਼ੀ ਲਈ ਜ਼ਿੰਮੇਵਾਰ ਕਰਾਰ ਦਿੱਤਾ ਹੈ, ਜਿਨ੍ਹਾਂ ਰਾਹੀਂ ਬਾਅਦ ਵਿੱਚ ਕਾਰਵਾਈ ਕਰਨ ਬਾਰੇ ਪੁੱਛਿਆ ਗਿਆ ਸੀ। ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ ਕਿ ਉਸ ਨੇ ਰੋਹਿਤ ਨੂੰ ਮੁਅੱਤਲ ਕਰਨ ਜਾਂ ਹੋਸਟਲ ਵਿੱਚੋਂ ਕੱਢਣ ਲਈ ਯੂਨੀਵਰਸਿਟੀ 'ਤੇ ਕੋਈ ਦਬਾਅ ਪਾਇਆ ਸੀ। ਮੰਤਰਾਲੇ ਨੇ ਕਿਹਾ ਹੈ ਕਿ

(ਬਾਕੀ ਸਫਾ 4 ਤੇ)

Raja
SWEETS & CATERING
ITEMS SERVING
Catering Services
Wedding Ceremonies, Receptions, Birthday Parties, Corporale Events, Religious Gatherings, Picnic/Bar-B-Que
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar 510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532

MAJESTIC HOMES
RAMESH SUMAN Broker Realtor RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
MANDEEP SANDHU msandhu2014@gmail.com
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration, Citizenship, Green Card, Deportation defense, Political Asylum
Specilized in
Detention cases, Artists, Singers P3 visas, Priest R1 visas
Investor EB 5 visas, L1 Business visas, Family law, Criminal Defense cases.
Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288
Jaspreet Singh
Email : jaspreetsinghlawoffice@gmail.com

# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# INDIA MARKET

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow
Threading Now Open

Eyebrow Threading
& Henna Tattoo

7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511
Email: IndiaMarketRoseville@gmail.com



# Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja

SWEETS & CATERING

AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# ਗੁਰੂ ਗ੍ਰੰਥ ਸਾਹਿਬ ਦਸਾਂ ਗੁਰੂਆਂ ਦੀ ਜੋਤਿ ਜਾਂ 35 ਮਹਾਂਪੁਰਖਾਂ ਦੀ?



ਅਵਤਾਰ ਸਿੰਘ ਮਿਸ਼ਨਰੀ
001-510-432-5827)

ਅਜੋਕੀ ਅਰਦਾਸ ਵਿੱਚ ਸਿਧਾਂਤਕ ਸੁਧਾਈ ਦੀ ਲੋੜ ਹੈ ਜਿੱਥੇ ਭਗਾਉਤੀ ਅਰਾਧਣਾ ਗਲਤ ਹੈ ਓਥੇ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਜੋਤਿ ਕਹਿਣਾ ਵੀ ਠੀਕ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਖੇ 35 ਮਹਾਂਪੁਰਖਾਂ ਦੀ ਬਾਣੀ ਹੈ ਨਾਂ ਕਿ ਕੇਵਲ ਦਸਾਂ ਗੁਰੂਆਂ ਦੀ। ਜਰਾ ਧਿਆਨ ਦਿਉ ਤਾਂ ਸਿੱਖ ਗੁਰੂਆਂ ਚੋਂ ਵੀ 6 ਗੁਰੂਆਂ ਦੀ ਬਾਣੀ ਦਰਜ ਹੈ ਨਾਂ ਕਿ ਦਸਾਂ ਦੀ ਫਿਰ ਦਸਾਂ ਗੁਰੂਆਂ ਦੀ ਜੋਤਿ ਕਿਵੇਂ ਹੋ ਗਈ?

ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਲਈ ਹੈ ਉਪਦੇਸ਼ ਰੂਪ ਹੈ-ਉਪਦੇਸ਼ ਚਹੁ ਵਰਣਾ ਕਉ ਸਾਝਾਂ॥ ਗੁਰੂ ਇੱਕ ਸਿਧਾਂਤ ਹੈ ਸਿੱਖਾਂ ਦੇ ਵੱਖਰੇ-ਵੱਖਰੇ ਦਸ ਗੁਰੂ ਨਹੀਂ ਸਗੋਂ-ਇਕਾ ਬਾਣੀ ਇਕੁ ਗੁਰ ਇਕੋ ਸਬਦਿ ਵੀਚਾਰੁ॥ ਭਾਵ ਸੱਚ ਰੂਪੀ ਸ਼ਬਦ ਹੀ ਸਦੀਵੀ ਗੁਰੂ ਹੈ। ਬਾਬਾ ਨਾਨਕ ਸਾਡਾ ਰਹਿਬਰ ਹੈ ਤੇ ਬਾਕੀ ਨੌਂ ਸਿੱਖ ਮਹਾਂਪੁਰਖ ਬਾਬੇ ਨਾਨਕ ਦੇ ਜਾਂਨਸ਼ੀਨ ਉਤਰਾਧਿਕਾਰੀ ਹਨ। ਜਦ ਸਿੱਧਾਂ ਨੇ ਵਿਚਾਰ ਚਰਚਾ ਕਰਦੇ ਸਮੇਂ ਜਾਹਰ ਪੀਰ ਜਗਤ ਗੁਰ ਬਾਬੇ ਨੂੰ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਤਾਂ ਬਾਬਾ ਨਾਨਕ ਜੀ ਨੇ ਸਾਫ-ਸਾਫ ਕਹਿ ਦਿੱਤਾ-ਸਬਦ ਗੁਰੂ ਸੁਰਤਿ ਧੁਨਿ ਚੇਲਾ॥ ਵਿਦਵਾਨ ਲਿਖਾਰੀ ਅਤੇ ਫੇਸ ਬੁੱਕ ਤੇ ਲਿਖਣ ਵਾਲੇ ਵੀਰੋ ਘਟੋ ਘੱਟ ਜੋ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਰਹਿਬਰ ਆਗੂ ਮੰਨਦੇ ਹਨ, ਹੋਰ ਕਿਸੇ ਦੇਹਧਾਰੀ ਸਾਧ ਸੰਤ ਦੇ ਮੱਗਰ ਨਹੀਂ ਲਗਦੇ, ਉਹ ਤਾਂ ਛੋਟੇ ਮੋਟੇ ਮਤ-ਭੇਦ ਛੱਡ, ਮਿਲ ਕੇ ਚੱਲਣ ਨਾਂ ਕਿ ਧੜੇਬੰਦੀ ਜਾਂ ਬੇਸਮਝੀ ਵਿੱਚ ਇੱਕ ਦੂਜੇ ਵਿਰੁੱਧ ਧੂੰਆਂ ਧਾਰ ਬਿਆਨ ਬਾਜੀ ਕਰੀ ਜਾਣ। ਸਾਰਿਆਂ ਦੇ ਵਿਚਾਰ ਬਿਲਕੁਲ ਇਕੋ ਜਿਹੇ ਨਹੀਂ ਹੋ ਸਕਦੇ ਜਿਵੇਂ ਪੰਜੇ ਉਂਗਲਾਂ ਵੱਡੀਆਂ ਛੋਟੀਆਂ ਹਨ ਪਰ ਮਿਲ ਕੇ ਪੰਜਾ ਅਤੇ ਘਸੁੰਨ ਬਣ ਜਾਂਦੀਆਂ ਹਨ-ਕਰਤੇ ਇਕ ਖੇਲ ਰਚਾਇਆ ਕੋਈ ਕਿਸੇ ਜਿਹਾ ਉਪਾਇਆ॥ ਜੇ ਲੜਨਾ ਹੀ ਹੈ ਤਾਂ ਬੁਰਾਈਆ, ਵਿਸ਼ੇ-ਵਿਕਾਰਾਂ, ਭੇਖੀ ਸਾਧਾਂ ਸੰਤਾਂ ਅਤੇ ਉਨ੍ਹਾਂ ਦੁਆਰਾ ਪੈਦਾ ਕੀਤੇ ਕਰਮਕਾਂਡਾਂ ਵਿਰੁੱਧ ਲੜੀਏ। ਐਸ ਵੇਲੇ ਜਾਗਰੂਕ ਸਿੱਖਾਂ ਨੂੰ ਇੱਕ ਮੁੱਠ ਰਹਿਣਾ ਚਾਹੀਦਾ ਹੈ ਨਹੀਂ ਤਾਂ ਭੂਤਰੇ ਫਿਰਦੇ ਵੱਗਾਂ ਦੇ ਵੱਗ ਭੇਖੀ ਡੇਰੇਦਾਰ ਸਾਧ ਸਿੱਖੀ ਦਾ ਮਲੀਆ ਮੇਟ ਕਰ ਦੇਣਗੇ! ਜਰਾ ਸੋਚੋ! ਕੀ ਸਿੱਖਾਂ ਦੇ ਗਿਆਰਾਂ ਗੁਰੂ ਹਨ ਜਾਂ ਸਦੀਵੀ ਸ਼ਬਦ ਹੀ ਵਾਹਿਦ ਇੱਕ ਗੁਰੂ ਹੈ। ਸਿੱਖ ਨੇ ਅਰਦਾਸ ਵੀ ਉਸ ਸ਼ਬਦ ਗੁਰੂ ਅਕਾਲ ਪੁਰਖ ਪਾਸ ਕਰਨੀ ਹੈ ਨਾਂ ਕਿ ਵੱਖ ਵੱਖ ਦਸ ਗੁਰੂਆਂ ਅੱਗੇ। ਗੁਰੂ ਗ੍ਰੰਥ ਸਾਹਿਬ ਵਿਖੇ ਛੇ ਗੁਰ ਵਿਅਕਤੀਆਂ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਤਿੰਨ ਗੁਰਸਿੱਖਾਂ ਟੋਟਲ ਪੈਂਤੀ ਮਹਾਂ ਪੁਰਖਾਂ ਦੀ ਬਾਣੀ ਹੈ। ਇਸ ਲਈ ਬਾਕੀਆਂ ਨੂੰ ਛੱਡ ਕੇ ਕੇਵਲ ਦਸਾਂ ਨੂੰ ਹੀ ਗੁਰੂ ਮੰਨ ਅਰਦਾਸ ਕਰੀ ਜਾਂਦੇ ਹਾਂ। ਕੀ ਇਹ ਬਾਕੀਆਂ ਨਾਲ ਵਿਤਕਰਾ ਨਹੀਂ? ਆਓ ਸਮਝ ਤੋਂ ਕੰਮ ਲੈ ਕੇ ਗੁਰ ਸਿਧਾਂਤ ਦੀ ਗੱਲ ਕਰੀਏ ਨਾਂ ਕਿ ਗੁਰੂ ਜਾਂ ਭਗਤ ਕਹਿਣ ਵਿੱਚ ਉਲਝੀ ਜਾਈਏ।

ਜਗਤ ਰਹਿਬਰ ਬਾਬੇ ਨਾਨਕ ਨੇ ਸਦੀਵੀ ਜਨਮ ਮਰਨ ਰਹਿਤ ਸ਼ਬਦ ਗੁਰੂ ਦੀ ਸੋਝੀ ਸੰਸਾਰ ਨੂੰ ਬਖਸ਼ ਕੇ ਜਨਮ ਲੈ ਕੇ ਮਰਨ ਵਾਲੇ ਦੇਹਧਾਰੀ ਗੁਰੂਆਂ ਤੋਂ ਮਨੁੱਖਤਾ ਦਾ ਖਹਿੜਾ ਛਡਾਇਆ। ਜੇ ਦੇਹਧਾਰੀ ਹੀ ਗੁਰੂ ਹੁੰਦਾ ਤਾਂ ਦਸਵੇਂ ਪਾਤਸ਼ਾਹ ਕਦੇ ਵੀ ਸ਼ਬਦ ਗੁਰੂ ਨੂੰ ਗੁਰਗੱਦੀ ਨਾਂ ਦਿੰਦੇ ਸਗੋਂ ਆਪਣੀ ਥਾਂ ਗਿਆਰਵਾਂ ਗੁਰੂ ਥਾਪ ਦਿੰਦੇ-ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਯੋਂ ਗ੍ਰੰਥ॥ ਸੋ ਹੁਣ ਸਾਡਾ ਸਭ ਦਾ "ਗੁਰੂ ਗ੍ਰੰਥ ਸਾਹਿਬ" ਹੀ ਸਦੀਵੀ ਸ਼ਬਦ ਗੁਰੂ ਹੈ॥ ਇਸ ਲਈ ਭਗਤ, ਬਾਬੇ ਤੇ ਗੁਰੂ ਸ਼ਬਦਾਂ ਵਾਲਾ ਝਗੜਾ ਖਤਮ ਕਰੀਏ। ਵਿਚਾਰਧਾਕ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਵਿਚਲੇ 35 ਮਹਾਂਪੁਰਖਾਂ ਦੀ ਬਾਣੀ ਹੀ ਸ਼ਬਦ ਗੁਰੂ ਹੈ। 15 ਭਗਤਾਂ ਵਿੱਚੋਂ ਕਿਸੇ ਇੱਕ ਭਗਤ ਨੂੰ ਗੁਰੂ ਨਹੀਂ ਕਿਹਾ ਜਾ ਸਕਦਾ ਕਿਉਂਕਿ 15 ਹੀ ਨਹੀਂ ਬਲਕਿ 35 ਮਹਾਂਪੁਰਖ ਹੀ ਗੁਰੂ ਰੂਪ ਹਨ।

ਅਰਦਾਸ ਵਿੱਚ ਦਸਾਂ ਗੁਰੂਆਂ ਦੀ ਜੋਤਿ ਗੁਰੂ ਗ੍ਰੰਥ ਸਾਹਿਬ ਕਹਿਣਾ ਬਿਲਕੁਲ ਗਲਤ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ 35 ਮਹਾਂਪੁਰਖਾਂ ਦੀ ਜੋਤਿ ਹੈ।

# ਮਿਲਪੀਟਸ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਇਆ ਸੈਮੀਨਾਰ

## ਸਿੱਖ ਕੌਮ ਨੂੰ ਦਰਪੇਸ਼ ਸਮੱਸਿਆਵਾਂ ਤੇ ਹੋਈਆਂ ਵਿਚਾਰਾਂ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਿਲਪੀਟਸ ਸਥਿਤ ਗੁਰ-ਦੁਆਰਾ ਸਿੰਘ ਸਭਾ ਵਿਖੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਰਿਆਤ ਐਂਡ ਬਹਾਰਾ ਯੂਨੀਵਰਸਿਟੀ (ਸ਼ਿਮਲਾ) ਦੇ ਵਾਈਸ ਚਾਂਸਲਰ ਡਾ. ਦਲਜੀਤ ਸਿੰਘ, ਖਾਲਸਾ ਕਾਲਜ ਜਲੰਧਰ ਦੇ ਰਿਟਾਇਰਡ ਪ੍ਰੋ. ਨਿਰੰਜਨ ਸਿੰਘ ਢੇਸੀ ਅਤੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਵਿਸ਼ੇਸ਼ ਤੌ ਤੇ ਸ਼ਮੂਲੀਅਤ ਕੀਤੀ। ਸੈਮੀਨਾਰ ਦਾ ਉਦਘਾਟਨ ਏ. ਜੀ. ਪੀ. ਸੀ. ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਵੱਲੋਂ ਕੀਤਾ ਗਿਆ। ਡਾ. ਦਲਜੀਤ ਸਿੰਘ ਨੇ ਸਿੱਖ ਕੌਮ ਲਈ ਵੱਖਰੇ ਸਿੱਖ ਮੈਰਿਜ ਐਕਟ ਦੀ ਲੋੜ 'ਤੇ ਬੋਲਦਿਆਂ ਕਿਹਾ ਕਿ ਜਿੱਥ ਹਿੰਦੂਆਂ, ਮੁਸਲਮਾਨਾਂ ਅਤੇ ਬੋਧੀਆਂ ਦੇ ਵਿਆਹ ਉਹਨਾਂ ਦੇ ਆਪਣੇ ਮੈਰਿਜ ਐਕਟਸ ਅਧੀਨ ਦਰਜ ਹੁੰਦੇ ਹਨ, ਉਥੇ ਹੀ ਸਿੱਖ ਕੌਮ ਦੀ ਵੱਖਰੀ ਹੋਂਦ ਲਈ ਸਿੱਖਾਂ ਦਾ ਆਪਣਾ ਵੱਖਰਾ ਮੈਰਿਜ ਐਕਟ ਹੋਣਾ ਬਹੁਤ ਜ਼ਰੂਰੀ ਹੈ। ਪ੍ਰੋ. ਨਿਰੰਜਨ ਸਿੰਘ ਢੇਸੀ ਨੇ ਜਿੱਥੇ ਦਸਵੇਂ ਪਾਤਸ਼ਾਹ ਦੇ ਜੀਵਨ ਤੋਂ ਸੰਗਤ ਨੂੰ ਜਾਣੂ ਕਰਵਾਇਆ, ਉਥੇ ਓਹਨਾਂ ਕਿਹਾ ਕਿ ਅੱਜ ਸਿੱਖ ਕੌਮ ਦਸਵੇਂ ਪਾਤਸ਼ਾਹ ਵੱਲੋਂ ਦਿੱਤੇ ਨਿਆਰੇ ਸਿ-ਧਾਂਤਾਂ ਨੂੰ ਛੱਡ ਕੇ ਬ੍ਰਾਹਮਣਵਾਦ ਦੇ ਉਹਨ ਾਂ ਕਰਮਕਾਂਡਾਂ ਵਿਚ ਫਸਦੀ ਚਲੀ ਜਾ ਰਹੀ ਹੈ। ਬ੍ਰਾਹਮਣਵਾਦ ਦੇ ਗਲਬ ੇ ਤੋਂ ਕੌਮ ਨੂੰ ਮੁਕਤ ਕਰਵਾਉਣ ਲਈ ਉਹਨਾਂ ਸਿੱਖ ਡਾਇਸਪੋਰਾ ਨੂੰ ਅਹਿਮ ਯੋਗਦਾਨ ਪਾਉਣ ਲਈ ਪ੍ਰੇਰਿਆ।




ਡਾ. ਅਮਰਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਤੇ 1973 ਤੋਂ ਅੱਜ ਤੱਕ ਸਿੱਖ ਕੌਮ ਸਾਹਮਣੇ ਆਈਆਂ ਸਮੱਸਿਆਵਾਂ ਬਾਰੇ ਤੁਲਨਾਤਮਕ ਤਰੀਕੇ ਨਾਲ ਦੱਸਿਆ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਿੱਖਾਂ ਦਾ ਕੋਈ ਵੀ ਮਸਲਾ ਖਾਲਿਸਤਾਨ ਦੀ ਪ੍ਰਾਪਤੀ ਬਿਨਾਂ ਹੱਲ ਨਹੀਂ ਹੋ ਸਕਦਾ।

ਉਹਨਾਂ ਕਿਹਾ ਕਿ ਅੱਜ ਸਿੱਖਾਂ ਵੱਲੋਂ ਆਪਣੇ ਹੱਕਾਂ ਦੀ ਮੰਗ ਕਰਨ ਨੂੰ ਹੀ ਅੱਤਵਾਦ ਦੇ ਖਾਤੇ ਵਿਚ ਪਾਇਆ ਜਾ ਰਿਹਾ ਹੈ ਅਤੇ ਪੰਜਾਬ ਦੇ ਮੌਜੂਦਾ ਹਾਲਾਤਾਂ ਤੋਂ ਇਹ ਭਾਂਪਿਆ ਜਾ ਸਕਦਾ ਹੈ ਕਿ ਏਜੰਸੀਆਂ ਵੱਲੋਂ ਪੰਜਾਬ ਨੂੰ ਬਲਦੀ ਦੇ ਬੂਥੇ ਵਿਚ ਧੱਕਣ ਲਈ ਯਤਨ ਕੀਤੇ ਜਾ ਰਹੇ ਹਨ।

# ਦੂਜੇ ਲਾਹੌਰ ਸਾਜਿਸ਼ ਕੇਸ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ਫਰਿਜ਼ਨੋ ਦਾ 16ਵਾਂ ਗਦਰੀ ਮੇਲਾ

**ਫਰਿਜ਼ਨੋਂ (ਕੁਲਵੀਰ ਹੇਅਰ)-** ਪਿਛਲੇ ਦਿਨੀਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੀ ਇਕ ਅਹਿਮ ਮੀਟਿੰਗ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਮਹਾਨ ਦੇਸ਼ ਭਗਤ ਅਜ਼ਾਦੀ ਘੁਲਾਟੀਏ ਏ ਬੀ ਬਰਧਨ ਨੂੰ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਫਰਿਜ਼ਨੋਂ ਵਿਖੇ ਮਾਰੇ ਗਏ ਗੁਰਚਰਨ ਸਿੰਘ ਗਿੱਲ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਨਾਲ ਹੀ ਅਮਰੀਕਾ ਵਿਚ ਹੁੰਦੀਆਂ ਨਸਲੀ ਹਿੰਸਕ ਘਟਨਾਵਾਂ ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਇਹਨਾਂ ਦਾ ਡਟਵਾਂ ਵਿਰੋਧ ਕੀਤਾ ਗਿਆ। ਇਸ ਮੀਟਿੰਗ ਵਿਚ ਫੋਰਮ ਦੇ ਮੈਂਬਰ ਸਪੋਟਰ ਅਤੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਇਸਤਰੀ ਵਿੰਗ ਦੀਆਂ ਬੀਬੀਆਂ ਨੇ ਹਿੱਸਾ ਲਿਆ। ਮੀਟਿੰਗ ਵਿਚ ਜਿਥੇ ਪਿਛਲੇ ਮੇਲਿਆਂ ਅਤੇ ਫੋਰਮ ਵਲੋਂ ਕਰਵਾਏ ਜਾਂਦੇ ਹੋਰ ਸਮਾਗਮਾਂ ਦੀ ਸਮੀਖਿਆ ਕੀਤੀ ਗਈ ਉਥੇ ਇਸ ਵਰ੍ਹੇ ਦਾ 16ਵਾਂ ਗਦਰੀ ਮੇਲਾ, ਦੂਜੇ ਲਹੌਰ ਸਾਜ਼ਿਸ਼ ਕੇਸ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਕਰਨ ਦਾ ਫੈਸਲਾ ਵੀ ਲਿਆ ਗਿਆ। ਇਹ 16ਵਾਂ ਮੇਲਾ 27 ਮਾਰਚ 2016 ਦਿਨ ਐਤਵਾਰ ਨੂੰ ਹਰ ਸਾਲ ਦੀ ਤਰ੍ਹਾਂ ਰੀਜੈਂਸੀ ਪੈਲੇਸ ਵਿਖੇ ਹੋਵੇਗਾ ਜਿਸ ਵਿਚ ਮੁੱਖ ਮਹਿਮਾਨ ਡਾ. ਬੀਬੀ ਰਘੁਬੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਹੋਣਗੇ। ਇਸ ਤੋਂ ਇਲਾਵਾ ਉੱਚ ਕੋਟੀ ਦੇ ਬੁਲਾਰੇ, ਬੱਚਿਆਂ ਦੁਆਰਾ ਕਵਿਤਾਵਾਂ, ਭਾਸ਼ਣ, ਗਿੱਧਾ, ਭੰਗੜਾ ਅਤੇ ਪ੍ਰਸਿੱਧ ਕਲਾਕਾਰਾਂ ਦੁਆਰਾ ਦੇਸ਼ ਭਗਤਾਂ ਅਤੇ ਗਦਰੀਆਂ ਨੂੰ ਗੀਤਾਂ ਰਾਹੀਂ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਫੋਰਮ ਦੇ ਸਮੂਹ ਮੈਂਬਰਾਂ ਨੇ ਸਾਰੀ ਭਾਰਤੀ ਕਮਿਉਨਿਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਪੰਦਰਾਂ ਮੇਲਿਆਂ ਦੌਰਾਨ ਸਹਿਯੋਗ ਦਿੱਤਾ ਇਸ ਵਾਰ ਵੀ ਸਮੂਹ ਭਾਈਚਾਰੇ ਤੋਂ ਉਹੋ ਜਿਹੇ ਸਹਿਯੋਗ ਦੀ ਆਸ ਕਰਦੇ ਹਾਂ।



ਪਿਛਲੇ ਮੇਲੇ ਦੌਰਾਨ ਫੌਰਮ ਦੇ ਮੈਂਬਰ ਅਤੇ ਮੋਹਤਬਰ ਸ਼ਖਸ਼ੀਅਤਾਂ

# ਡਾ. ਜੋਸਫ ਕੈਸਟਰੋ ਸਿਲਮਾ ਵਿਖੇ ਪੰਜਾਬੀਆਂ ਦੇ ਰੂਬਰੂ ਹੋਏ

**ਸਿਲਮਾ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਕੁਲਪਤੀ ਡਾ. ਜੋਸਫ ਕੈਸਟਰੋ ਲੰਘੇ ਮੰਗਲਵਾਰ ਸਥਾਨਿਕ ਗੁਰਦੁਆਰਾ ਪੈਸੇਫਿਕ ਕੋਸਟ ਸਿੱਖ ਸੈਂਟਰ ਵਿਖੇ ਪੰਜਾਬੀ ਕਮਿਉਨਟੀ ਨੂੰ ਮਿਲਣ ਲਈ ਪਹੁੰਚੇ। ਇਸ ਮੌਕੇ ਹਰ ਖਿੱਤੇ ਨਾਲ ਜੁੜੇ ਪੰਜਾਬੀ ਭਾਰੀ ਗਿਣਤੀ ਵਿੱਚ ਡਾ. ਕੈਸਟਰੋ ਦੇ ਵਿਚਾਰ ਸੁਣਨ ਲਈ ਆਏ ਹੋਏ ਸਨ। ਇਸ ਮੌਕੇ ਮੀਟਿੰਗ ਦੀ ਸੁਰੂਆਤ ਪੰਜਾਬੀ ਕਮਿਉਨਟੀ ਦੇ ਸਿਰਕੱਢ ਆਗੂ ਇਕਬਾਲ ਸਿੰਘ ਗਰੇਵਾਲ ਨੇਂ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਮੀਟਿੰਗ ਵਿੱਚ ਮੁੱਖ ਮੁੱਦਾ ਪੰਜਾਬ ਐਗ੍ਰੀਕਲਚਰ ਯੂਨੀਵਰਸਿਟੀ ਨੂੰ ਫਰਿਜ਼ਨੋ ਸਟੇਟ ਯੂਨੀਵਰਸਿਟੀ ਦੀ ਸਿਸਟਰ ਯੂਨੀਵਰਸਿਟੀ ਦਾ ਦਰਜਾ ਦਵਾਉਣ ਅਤੇ ਕਿਰਸਾਨ ਦਰਪੇਸ਼ ਸਮੱਸਿਆਵਾਂ ਦੇ ਇਰਦ ਗਿਰਦ ਰਿਹਾ ਅਤੇ ਬੁਲਾਰਿਆਂ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਅਤੇ ਪ੍ਰੈਜੀਡੈਂਟ ਓਬਾਮਾਂ ਵਿਚਾਲੇ ਦੋਵਾਂ ਦੇਸ਼ਾਂ ਦੀ ਕਿਰਸਾਨੀ ਦੇ ਭਲਾਈ ਲਈ ਹੋਏ ਸਮਝੌਤਿਆਂ ਨੂੰ ਜਲਦ ਲਾਗੂ ਕਰਨ ਦੀ ਗੱਲ ਵੀ ਦੁਹਰਾਈ। ਇਸ ਮੌਕੇ ਫਰਿਜ਼ਨੋ ਸਟੇਟ ਯੂਨੀਵਰਸਿਟੀ ਵਿੱਚ ਗੁਰੂ ਨਾਨਕ ਦੇਵ ਚੇਅਰ ਸਥਾਪਿਤ ਕਰਨ ਸਬੰਧੀ ਵੀ ਵਿਚਾਰਾ ਹੋਈਆ। ਡਾ. ਕੈਸਟਰੋ ਦਾ ਸਾਰੇ ਮੁੱਦਿਆ ਸਬੰਧੀ ਨਜ਼ਰੀਆਂ ਹਾਂ ਪੱਖੀ ਰਿਹਾ ਅਤੇ ਉਹਨਾਂ ਵਾਅਦਾ ਕੀਤਾ ਕਿ ਬਹੁਤ ਜਲਦ ਇਹ ਕਾਰਜ ਨੇਪਰੇ ਚਾੜੇ ਜਾਣਗੇ। ਡਾ. ਕੈਸਟਰੋ ਨੇ ਦੱਸਿਆ ਕਿ ਉਹਨਾਂ ਦਾ ਪਰਿਵਾਰ ਵੀ ਮੈਕਸੀਕੋ ਤੋਂ ਹਿਜਰਤ ਕਰਕੇ ਕੈਲੇਫੋਰਨੀਆਂ ਆਇਆ ਸੀ ਅਤੇ ਉਹਨਾਂ ਦੇ ਪਿਉ ਦਾਦਿਆ ਨੇ ਸਖਤ ਮਿਹਨਤ ਕੀਤੀ ਅਤੇ ਅੱਜ ਉਹ ਖੁਸ਼ੀਆਂ ਭਰਿਆਂ ਵਿਆਹੁਤਾ ਜੀਵਨ ਬਤੀਤ ਕਰ ਰਹੇ ਹਨ। ਉਹਨਾਂ ਪੰਜਾਬੀ ਭਾਈਚਾਰੇ ਦੀ ਸੈਂਟਰਲ ਵੈਲੀ ਦੀ ਤਰੱਕੀ ਵਿੱਚ ਪਾਏ ਯੋਗਦਾਨ ਸਬੰਧੀ ਭਰਪੂਰ ਸਲਾਘਾ ਕੀਤੀ। ਬੋਲਣ ਵਾਲੇ ਬੁਲਾਰਿਆ ਵਿੱਚ ਡਾ. ਨਿੰਦੀ ਸੰਧੂ, ਡਾ. ਮਹਿੰਦਰ ਸਿੰਘ ਪੂੰਨੀਆ, ਡਾ ਸ਼ਰਨਜੀਤ ਸਿੰਘ ਪੁਰੇਵਾਲ ਆਦਿ ਨੇ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਪੰਜਾਬੀ ਕਮਿਉਨਟੀ ਦੀ ਤਰਫ਼ੋ ਗੁਰੂਘਰ ਦੇ ਸੈਕਟਰੀ ਹਰਨਿੰਦਰ ਸਿੰਘ ਗਿੱਲ ਨੇ ਸ਼੍ਰੀ ਹਰਿਮੰਦਰ ਸਹਿਬ ਅੰਮ੍ਰਿਤਸਰ ਦੀ ਤਸਵੀਰ ਡਾ. ਕੈ-ਸਟਰੋ ਨੂੰ ਭੇਂਟ ਕੀਤੀ ਗਈ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ ਅਤੇ ਕਰਨਲ ਹਰਦੇਵ ਸਿੰਘ ਆਦਿ ਮੌਜੂਦ ਸਨ।





## ਡਾ. ਅੰਬੇਦਕਰ ਸੁਸਾਇਟੀ ਨੇ ਐਸ.ਪੀ. ਨੂੰ ਦਿੱਤਾ ਮੈਮੋਰੰਡਮ

**ਖੰਨਾ (ਬਿਊਰੋ)-** ਡਾ. ਅੰਬਦਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ ਖੰਨਾ ਪਿਛਲੇ ਲੰਮੇ ਸਮੇਂ ਤੋਂ ਦਲਿਤ ਵਰਗ ਅਤੇ ਦੱਬੇ-ਕੁਚਲ ੇ ਲੋਕਾਂ ਦੀ ਸਮਾਜਿਕ ਕੰਮਾਂ ਲਈ ਸੇਵਾ ਕਰਦੀ ਆ ਰਹੀ ਹੈ। ਇਸ ਕਾਰਨ ਸਰਕਾਰ ਅਤੇ ਸਮਾਜ ਦੇ ਦਾਨੀ ਸੱਜਣਾਂ ਅਤੇ ਸੁਸਾਇਟੀ ਦੇ ਮੈਂਬਰਾਂ ਵੱਲੋਂ ਡਾ. ਅੰਬਦਕਰ ਭਵਨ ਦੀ ਸਥਾਪਨਾ ਕੀਤੀ ਗਈ ਹੈ। ਇਸ ਭਵਨ ਵਿਚ ਕੁਝ ਗੈਰ ਸਮਾਜਿਕ ਤੱਤਾਂ ਦੇ ਸ਼ੀਸ਼ੇ ਆਦਿ ਤੋੜ ਦਿੱਤੇ ਹਨ। ਇਸ ਦੌਰਾਨ ਪ੍ਰਧਾਨ ਜਸਵੰਤ ਸਿੰਘ ਮਿੱਤਰ ਨੇ ਡਾ. ਅੰਬੇਦਕਰ ਸੁਸਾਇਟੀ ਦੀਆਂ ਮੰਗਾਂ ਗਿਣਾਈਆਂ। ਉਹਨਾਂ ਦੱਸਿਆ ਕਿ ਅੰ-ਬੇਦਕਰ ਮਿਸ਼ਨ ਸੁਸਾਇਟੀ ਇਸ ਬਿਲਡਿੰਗ ਵਿਚ ਡਾ. ਭੀਮ ਰਾਓ ਅੰਬੇਦਕਰ ਜੀ ਦੇ ਨਾਂ ਤੇ ਲਾਇਬ੍ਰੇਰੀ ਬਣਾਉਣਾ ਚਾਹੁੰਦੀ ਹੈ। ਦਲਿਤ ਵਰਗ ਦੀਆਂ ਗਰੀਬ ਲੜਕੀਆਂ ਦੇ ਲਈ ਇਕ ਕੰਪਿਊਟਰ ਟ੍ਰੇਨਿੰਗ ਸੈਂਟਰ ਖੋਲ੍ਹਣਾ ਚਾਹੁੰਦੀਆਂ ਹਨ। ਪੜ੍ਹਾਈ ਵਿਚ ਗਰੀਬ ਅਤੇ ਕਮਜ਼ੋਰ ਬੱਚਿਆਂ ਨੂੰ ਯੋਗ ਬਣਾਉਣ ਲ ਈ ਇਕ ਟਿਊਸ਼ਨ ਸੈਂਟਰ ਵੀ ਬਣਾਉਣਾ ਚਾਹੁੰਦੀਆਂ ਹਨ। ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਨ ੇ ਕਿਹਾ ਕਿ ਤੁਹਾਡੇ ਵੱਲੋਂ ਪਹਿਲਾਂ ਵੀ 2 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ ਅਤੇ ਇਸ ਵਾਰ ਤੁਹਾਨੂੰ ਘੱਟ ਤੋਂ ਘੱਟ 5 ਲੱਖ ਰੁਪਏ ਦੀ ਗਰਾਂਟ ਦ ੇ ਕੇ ਇਨਾਂ ਕੰਮਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨਾ ਹੋਵੇਗਾ।

# ਗੈਰ ਕਾਨੂੰਨੀ ਮਨੁੱਖੀ ਤਸਕਰੀ ਲਈ ਜ਼ੁੰਮੇਵਾਰ ਏਜੰਟਾਂ ਤੇ ਕਤਲ ਦੇ ਮੁਕੱਦਮੇ ਦਰਜ ਕੀਤੇ ਜਾਣ-ਚਾਹਲ

**ਜਲੰਧਰ (ਬਿਊਰੋ)–** ਅਮਰੀਕਾ ਨੂੰ ਗੈਰ ਕਨੂੰਨੀ ਤੌਰ ਤੇ ਜਾ ਰਹੇ ਕੁਝ ਨੌਜਵਾਨਾਂ ਦੇ ਪਨਾਮਾ ਸਮੁੰਦਰ ਵਿਚ ਡੁਬ ਜਾਣ ਦੀਆਂ ਖਬਰਾਂ ਉਪਰ ਆਪਣੇ ਦੁਖ ਦਾ ਪਰਗਟਾਵਾ ਕਰਦਿਆਂ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਇਸ ਦੁਖਦਾਈ ਘਟਨਾ ਤੋਂ ਬਾਅਦ ਸਰਕਾਰ ਵਲੋਂ ਘਟਨਾ ਸਥਲ ਤੇ ਭੇਜੀ ਜਾਣ ਵਾਲੀ ਵਿਸ਼ੇਸ਼ ਟੀਮ ਦਾ ਮਤਲਬ ਈਦ ਪਿਛੋਂ ਤੰਬਾ ਫੂਕਣ ਦੇ ਬਰਾਬਰ ਹੈ।

ਸ: ਚਾਹਲ ਨੇ ਕਿਹਾ ਕਿ ਪੰਜਾਬ ਅੰਦਰ ਗੈਰ ਕਨੂੰਨੀ ਮਨੁਖੀ ਤਸਕਰੀ ਨੂੰ ਰੋਕਣ ਲਈ ਬਹੁਤ ਸਾਰੇ ਕਨੂੰਨ ਤਾਂ ਬਣੇ ਹੋਏ ਹਨ ਪਰ ਇਹਨਾਂ ਕਨੂੰਨਾਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ਜਿਸ ਕਾਰਣ ਅਜ ਇਹ ਨੌ- ਜਵਾਨ ਮੌਤ ਦੇ ਮੂੰਹ ਵਿਚ ਚਲੇ ਗਏ ਹਨ। ਸ: ਚਾਹਲ ਨੇ ਦਸਿਆ ਕਿ ਉਹ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੇ ਮੰਤਰੀਆਂ ਦੇ ਧਿਆਨ ਵਿਚ ਜਿਥੇ ਇਹ ਮਸਲਾ ਧਿਆਨ ਵਿਚ ਲਿਆਉਂਦੇ ਆ ਰਹੇ ਹਨ ਉਥੇ ਇਸ ਸਮੱਸਿਆ ਦੇ ਹਲ ਲਈ ਕੇਰਲਾ ਤੇ ਮਹਾਂਰਾਸ਼ਟਰ ਵਾਂਗ ਉਵਰਸੀਜ ਮੈਨਪਾਵਰ ਐਕਸਪੋਰਟ ਕਾਰਪੋਰੇਸ਼ਨ ਬਣਾਉਣ ਤੇ ਵੀ ਜੋਰ ਦਿੰਦੇ ਆ ਰਹੇ ਹਨ। ਸ: ਚਾਹਲ ਨੇ ਦਸਿਆ ਕਿ 2014 ਦੇ ਜਨਵਰੀ ਮਹੀਨੇ ਦੌਰਾਨ ਜਦ ਉਹ ਕੇਂਦਰ ਦੇ ਪਰਵਾਸੀ



ਮਾਮਲਿਆਂ ਬਾਰੇ ਮੰਤਰੀ ਤੇ ਹੋਰ ਉਚ ਅਧਿਕਾਰੀਆਂ ਨਾਲ ਇਸ ਮਸਲੇ ਬਾਰੇ ਹੋਈ ਮੀਟਿੰਗ ਦੌਰਾਨ ਇਹ ਮਸਲਾ ਜੋਰ ਨਾਲ ਉਠਾਇਆ ਸੀ।ਇਸ ਮੀਟਿੰਗ ਤੋਂ ਬਾਅਦ ਕੇਂਦਰ ਸਰਕਾਰ ਨੇ ਆਪਣੀ ਐਕਸ਼ਨ ਟੇਕਿੰਗ ਰਿਪੋਰਟ ਦੇ ਸੀਰੀਅਲ ਨੰਬਰ 16 (ਕਿਰਪਾ ਨਾਲ ਨੱਥੀ ਰਿਪੋਰਟ ਵੇਖੋ) ਤੇ ਦਰਜ ਤਾਂ ਕਰ ਲਿਆ ਸੀ ਪਰ ਅਜੇ ਤਕ ਇਹ ਰਿਪੋਰਟ ਕਾਗਜਾਂ ਦਾ ਹਿੱਸਾ ਹੀ ਬਣੀ ਹੋਈ ਹੋਈ ਹੈ।ਸ: ਚਾਹਲ ਨੇ ਇਸ ਗਲ ਦਾ ਵੀ ਦੁਖ ਪਰਗਟ ਕੀਤਾ ਕਿ ਜਦ ਉਹ ਅਮਰੀਕਾ ਦੀ ਟੈਕਸਾਸ ਸਟੇਟ ਦੀ ਐਲਪਾਸੋ ਜੇਲ ਵਿਚ ਨਜਰਬੰਦ ਪੰਜਾਬੀਆਂ ਨੌਜਵਾਨਾਂ ਨੂੰ ਮਿਲੇ ਸਨ ਉਸ ਵਕਤ ਉਹਨਾਂ ਨੇ ਪੰਜਾਬ ਵਿਚੋਂ ਗੈਰ ਕਨੂੰਨੀ ਮਨੁਖੀ ਤਸਕਰੀ ਵਿਚ ਲਗੇ ਹੋਏ ਏਜੰਟਾਂ ਦੇ ਨਾਮ,ਐਡਰੈਸ ਤੇ ਸੰਪਰਕ ਨੰਬਰ ਪੰਜਾਬ ਦੇ ਅਧਿਕਾਰੀਆਂ ਨੂੰ ਭੇਜੇ ਸਨ ਪਰ ਅਜੇ ਤਕ ਉਹਨਾਂ ਦੀ ਜਾਣਕਾਰੀ ਅਨੁਸਾਰ ਇਹ ਏਜੰਟ ਅਜੇ ਵੀ ਆਪਣੇ ਕਾਰੋਬਾਰ ਵਿਚ ਲਗੇ ਹੋਏ ਹਨ ।

ਸ: ਚਾਹਲ ਨੇ ਪੰਜਾਬ ਦੇ ਲੋਕਾਂ ਤੇ ਪੰਜਾਬ ਸਰਕਾਰ ਨੂੰ ਸਾਵਧਾਨ ਕਰਦਿਆਂ ਕਿਹਾ ਕਿ ਜੇਕਰ ਅਜੇ ਵੀ ਗੈਰ ਕਨੂੰਨੀ ਤੌਰ ਤੇ ਮਨੁਖੀ ਤਸਕਰੀ ਵਿਚ ਲਗੇ ਹੋਏ ਏਜੰਟਾਂ ਨੂੰ ਜਲਦੀ ਤੋਂ ਜਲਦੀ ਨੱਥ ਨਾ ਪਾਈ ਗਈ ਤਾਂ ਜਿਸ ਮਾਲਟਾ/ਪਨਾਮਾ ਵਰਗੇ ਕਾਂਡ ਹੋਰ ਵਾਪਰ ਜਾਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਨਸਲੀ ਭੇਦਭਾਵ ਦੇ ਸ਼ਿਕਾਰ ਨੌਜਵਾਨਾਂ ਨੇ 90 ਲੱਖ ਡਾਲਰ ਦਾ ਦਾਅਵਾ ਕੀਤਾ

**ਨਿਊਯਾਰਕ–** ਇਕ ਸਿੱਖ ਨੌਜਵਾਨ ਸ਼ਾਨ ਆਨੰਦ, ਜਿਸ ਨੂੰ ਉਸ ਦੇ ਤਿੰਨ ਹੋਰ ਮੁਸਲਮਾਨ ਦੋਸਤਾਂ ਨਾਲ ਨਸਲੀ ਭੇਦਭਾਵ ਤਹਿਤ ਅਮਰੀਕੀ ਏਅਰਲਾਈਨਜ਼ ਵਿੱਚੋਂ ਲਾਹ ਦਿੱਤਾ ਗਿਆ ਸੀ, ਨੇ ਹਵਾਈ ਕੰਪਨੀ ਖ਼ਿਲਾਫ਼ 90 ਡਾਲਰ ਹਰਜਾਨੇ ਦਾ ਕੇਸ ਪਾ ਦਿੱਤਾ ਹੈ। ਬੀਤੇ ਮਹੀਨੇ ਸ਼ਾਨ ਆਪਣੇ ਤਿੰਨ ਮੁਸਲਮਾਨ ਮਿੱਤਰਾਂ, ਜੋ ਬੰਗਲਾਦੇਸ਼ ਤੇ ਅਰਬ ਮੂਲ ਦੇ ਸਨ, ਟੋਰਾਂਟੋ ਤੋਂ ਨਿਊਯਾਰਕ ਲਈ ਜਹਾਜ਼ 44718 ਵਿੱਚ ਬੈਠੇ ਸਨ। ਭਾਵੇਂ ਇਹ ਸਾਰੇ ਅਮਰੀਕੀ ਨਾਗਰਿਕ ਹਨ, ਪ੍ਰੰਤੂ ਇਨ੍ਹਾਂ ਦੀ ਮੌਜੂਦਗੀ ਪਾਇਲਟ ਨੂੰ ਨਾਗਵਾਰ ਗੁਜ਼ਰੀ ਤੇ ਉਸ ਨੇ ਸਟਾਫ ਨੂੰ ਕਹਿ ਕੇ ਇਨ੍ਹਾਂ ਨੂੰ ਲਾਹ ਦਿੱਤਾ।

ਕੇਸ ਮੁਤਾਬਕ ਜਦੋਂ ਉਹ ਜਹਾਜ਼ ਵਿੱਚ ਬੈਠੇ ਸਨ ਤਾਂ ਉਡਾਣ ਭਰਨ ਮੌਕੇ ਇਕ ਗੋਰੀ ਅਟੈਂਡੈਂਟ ਉਨ੍ਹਾਂ ਕੋਲ ਆਈ ਤੇ ਉਨ੍ਹਾਂ ਨੂੰ ਜਹਾਜ਼ ਵਿੱਚੋਂ ਬਾਹਰ ਜਾਣ ਲਈ ਆਖ ਦਿੱਤਾ। ਜਦੋਂ ਸਟਾਫ ਤੋਂ ਉਨ੍ਹਾਂ ਨਾਲ ਅਜਿਹਾ ਵਿਹਾਰ ਕਰਨ ਬਾਰੇ ਪੁੱਛਿਆ ਤਾਂ ਉਸ ਗੋਰੀ ਨੇ ਕਿਹਾ,'ਤੁਸੀਂ ਬਾਹਰ ਚਲੇ ਜਾਓ'। ਉਸ ਨੇ ਇਹ ਵੀ ਕਿਹਾ ਕਿ ਉਨ੍ਹਾਂ ਚਾਰਾਂ ਦੀ ਮੌਜੂਦਗੀ ਨਾਲ ਬਾਕੀ ਦੇ ਯਾਤਰੀ ਖਾਸ ਤੌਰ 'ਤੇ ਪਾਇਲਟ ਸਹਿਜ ਮਹਿਸੂਸ ਨਹੀਂ ਕਰ ਰਹੇ। ਐਨੇ ਨੂੰ ਹੋਰ ਯਾਤਰੀ ਵੀ ਉਥੇ ਆ ਗਏ ਤੇ ਉਨ੍ਹਾਂ ਨੇ ਆਨੰਦ ਤੇ ਹੋਰਨਾਂ 'ਤੇ ਨਸਲੀ ਫਿਕਰੇ ਕਸੇ ਤੇ ਕਿਹਾ ਜੇ ਉਹ ਨਾ ਉਤਰੇ ਤਾਂ ਜਹਾਜ ਉਡਾਣ ਨਹੀਂ ਭਰੇਗਾ। ਉਨ੍ਹਾਂ ਦੇ ਉਤਰਨ ਬਾਅਦ ਹੀ ਜਹਾਜ਼ ਨੇ ਉਡਾਣ ਭਰੀ। ਇਨ੍ਹਾਂ ਨੇ ਰਿਪਬਲਿਕ ਏਅਰਵੇਜ਼ ਖ਼ਿਲਾਫ਼ ਹਰਜਾਨੇ ਦਾ ਕੇਸ ਪਾ ਦਿੱਤਾ ਹੈ।

ਇਹ ਕੰਪਨੀ ਅਮਰੀਕੀ ਏਅਰਲਾਈਨਜ਼ ਦੀ ਭਾਈਵਾਲ ਹੈ। ਰਿਪਬਲਿਕ ਏਅਰਵੇਜ਼ ਨੇ ਇਸ ਕੇਸ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਜਦੋਂ ਕਿ ਅਮਰੀਕਨ ਏਅਰਲਾਈਨਜ਼ ਮਾਮਲੇ ਦੀ ਘੋਖ ਕਰ ਰਹੀ ਹੈ।

# ਲਕਸ਼ੈ ਖਜਾਨ ਸਿੰਘ ਪਹੁੰਚੇ ਬੀ.ਕੇ.ਚੌਂਕ

**ਫਰੀਦਾਬਾਦ (ਬਿਊਰੋ)–** ਹਰਿਆਣੇ ਵਿਚ ਸਮਾਜਿਕ ਕ੍ਰਾਂਤੀ ਨੂੰ ਸਮਰਪਿਤ ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਯੂਥ ਟੀਮ ਤੇਲੰਗਾਨਾ ਵਿਚ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਵਿਚ ਪੀ. ਐਚ. ਡੀ. ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੁਆਰਾ ਕੀਤੀ ਗਈ ਆਤਮ ਹੱਤਿਆ ਦੇ ਮਾਮਲੇ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੀ ਹੈ। ਸਾਰੇ ਨੌਜਵਾਨ ਸਾਥੀਆਂ ਨੂੰ ਅਪੀਲ ਹੈ ਕਿ ਸਾਰੇ ਸਾਥੀ ਵਿਰੋਧ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਣ ਲਈ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਵਿਚ ਪਹੁੰਚੇ।

ਸਮਾਜ ਦੇ ਬੁੱਧੀਜੀਵੀ ਅਤੇ ਜਾਗਰੂਕ ਭਰਾਵਾਂ-ਭੈਣਾਂ ਨੂੰ ਵਿਸ਼ੇਸ਼ ਤੌਰ ਤੇ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ।

# ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੇ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਆਨਰ ਰੋਲ ਸਰਟੀਫਿਕੇਟ ਤਕਸੀਮ ਕੀਤੇ ਗਏ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਭਾਈਚਾਰੇ ਵੱਲੋਂ ਚਲਾਇਆ ਜਾਂਦਾ ਕੈਲੀਫੋਰਨੀਆ ਦਾ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਵਿਚ ਇਸ ਵਰ੍ਹੇ ਦੇ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਆਨਰ ਰੋਲ ਸਰਟੀਫਿਕੇਟ ਤਕਸੀਮ ਕੀਤੇ ਗਏ।ਇਹਨਾਂ ਬੱਚਿਆਂ ਵਿਚ ਜਿਹਨਾਂ ਦੀ ਬੀ. ਕੰਨਟੈਸਟ ਵਿਚ ਸਿਲੈਕਸ਼ਨ ਹੋਈ ਜਾਂ ਹੋਰ ਮੁਕਾਬਲਿਆਂ ਵਿਚ ਅੱਵਲ ਰਹੇ, ਉਹਨਾਂ ਨੂੰ ਸਰਟੀਫਿਕੇਟ ਦੇਣ ਦੀ ਰਸਮ ਸਕੂਲ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ, ਸਕੂਲ ਦੇ ਚੇਅਰਮੈਨ ਤੀਰਥਪਾਲ ਸਿੰਘ ਸੰਧੂ, ਸੁਰਜੀਤ ਸਿੰਘ ਢਿੱਲੋਂ, ਦਰਸ਼ਨ ਸਿੰਘ ਮੁੰਡੀ, ਭਜਨ ਸਿੰਘ ਭਿੰਡਰ, ਪ੍ਰਿੰਸੀਪਲ ਸ਼ੀਲਾ ਗਿਬਸਨ ਅਤੇ ਵਾਈਸ ਪ੍ਰਿੰਸੀਪਲ ਪ੍ਰੋ. ਅਮਰੀਕ ਸਿੰਘ ਨੇ ਨਿਭਾਈ। ਸਕੂਲ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਨੇ ਦੱਸਿਆ ਕਿ ਇਹਨਾਂ ਬੱਚਿਆਂ ਵਿਚੋਂ ਇਕ ਲੜਕੀ ਸਟੇਟ ਵਾਸਤੇ ਵੀ ਚੁਣੀ ਗਈ ਹੈ ਜੋ ਕਿ ਇਸ ਸਕੂਲ ਵਾਸਤੇ ਮਾਣ ਵਾਲੀ ਗੱਲ ਹੈ। ਉਹਨਾਂ ਇਸ ਸਕੂਲ ਦੇ ਨਵੇਂ ਬਿਹਤਰੀਨ ਰਿਕ-ਾਰਡ ਦੀ ਵੀ ਜਾਣਕਾਰੀ ਦਿੰਦਿਆਂ ਕਿਹਾ ਕਿ ਕਈ ਪੁਰਾਣੇ ਸਕੂਲਾਂ ਦੇ ਰਿਕਾਰਡ ਨੂੰ ਵੀ ਸਾਡੇ ਸਕੂਲ ਨੇ ਤੋੜਿਆ ਹੈ।

# ਮਨਪ੍ਰੀਤ ਦੀ ਆਮਦ ਨਾਲ ਕਾਂਗਰਸ 'ਚ ਬਦਲੇ ਸਮੀਕਰਨ

**ਬਠਿੰਡਾ–** ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਮਨਪ੍ਰੀਤ ਸਿੰਘ ਬਾਦਲ ਕਿਸ ਵਿਧਾਨ ਸਭਾ ਹਲਕੇ ਤੋਂ ਆਗਾਮੀ ਚੋਣ ਲੜਨਗੇ? ਇਸ ਸੁਆਲ ਨੇ ਕਈ ਕਾਂਗਰਸੀ ਲੀਡਰਾਂ ਨੂੰ ਧੁੜਕੂ ਲਾ ਦਿੱਤਾ ਹੈ। ਮਨਪ੍ਰੀਤ ਬਾਦਲ ਦੀ ਸ਼ਮੂਲੀਅਤ ਮਗਰੋਂ ਸੰਸਦੀ ਹਲਕਾ ਬਠਿੰਡਾ ਵਿੱਚ ਨਵੇਂ ਸਮੀਕਰਨਾਂ ਦਾ ਮੁੱਢ ਬੱਝ ਗਿਆ ਹੈ। ਸੂਤਰਾਂ ਅਨੁਸਾਰ ਮਨਪ੍ਰੀਤ ਬਾਦਲ ਦੀ ਤਿੰਨ ਵਿਧਾਨ ਸਭਾ ਹਲਕਿਆਂ 'ਤੇ ਅੱਖ ਹੈ। ਉਹ ਗਿੱਦੜਬਹਾ, ਬਠਿੰਡਾ ਅਤੇ ਮੌੜ ਹਲਕੇ ਵਿੱਚੋਂ ਕਿਸੇ ਇੱਕ ਸੀਟ ਤੋਂ ਚੋਣ ਲੜਣ ਦੇ ਇੱਛੁਕ ਹਨ। ਸ੍ਰੀ ਬਾਦਲ ਬਿਲਕੁੱਲ ਸੁਰੱਖਿਅਤ ਸੀਟ ਨੂੰ ਤਰਜੀਹ ਦੇਣਗੇ।

ਮਨਪ੍ਰੀਤ ਬਾਦਲ ਦਾ ਕਹਿਣਾ ਸੀ ਕਿ ਉਨ੍ਹਾਂ ਕਿਸ ਹਲਕੇ ਤੋਂ ਚੋਣ ਲੜਨੀ ਹੈ, ਇਸ ਦਾ ਫ਼ੈਸਲਾ ਹਾਈਕਮਾਨ ਨੇ ਕਰਨਾ ਹੈ। ਜਿੱਥੋਂ ਵੀ ਹਾਈਕਮਾਨ ਚੋਣ ਲੜਨ ਦਾ ਹੁਕਮ ਕਰੇਗੀ, ਉਹ ਹੁਕਮ ਮੰਨਣਗੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਹ ਚੋਣ ਲੜਨ ਲਈ ਦਿਹਾਤੀ ਜਾਂ ਸ਼ਹਿਰੀ ਖੇਤਰ ਵਿੱਚੋਂ ਕਿਸ ਨੂੰ ਤਰਜੀਹ ਦੇਣਗੇ ਤਾਂ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਕੋਈ ਚੁਆਇਸ ਨਹੀਂ ਅਤੇ ਫੈਸਲਾ ਹਾਈਕਮਾਨ ਨੇ ਕਰਨਾ ਹੈ। ਦੱਸਣਯੋਗ ਹੈ ਕਿ ਮਨਪ੍ਰੀਤ ਬਾਦਲ ਹਲਕਾ ਗਿੱਦੜਬਹਾ ਤੋਂ ਚਾਰ ਦਫਾ ਵਿਧਾਇਕ ਰਹਿ ਚੁੱਕੇ ਹਨ ਅਤੇ ਹੁਣ ਵੀ ਉਹ ਇੱਥੋਂ ਟਿਕਟ ਮੰਗਣਗੇ ਪ੍ਰੰਤੂ ਇਸ ਹਲਕੇ ਤੋਂ ਰਾਜਾ ਵੜਿੰਗ ਵਿਧਾਇਕ ਹੋਣ ਕਰਕੇ ਹਾਈਕਮਾਨ ਸੋਚ ਸਮਝ ਕੇ ਫੈਸਲਾ ਲਏਗੀ। ਪੀਪਲਜ਼ ਪਾਰਟੀ ਵੱਲੋਂ ਮਨਪ੍ਰੀਤ ਸਿੰਘ ਬਾਦਲ ਨੇ 2012 ਅਸੈਂਬਲੀ ਚੋਣਾਂ ਵਿੱਚ ਗਿੱਦੜਬਾਹਾ ਅਤੇ ਮੌੜ ਹਲਕੇ ਤੋਂ ਚੋਣ ਲੜੀ ਸੀ। ਗਿੱਦੜਬਹਾ ਹਲਕੇ ਵਿੱਚੋਂ ਮਨਪ੍ਰੀਤ ਨੂੰ 18 ਹਜ਼ਾਰ ਵੋਟਾਂ ਅਤੇ ਮੌੜ ਹਲਕੇ ਤੋਂ 19 ਹਜ਼ਾਰ ਵੋਟਾਂ ਮਿਲੀਆਂ ਸਨ। ਇਸ ਮਗਰੋਂ ਲੋਕ ਸਭਾ ਚੋਣ ਵੀ ਮਨਪ੍ਰੀਤ ਬਾਦਲ ਨੇ ਬਠਿੰਡਾ ਹਲਕੇ ਤੋਂ ਕਾਂਗਰਸ ਦੀ ਹਮਾਇਤ ਨਾਲ 2014 ਵਿੱਚ ਲੜੀ ਜਿਸ ਵਿੱਚ ਉਨ੍ਹਾਂ ਨੂੰ 4.95 ਲੱਖ ਵੋਟਾਂ ਪ੍ਰਾਪਤ ਹੋਈਆਂ ਅਤੇ ਉਹ 19,395 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਸੂਤਰ ਆਖਦੇ ਹਨ ਕਿ ਮਨਪ੍ਰੀਤ ਬਾਦਲ ਵੀ ਬਠਿੰਡਾ ਸ਼ਹਿਰੀ ਹਲਕੇ ਨੂੰ ਸੁਰੱਖਿਅਤ ਹਲਕਾ ਸਮਝਦੇ ਹਨ।

# ਦਲਿਤ ਵਿਦਿਆਰਥੀ ਦੁਆਰਾ ਕੀਤੀ ਆਤਮ ਹੱਤਿਆ ਵਿਰੁੱਧ ਸਾਰੇ ਭਾਰਤ ਵਿਚ ਰੋਸ ਦੀ ਲਹਿਰ

**(ਸਫਾ 1 ਦੀ ਬਾਕੀ)**

ਚਿੱਠੀ ਪੱਤਰ ਦਾ ਅਰਥ ਦਬਾਅ ਪਾਉਣਾ ਨਹੀਂ ਹੁੰਦਾ। ਮੰਤਰਾਲੇ ਨੇ ਕਿਹਾ ਕਿ ਉਸ ਦੀ ਦੋ ਮੈਂਬਰੀ ਟੀਮ ਨੇ ਅੱਜ ਹੈਦਰਾਬਾਦ ਨਾਲ ਸਬੰਧਿਤ ਲੋਕਾਂ ਨਾਲ ਮੁਲਾਕਾਤ ਕੀਤੀ ਤੇ ਭਲਕੇ ਉਨ੍ਹਾਂ ਦੀ ਵਾਪਸੀ ਬਾਅਦ ਹੀ ਰਿਪੋਰਟ ਆਉਣ ਦੀ ਸੰਭਾਵਨਾ ਹੈ।

**ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵੱਖ ਵੱਖ ਸੰਗਠਨਾਂ ਨੇ ਮਿਲ ਕੇ ਹੈਦਰਾਬਾਦ ਘਟਨਾ ਦੀ ਕੀਤੀ ਜ਼ੋਰਦਾਰ ਨਿੰਦਾ**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵੱਖ ਵੱਖ ਸੰਗਠਨਾਂ ਨੇ ਮਿਲ ਕੇ ਹੈਦਰਾਬਾਦ ਵਿਚ ਹੋਈ ਘਟਨਾ ਦੀ ਜ਼ੋਰਦਾਰ ਨਿੰਦਾ ਕੀਤੀ। ਵਿਰੋਧ ਪ੍ਰਦਰਸ਼ਨ ਵਿਚ ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ, ਸਟੂਡੈਂਟਸ ਫਾਰ ਸੁਸਾਇਟੀ, ਪੀਪਲ ਆਰਟਿਸਟ ਫੋਰਮ ਅਤੇ ਪੰਜਾਬ ਸਟੂਡੈਂਟਸ ਐਸੋਸੀਏਸ਼ਨ ਨੇ ਇਸ ਕਿਸਮ ਦੀਆਂ ਘਟਨਾਵਾਂ ਦਾ ਵਿਰੋਧ ਕੀਤਾ। ਸਟੂਡੈਂਟਸ ਫਾਰ ਸੁਸਾਇਟੀ ਵੱਲੋਂ ਸਾਥੀ ਨੇ ਕਿਹਾ ਕਿ ਇਹ ਸਮਾਜ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਮੁਲਕ ਵਿਚ ਲਗਾਤਾਰ ਦਲਿਤਾਂ ਦਾ ਸ਼ੋਸ਼ਣ ਹੋ ਰਿਹਾ ਹੈ, ਜਿਸਦਾ ਸਾਨੂੰ ਮਿਲ ਕੇ ਟਾਕਰਾ ਕਰਨਾ ਹੋਵੇਗਾ।

ਪੀਪਲਜ਼ ਆਰਟਿਸਟ ਫੋਰਮ ਦੁਆਰਾ ਸ਼ਹੀਦੀ ਗੀਤ ਗਾਏ ਗਏ ਜਿਸ ਵਿਚ ਰੋਹਿਤ ਦੇ ਦਰਦ ਨੂੰ ਦਿਖਾਇਆ ਗਿਆ। ਪੰਜਾਬ ਸਟੂਡੈਂਟਸ ਐਸੋਸੀਏਸ਼ਨ (ਲਲਕਾਰ) ਨੇਇਸ ਘਟਨਾ ਨੂੰ ਇਕ ਸਾਜਿਸ਼ ਦੱਸਿਆ ਹੈ। ਪੂਟਾ ਪ੍ਰਧਾਨ ਅਕਸ਼ੈ ਕੁਮਾਰ ਨੇ ਵੀ ਇਸ ਘਟਨਾ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਸਾਰੇ ਸੰਗਠਨਾਂ ਨੇ ਮਿਲ ਕੇ ਦੋਸ਼ੀਆਂ ਦੇ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ ਜਿਸ ਵਿਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਸਿਮ੍ਰਤੀ ਇਰਾਨੀ ਅਤੇ ਲੋਕਲ ਸਾਂਸਦ ਬੰਡਾਰੂ ਦੇ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਅਤੇ ਉਹਨਾਂ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਅਤੇ ਉਹਨਾਂ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰਨ ਦੀ ਮੰਗ ਕੀਤੀ।

**ਇਸ ਕਾਰਨ ਦਲਿਤ ਵਿਦਿਆਰਥੀ ਨੇ ਕੀਤੀ ਆਤਮ ਹੱਤਿਆ**

**ਕੇਂਦਰੀ ਮੰਤਰੀ ਬੋਲੇ– ਮੇਰਾ ਕੋਈ ਸਬੰਧ ਨਹੀਂ**

ਹੈਦਰਾਬਾਦ (ਆਂਧਰਾ ਪ੍ਰਦੇਸ਼)– ਹੈਦਰਾਬਾਦ ਯੂਨੀਵਰਸਿਟੀ ਦੇ ਹੋਸਟਲ ਤੋਂ ਕੱਢੇ ਗਏ ਪੰਜ ਦਲਿਤ ਵਿਦਿਆਰਥੀਆਂ ਵਿਚੋਂ ਇਕ ਦੁਆਰਾ ਖੁਦਕੁਸ਼ੀ ਕਰਨ ਦੇ ਮਾਮਲੇ ਵਿਚ ਵਿਦਿਆਰਥੀ ਯੂਨੀਅਨ ਨੇ ਵਿਰੋਧ ਤੇਜ਼ ਕਰ ਦਿੱਤਾ ਹੈ। ਦੋਸ਼ ਹੈ ਕਿ ਕੇਂਦਰੀ ਮੰਤਰੀ ਬੰਡਾਰੂ ਦੱਤਾਤ੍ਰੇਅ ਦੇ ਇਕ ਲੈਟਰ ਤੋਂ ਬਾਅਦ ਰੋਹਿਤ ਸਮੇਤ ਪੰਜ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਹੋਸਟਲ ਵਿਚ ਜਾਣ ਤੋਂ ਰੋਕ ਦਿੱਤਾ ਗਿਆ ਸੀ। ਹਾਲਾਂਕਿ ਕੇਂਦਰੀ ਮੰਤਰੀ ਨੇ ਦਲਿਤ ਵਿਦਿਆਰਥੀਆਂ ਨੂੰ ਕੱਢੇ ਜਾਣ ਸਬੰਧੀ ਕਿਸੇ ਵੀ ਕਿਸਮ ਦਾ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ।

ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਦੋਸ਼ ਹੈ ਕਿ ਪਿਛਲੇ ਸਾਲ ਅਗਸਤ ਵਿਚ ਏ. ਬੀ. ਵੀ. ਪੀ. ਵਰਕਰਾਂ ਨਾਲ ਝੜੱਪ ਦੇ ਕਾਰਨ ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ ਨਾਲ ਸਬੰਧਤ ਪੰਜ ਦਲਿਤ ਵਿਦਿਆਰਥੀਆਂ ਨੂੰ ਸਸਪੈਂਡ ਕਰਕੇ ਹੋਸਟਲ ਤੋਂ ਕੱਢ ਦਿੱਤਾ ਗਿਆ ਸੀ।

ਕੇਂਦਰੀ ਕਿਰਤ ਮੰਤਰੀ ਬੰਡਾਰੂ ਦੱਤਾਤ੍ਰੇਅ ਦਾ ਕਹਿਣਾ ਹੈ ਕਿ ਹੈਦਰਾਬਾਦ ਯੂਨੀਵਰਸਿਟੀ ਵਿਚ ਪੰਜ ਦਲਿਤ ਵਿਦਿਆਰਥੀਆਂ ਨੂੰ ਰੈਸਟੀਕੇਟ ਕਰਨ ਬਾਰੇ ਉਹਨਾਂ ਦਾ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਉਹਨਾਂ ਦੀ ਪਾਰਟੀ ਦਾ।

ਦੱਤਾਤ੍ਰੇਅ ਯੂਨੀਵਰਸਿਟੀ ਦੇ ਕੁਲਪਤੀ ਅੱਪਾ ਰਾਓ ਅਤੇ ਸਰਵ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਦੋ ਮੈਂਬਰਾਂ ਤੇ ਰੋਹਿਤ ਨੂੰ ਆਤਮ ਹੱਤਿਆ ਲਈ ਉਕਸਾਉਣ ਦਾ ਮਾਮਲਾ ਦਰਜ ਕੀਤਾ ਗਿਆ ਹੈ। ਉਹਨਾਂ ਤੇ ਅਨੁਸੂਚਿਤ ਜਾਤੀ-ਜਨ-ਜਾਤੀ (ਸ਼ੋਸ਼ਣ ਨਿਵਾਰਕ) ਐਕਟ ਦੇ ਸੈਕਸ਼ਨ ਵੀ ਲਗਾਏ ਗਏ ਹਨ। ਕੇਂਦਰੀ ਮੰਤਰੀ ਅਤੇ ਕੁਲਪਤੀ ਦੇ ਨਾਲ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਨੇਤਾਵਾਂ ਸੁਸ਼ੀਲ ਕੁਮਾਰ ਅਤੇ ਵਿਸ਼ਨੂ ਦੇ ਖਿਲਾਫ ਵੀ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲਾ ਸਾਇਬਰਾਬਾਦ ਪੁਲਿਸ ਕਮਿਸ਼ਨਰੀ ਖੇਤਰ ਦੇ ਗਚਿਬਾਵਲੀ ਥਾਣੇ ਵਿਚ ਦਰਜ ਕੀਤਾ ਗਿਆ ਹੈ।

**ਕੇਂਦਰੀ ਮੰਤਰੀ ਦੀ ਕੀ ਭੂਮਿਕਾ**

ਕੇਂਦਰੀ ਮੰਤਰੀ ਬੰਡਾਰੂ ਦੱਤਾਤ੍ਰੇਅ ਨੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਨੂੰ ਇਕ ਪੱਤਰ ਭੇਜ ਕੇ ਕਿਹਾ ਸੀ, ਜਿਸ ਵਿਚ ਉਹਨਾਂ ਨੇ ਯੂਨੀਵਰਸਿਟੀ ਗਲਿਆਰੇ ਵਿਚ ਰਾਸ਼ਟਰ ਵਿਰੋਧੀ ਅਤੇ ਸਮਾਜ ਵਿਰੋਧੀ ਤੱਤਾਂ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਸੀ। ਦੱਤਾਤ੍ਰੇਅ ਦਾ ਕਹਿਣਾ ਹੈ– ਮੈਨੂੰ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦਾ ਪ੍ਰਤੀਨਿਧੀ ਮੰਡਲ ਮਿਲਿਆ ਸੀ। ਇਸ ਵਿਚ ਸ਼ਾਮਲ ਲੀਡਰਾਂ ਦਾ ਕਹਿਣਾ ਸੀ ਕਿ ਉਹਨਾਂ ਨੂੰ ਰਾਸ਼ਟਰ ਵਿਰੋਧੀ ਅਤੇ ਸਮਾਜ ਵਿਰੋਧੀ ਅਨਸਰਾਂ ਨੇ ਕੁੱਟਿਆ ਹੈ। ਮੈਂ ਉਹਨਾਂ ਦੀ ਇਹ ਗੱਲ ਮੰਤਰਾਲੇ ਤੱਕ ਪਹੁੰਚਾ ਦਿੱਤੀ। ਮੈਨੂੰ ਨਹੀਂ ਪਤਾ ਕਿ ਇਸ ਤੇ ਕੀ ਕਾਰਵਾਈ ਹੋਈ ਹੈ।

ਇਹਨਾਂ ਪੰਜੇਵਿਦਿਆਰਥੀਆਂ ਨੂੰ ਪਿਛਲੇ ਸਾਲ ਅਗਸਤ ਵਿਚ ਏ. ਬੀ. ਵੀ. ਪੀ. ਦੇ ਵਰਕਰਾਂ ਨਾਲ ਝੜੱਪ ਤੋਂ ਬਾਅਦ ਕਾਲਜ ਤੋਂ ਕੱਢ ਦਿੱਤਾ ਸੀ। ਇਹ ਮਾਮਲਾ ਦਿੱਲੀ ਯੂਨੀਵਰਸਿਟੀ ਵਿਚ 'ਮੁਜੱਫਰਨਗਰ ਬਾਕੀ ਹੈ' ਚਿੱਤਰਾਂ ਦੀ ਸਕਰੀਨਿੰਗ 'ਤੇ ਏ. ਬੀ. ਵੀ. ਪੀ. ਦੇ ਹਮਲੇ ਤੋਂ ਬਾਅਦ ਆਰੰਭ ਹੋਇਆ। ਏ. ਬੀ. ਵੀ. ਪੀ. ਦੇ ਸੁਸ਼ੀਲ ਕੁਮਾਰ ਨੇ ਬਾਅਦ ਵਿਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਏ. ਐਸ. ਯੂ. ਵਰਕਰਾਂ ਨੇ ਉਹਨਾਂ ਦੀ ਕੁੱਟਮਾਰ ਕੀਤੀ ਹੈ।

**ਕਾਲਜ ਤੋਂ ਕੱਢੇ ਜਾਣ ਕਾਰਨ ਨਰਾਜ ਸੀ ਵੇਮੁਲਾ**

ਵੱਖ-ਵੱਖ ਵਿਦਿਆਰਥੀ ਗਰੁੱਪਾਂ ਦੀ ਸਾਂਝੀ ਕਾਰਵਾਈ ਕਮੇਟੀ ਨੇ ਕਿਹਾ ਕਿ ਵੇਮੁਲਾ ਕਾਲਜ ਤੋਂ ਕੱਢੇ ਜਾਣ ਕਾਰਨ ਕਾਫੀ ਨਿਰਾਸ਼ ਸੀ। ਉਸਨੇ ਏ. ਐਸ. ਏ. ਦੇ ਨੀਲੇ ਰੰਗ ਦੇ ਬੈਨਰ ਦਾ ਇਸਤੇਮਾਲ ਖੁਦਕੁਸ਼ੀ ਦੇ ਫੰਦੇ ਲਈ ਕੀਤਾ। ਉਸਦੇ ਕਮਰੇ ਤੋਂ ਪੰਜ ਪੰਨਿਆਂ ਦਾ ਸੁਸਾਈਡ ਨੋਟ ਵੀ ਮਿਲਿਆ ਹੈ, ਜਿਸ ਵਿਚ ਉਸਨੇ ਲਿਖਿਆ ਹੈ ਕਿ ਕਿਵੇਂ ਉਹ ਹਮੇਸ਼ਾ ਸਿਤਾਰਿਆਂ ਨੂੰ ਦੇਖਦਾ ਸੀ ਅਤੇ ਇਕ ਦਿਨ ਲੇਖਕ ਅਤੇ ਪ੍ਰਸਿੱਧ ਅਧਿਆਪਕ ਬਣਨ ਦਾ ਸੁਪਨਾ ਦੇਖਦਾ ਸੀ। ਵੇਮੁਲਾ ਆਪਣੇ ਨਾਲ ਸਸਪੈਂਡ ਹੋਏ ਚਾਰ ਹੋਰ ਵਿਦਿਆਰਥੀਆਂ ਦੇ ਨਾਲ ਪਿਛਲੇ 15 ਦਿਨਾਂ ਤੋਂ ਯੂਨੀਵਰਸਿਟੀ ਗਲਿਆਰੇ ਵਿਚ ਵਿਰੋਧ ਪ੍ਰਦਰਸ਼ਨ ਕਰ ਰਿਹਾ ਸੀ। ਹੋਸਟਲ ਵਿਚੋਂ ਕੱਢੇ ਜਾਣ ਕਾਰਨ ਉਹ ਖੁੱਲ੍ਹੀ ਛੱਤ ਹੇਠਾਂ ਸੌਂ ਰਹੇ ਸਨ।

**ਅਸ਼ੋਕ ਵਾਜਪੇਈ ਨੇ ਡੀ. ਲਿੱਟ ਐਵਾਰਡ ਮੋੜਿਆ**

**ਨਵੀਂ ਦਿੱਲੀ:** ਹੈਦਰਾਬਾਦ ਵਿੱਚ ਦਲਿਤ ਵਿਦਿਆਰਥੀ ਵੱਲੋਂ ਕੀਤੀ ਖ਼ੁਦਕੁਸ਼ੀ ਤੇ ਯੂਨੀਵਰਸਿਟੀ ਦੇ ਦਲਿਤ ਵਿਰੋਧੀ ਰਵੱਈਏ ਦੇ ਰੋਸ ਵਜੋਂ ਅੱਜ ਮਕਬੂਲ ਲੇਖਕ ਅਸ਼ੋਕ ਵਾਜਪੇਈ ਨੇ 'ਵਰਸਿਟੀ ਨੂੰ ਡੀ. ਲਿੱਟ ਦਾ ਐਵਾਰਡ ਵਾਪਸ ਕਰ ਦਿੱਤਾ। ਸ੍ਰੀ ਵਾਜਪੇਈ ਨੇ ਕਿਹਾ ਉਨ੍ਹਾਂ ਨੇ ਇਹ ਐਵਾਰਡ 'ਵਰਸਿਟੀ ਅਧਿਕਾਰੀਆਂ ਖ਼ਿਲਾਫ਼ ਰੋਸ ਵਜੋਂ ਮੋੜਿਆ ਹੈ, ਜੋ ਸਿਆਸੀ ਦਬਾਅ ਅਧੀਨ ਕੰਮ ਕਰ ਰਹੇ ਹਨ। ਲਲਿਤ ਕਲਾ ਅਕੈਡਮੀ ਦੇ ਸਾਬਕਾ ਚੇਅਰਮੈਨ ਵਾਜਪੇਈ ਅਸਹਿਣਸ਼ੀਲਤਾ ਖ਼ਿਲਾਫ਼ ਐਵਾਰਡ ਮੋੜਨ ਵਾਲੇ ਮੋਹਰੀ ਲੇਖਕਾਂ 'ਚ ਸ਼ੁਮਾਰ ਸਨ।

# ਗੋਲਡਨ ਪੰਜਾਬ ਕਲੱਬ ਵਲੋਂ ਕਰਵਾਇਆ ਗਏ ਸਭਿਆਚਾਰਕ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਨੂੰ ਮਿਲਿਆ ਭਰਵਾਂ ਹੁੰਗਾਰਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੀਤੇ ਦਿਨੀਂ ਗੋਲਡਨ ਪੰਜਾਬ ਕਲੱਬ ਯੂ. ਐਸ.ਏ ( ਨਾਨ- ਪ੍ਰਾਫ਼ਿਟ) ਵਲੋਂ ਨੀਵਾਰਕ ਬੁਲੇਵਾਰਡ ਦੇ ਔਐਸਿਸ ਪੈਲੇਸ ਵਿਖੇ ਕਰਵਾਏ ਗਏ ਸਭਿਆਚਾਰਕ ਪ੍ਰੋਗਰਾਮ ' ਕੱਚ ਦੀਆਂ ਮੁੰਦਰਾਂ' ਵਿਚ ਬੱਚਿਆਂ ਨੇ ਸ਼ਾਮਿਲ ਹੋ ਕੇ ਅਤੇ ਕਲੱਬ ਦੇ ਯੂਥ ਵਿੰਗ ਦੇ ਮੈਂਬਰ ਬਣ ਕੇ ਪੰਜਾਬੀ ਸਭਿਆਚਾਰ ਨੂੰ ਮਾਣ ਮੱਤਾ ਕਰ ਦਿੱਤਾ। ਪ੍ਰੋਗਰਾਮ ਦੇ ਅਰੰਭ ਵਿਚ ਕਲੱਬ ਦੇ ਚੇਅਰਮੈਨ ਮਰਹੂਮ ਸੰਤੋਖ ਸਿੰਘ ਤੱਖਰ ਦੀ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਬਾਅਦ ਗੁਰਜੋਤ ਅਤੇ ਚਰਨਦੀਪ ਸਿੰਘ ਨੇ ਢੋਲ ਤੇ ਡਗਾ ਲਗਾਇਆ। ਪ੍ਰਭ ਸਿਮਰਨ ਸਿੰਘ, ਰਵੀਨਾ ਵਿਰਦੀ, ਸਵਰੀਨ ਸੰਧੂ,ਪਲਕ ਪ੍ਰੀਤ ਅਤੇ ਆਂਚਲ ਹੋਠੀ ਨੇ ਗੀਤਾਂ ਅਤੇ ਕੋਰੀਓਗਰਾਫ਼ੀ ਦੀ ਸਫ਼ਲ ਪੇਸ਼ਕਾਰੀ ਕੀਤੀ। ਅਜੇ ਅਕੈਡਮੀ ਦੇ ਬੱਚਿਆਂ ਅਤੇ ਨੌਜਵਾਨ ਜਸਮੀਤ ਸਿੰਘ ਦੇ ਗਰੁੱਪ ਨੇ ਭੰਗੜਾ ਪੇਸ਼ ਕੀਤਾ। ਅਵਤਾਰ ਸਿੰਘ ਨੇ ਸਾਰੰਗੀ ਵਾਦਨ ਕਰ ਕੇ ਹਰ ਇਕ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਤੋਂ ਇਲਾਵਾ ਪ੍ਰਿੰਸੀਪਲ ਹਰਨੇਕ ਸਿੰਘ, ਜੱਸ ਸਰਾਂ, ਅਮਰਜੀਤ ਜੌਹਲ, ਜਸਵਿੰਦਰ ਧਨੋਆ, ਗੋਗੀ ਸੰਧੂ, ਅਰਚਨਾ ਪਾਂਡਾ, ਗੁਰਬਚਨ ਕੌਰ ਅਤੇ ਅੰਜੂ ਕੁਮਾਰੀ ਨੇ ਪੰਜਾਬੀ ਸੱਭਿਆਚਾਰ ਦੇ ਵੱਖਰੇ –ਵੱਖਰੇ ਰੰਗ ਪੇਸ਼



ਕੀਤੇ। ਪੰਜਾਬੀ ਅਤੇ ਪੰਜਾਬੀਅਤ ਲਈ ਕੰਮ ਕਰਦੀਆਂ ਸ਼ਖਸ਼ੀਅਤਾਂ ਆਸ਼ਾ ਸ਼ਰਮਾ, ਸੁਰਿੰਦਰ ਧਨੋਆ (ਪੰਜਾਬ ਲੋਕ ਰੰਗਮੰਚ), ਕੁਲਵਿੰਦਰ ਗਜ਼ਲਗੋ , ਸੁਖਨਿੰਦਰ ਕੌਰ (ਤੀਆਂ), ਰੇਅ ਵਾਲੀਆ ( ਧੀਆਂ ਮਰ ਜਾਣੀਆਂ), ਜਸਪਾਲ ਸਿੰਘ ਅਤੇ ਗੋਗੀ (ਅਜੇ ਅਕੈਡਮੀ ਭੰਗੜਾ), ਬਲਜੀਵਨ (ਰੰਗ ਮੰਚ), ਇੰਦਰਜੀਤ ਚਾਹਲ (ਪੋਸਟ ਆਫ਼ਿਸ) ਅਲਮਸਤ ਦੇਸਰਪੁਰੀ (ਸੂਫ਼ੀ ਗਾਇਕ) ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਦੇ ਗਰਾਂਡ ਸਪਾਸਰ ਸਤਵੰਤ ਸਿੰਘ (ਸਤਵੰਤ ਇੰਸ਼ੋਰੈਂਸ) ਧਰਮਵੀਰ ਸਿੰਘ (ਬੇਅ ਏਰੀਆ ਹੋਮ ਲੋਨਜ਼), ਪ੍ਰੀਤਮ ਸਿੰਘ ਗਰੇਵਾਲ, ਰੇਅ ਵਾਲੀਆ (ਧੀਆਂ ਮਰ ਜਾਣੀਆਂ) ਸਨੀ ਗੋਸਵਾਮੀ ਅਤੇ ਲਵਪ੍ਰੀਤ ਪਨੂੰ (ਮਾਰਕੀਟਿੰਗ) ਸਨ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਨੀਲਮ ਸੈਣੀ ਨੇ ਬਾਖ਼ੂਬੀ ਨਿਭਾਇਆ। ਇਸ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਵੀ ਰਹੀ ਕਿ ਕਲੱਬ ਦੀ ਮੈਂਬਰ ਬਾਰਵੀਂ ਕਲਾਸ ਵਿਚ ਪੜ੍ਹਦੀ ਬੱਚੀ ਸਵਰੀਨ ਸੰਧੂ ਨੇ ਬੱਚਿਆਂ ਦੀਆਂ ਕੁਝ ਆਈਟਮਾਂ ਦੇ ਨਾਲ–ਨਾਲ 'ਰਿਸ਼ਤੇ ਕੁਇਜ਼' ਦਾ ਬਹੁਤ ਉਤਸ਼ਾਹ ਨਾਲ ਸਫ਼ਲ ਸੰਚਾਲਨ ਕੀਤਾ। ਪ੍ਰੋਗਰਾਮ ਦੀ ਸਫ਼ਲਤਾ ਇਹ ਵੀ ਰਹੀ ਕਿ ਪੰਜ ਸੌ ਤੋਂ ਵੱਧ ਪਰਿਵਾਰਾਂ ਨੇ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇਸ ਪ੍ਰੋਗਰਾਮ ਦਾ ਆਨੰਦ ਮਾਣਿਆਂ।

# ਲਾਸ ਏਂਜਲਸ ਮੈਟਰੋ ਸਿੱਖ ਡਰਾਈਵਰ 'ਤੇ ਹਮਲੇ ਕਾਰਨ ਭਾਈਚਾਰੇ 'ਚ ਸਹਿਮ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਲਾਸ ਏਂਜਲਸ ਵਿਚ ਹਾਲ ਵਿਚ ਇਕ ਮੈਟਰੋ ਸਿੱਖ ਡਰਾਈਵਰ 'ਤੇ ਹਮਲੇ ਕਾਰਨ ਸਿੱਖ ਭਾਈਚਾਰੇ ਵਿਚ ਕਾਫੀ ਸਹਿਮ ਪਾਇਆ ਜਾ ਰਿਹਾ ਹੈ। ਸਿਖ ਕੁਲੀਸ਼ਨ ਦਾ ਕਹਿਣਾ ਹੈ ਕਿ ਇਸ ਨਫਰਤੀ ਹਿੰਸਾ ਵਲੋਂ ਜਾਂਚ ਕੀਤੀ ਜਾਣੀ ਚਾਹੀਦੀ ਹੈ। ਕੁਲੀਸ਼ਨ ਦੇ ਵਕੀਲਾਂ ਨੇ ਕਿਹਾ ਕਿ ਦਾੜੀ ਤੇ ਦਸਤਾਰ ਪਹਿਨੀ ਉਕਤ ਸਿਖ ਡਰਾਈਵਰ 'ਤੇ ਹਮਲਾ ਹਾਲ ਵਿਚ ਹੀ ਸਿੱਖਾਂ ਖਿਲਾਫ ਹੋ ਰਹੀਆਂ ਘਟਨਾਵਾਂ ਦੀ ਲੜੀ ਦਾ ਹੀ ਹਿੱਸਾ ਹੈ। ਉਨ੍ਹਾਂ ਨੇ ਕਿਹਾ ਕਿ ਸਥਾਨਕ ਪ੍ਰਸ਼ਾਸਨ ਇਸ ਘਟਨਾ ਨੂੰ ਗੰਭੀਰਤਾ ਨਾਲ ਨਹੀਂ ਲੈ ਰਿਹਾ ਸਗੋਂ ਆਮ ਜਿਹੀ ਘਨਟਾ ਮੰਨ ਰਿਹਾ ਹੈ। ਸਿੱਖ ਕੁਲੀਸ਼ਨ ਦੀ ਸੀਨੀਅਰ ਵਕੀਲ ਅਟਾਰਨੀ ਗੁਰਜੋਤ ਕੌਰ ਨੇ ਕਿਹਾ ਕਿ ਅਸੀ ਨਫਤਰ ਦਾ ਟਾਕਰਾ ਨਹੀਂ ਕਰ ਸਕਦੇ ਜੇਕਰ ਕਾਨੂੰਨ ਏਜੰਸੀਆਂ ਹੀ ਨਫਰਤੀ ਅਪਰਾਧਾਂ ਨੂੰ ਨਜ਼ਰਅੰਦਾਜ ਕਰ ਦੇਣ ਜਾਂ ਫਿਰ ਇਨ੍ਹਾਂ ਨੂੰ ਨਫਰਤੀ ਹਿੰਸਾ ਵਜੋਂ ਮੰਨਣ 'ਚ ਨਾਕਾਮ ਰਹਿਣ। ਇਸ ਹਮਲੇ ਵਿਚ ਇਕ



ਮੁਸਾਫਿਰ ਨੇ ਡਰਾਈਵਰ ਬਲਵਿੰਦਰਜੀਤ ਸਿੰਘ ਦੀ ਅੱਖ 'ਤੇ ਮੁੱਕਾ ਮਾਰਿਆ ਜਿਥੇ ਕਾਲਾ ਨਿਸ਼ਾਨ ਬਣ ਗਿਆ ਹੈ ਤੇ ਜਬਾੜੇ 'ਤੇ ਵੀ ਸੱਟ ਵੱਜੀ ਹੈ ਤੇ ਸਾਰਾ ਚਿਹਰਾ ਸੁਜਿਆ ਪਿਆ। ਜਿਸ ਕਾਰਨ ਉਹ ਕਾਫੀ ਦਰਦ ਵਿਚ ਹੈ ਤੇ ਦ੍ਰਿਸ਼ਟੀ ਵੀ ਘੱਟ ਗਈ ਹੈ। ਦਸਣਯੋਗ ਹੈ ਕਿ ਉਕਤ ਮੁਸਾਫਿਰ ਨੇ ਪਹਿਲਾਂ ਆਪਣਾ ਕਿਰਾਇਆ ਦਿੱਤਾ ਫਿਰ ਸਿੰਘ 'ਤੇ ਅੱਤਵਾਦੀ ਤੇ ਆਤਮਘਾਤੀ ਬੰਬਾਰ ਕਹਿ ਕੇ ਰੌਲਾ ਪਾਉਣ ਲੱਗ ਗਿਆ ਤੇ ਉਸ 'ਤੇ ਬਸ ਨੂੰ ਅਗਵਾ ਕਰਨ ਦਾ ਦੋਸ਼ ਲਾਇਆ। ਜਦੋਂ ਡਰਾਈਵਰ ਨੇ ਉਕਤ ਮੁਸਾਫਿਰ ਨੂੰ ਮਾਨਚੈਸਟਰ ਵਿਖੇ ਉਤਾਰਿਆ ਤਾਂ ਉਹ ਮੁਸਾਫਿਰ ਮੁੜ ਕੇ ਆਇਆ ਤੇ ਉਸ ਨੇ ਡਰਾਇਵਰ 'ਤੇ ਚਿਹਰੇ 'ਤੇ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਹਮਲੇ ਦੌਰਾਨ ਸਿੰਘ ਨੇ ਚਲਦੀ ਬਸ ਦੀ ਬਰੇਕ 'ਤੇ ਹੀ ਆਪਣਾ ਪੈਰ ਰਖਿਆ ਜਿਸ ਵਿਚ 20-25 ਮੁਸਾਫਿਰ ਸਨ।

# ਦਲਿਤਾਂ ਦੇ ਘਰਾਂ ਤੇ ਪਥਰਾਅ, ਪਾਣੀ ਦੀਆਂ ਟੈਂਕੀਆਂ ਵੀ ਤੋੜੀਆਂ

**ਕਰਨਾਲ (ਹਰਿਆਣਾ)–** ਕਾਂਗਰਸ ਵਿਧਾਇਕ ਜਗਬੀ ਮਲਿਕ ਅਤੇ ਕੁਸ਼ਤੀ ਖਿਡਾਰੀ ਯੋਗੇਸ਼ਵਰ ਦੱਤ ਦੇ ਪਿੰਡ ਭੈਂਸਵਾਲ ਕਲਾ ਵਿਚ ਪੰਚਾਇਤ ਚੋਣਾਂ ਤੋਂ ਤੁਰੰਤ ਬਾਅਦ ਕੁਝ ਲੋਕਾਂ ਨੇ ਦਲਿਤ ਘਰਾਂ ਤੇ ਨਾ ਕੇਵਲ ਪਥਰਾਅ ਕੀਤਾ, ਬਲਕਿ ਘਰਾਂ ਦੇ ਬਾਹਰ ਰੱਖੀਆਂ ਪਾਣੀ ਦੀਆਂ ਟੈਂਕੀਆਂ ਤੱਕ ਤੋੜ ਦਿੱਤੀਆਂ। ਪਥਰਾਅ ਕਿਸਨੇ ਅਤੇ ਕਿਉਂ ਕੀਤਾ ਇਹ ਤਾਂ ਪਤਾ ਨਹੀਂ ਲੱਗ ਸਕਿਆ ਪਰ ਪੰਚਾਇਤ ਚੋਣਾਂ ਦੇ ਨਤੀਜਿਆਂ ਤੋਂ ਤੁਰੰਤ ਬਾਅਦ ਹੋਈ ਇਸ ਘਟਨਾ ਕਾਰਨ ਪੂਰੇ ਮਾਮਲੇ ਨੂੰ ਇਸੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਉਥੇ ਹੀ ਇਸ ਸਬੰਧ ਵਿਚ ਹਾਰਨ ਵਾਲੇ ਉਮੀਦਵਾਰ ਅਤੇ ਸਾਬਕਾ ਸਰਪੰਚ ਦਰਸ਼ਨ ਮਲਿਕ ਨ ਪੂਰੇ ਮਾਮਲੇ ਤੋਂ ਪੱਲੇ ਝਾੜਦੇ ਹੋਏ ਕਿਹਾ ਕਿ ਉਹਨਾਂ ਦਾ ਇਸ ਘਟਨਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਖਰਖੌਦਾ ਰੋਡ ਸਥਿਤ ਭੈਂਸਵਾਲ ਕਲਾਂ ਪਿੰਡ ਵਿਚ ਦੋ ਪੰਚਾਇਤਾਂ ਹਨ, ਇਕ ਮਠਿਆਈਆਂ ਵਾਲਿਆਂ ਦੀ ਪੰਚਾਇਤ, ਜਦਕਿ ਦੂਜੀ ਬਵਾਲਾ ਪਾਨਾ। ਮਿਠਾਨ ਪਾਉਣ ਵਿਚ ਨੌਜਵਾਨ ਰਾਜੇਸ਼ ਮਲਿਕ ਨੇ ਸਾਬਕਾ ਸਰਪੰਚ ਦਰਸ਼ਨ ਮਲਿਕ ਨੂੰ ਵੱਡੇ ਅੰਤਰ ਨਾਲ ਹ ਰਾਇਆ। ਕਾਂਗਰਸ ਵਿਧਾਇਕ ਜਗਬੀਰ ਮਲਿਕ ਦ ਬਾਵਲੇ ਪਾਨੇ ਵਿਚ ਮੰਜੀਤਾ ਨ ਅਨੀਤਾ ਨੂੰ ਕੇਵਲ ਸੱਤ ਵੋਟਾਂ ਨਾਲ ਹ ਰਾਇਆ।

ਪੀੜਤ ਔਰਤਾਂ ਨੇ ਦੱਸਿਆ ਕਿ ਜੇਕਰ ਉਹ ਘਰੋਂ ਨਿਕਲਦੇ ਤਾਂ ਕਿਸੇ ਦੀ ਜਾਨ ਜਾ ਸਕਦੀ ਸੀ ਕਿਉਂਕਿ ਬਦਮਾਸ਼ ਗੁੱਸੇ ਵਿਚ ਲੱਗ ਰਹੇ ਸਨ। ਦਲਿਤਾਂ ਦਾ ਕਹਿਣਾ ਹੈ ਕਿ ਉਹ ਲੋਕ ਨੌਜਵਾਨਾਂ ਨੂੰ ਪਛਾਣ ਤਾਂ ਨਹੀ ਸਕੇ ਪਰ ਉਹ ਪਿੰਡ ਦੇ ਹੀ ਕੁਝ ਗੁੰਡੇ ਸਨ।

A & S
Auto Repair & Services
Specializing in Brakes & Axles
ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM
Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

ਦੇਸ਼ ਦੁਆਬਾ

# ਦਲਿਤਾਂ ਵਿਰੁੱਧ ਸ਼ੋਸ਼ਣ ਅਤੇ ਸਰਕਾਰੀ ਸ਼ਹਿ?

ਭਾਰਤ ਵਿਚ ਦਲਿਤਾਂ ਦੇ ਖਿਲਾਫ ਹੁੰਦੇ ਅੱਤਿਆਚਾਰਾਂ ਦੀ ਲੜੀ ਕੋਈ ਨਵੀਂ ਨਹੀਂ ਹੈ ਬਲਕਿ ਇਹ ਸਿਲਸਿਲਾ ਨਿਰੰਤਰ ਚਲਦਾ ਆ ਰਿਹਾ ਹੈ। ਦਲਿਤ ਭਾਈਚਾਰਾ ਆਪਣੀ ਹੋਂਦ ਅਤੇ ਆਪਣੇ ਗੁਆਚੇ ਮਾਣ ਦੀ ਪ੍ਰਾਪਤੀ ਲਈ ਨਿਰੰਤਰ ਸੰਘਰਸ਼ ਕਰਦਾ ਆ ਰਿਹਾ ਹੈ। ਇਸ ਸੰਘਰਸ਼ ਵਿਚ ਸਭ ਤੋਂ ਵੱਡਾ ਯੋਗਦਾਨ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਆਜ਼ਾਦੀ ਘੁਲਾਟੀਏ ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਵਰਗੇ ਮਹਾਨ ਪੁਰਸ਼ਾਂ ਨੇ ਪਾਇਆ ਹੈ ਪਰ ਹਾਲੇ ਵੀ ਸਮਾਜਿਕ ਪੱਧਰ ਤੇ ਤਾਂ ਦਲਿਤਾਂ ਦਾ ਸ਼ੋਸ਼ਣ ਅਤੇ ਉਹਨਾਂ ਨਾਲ ਵਿਤਕਰਾ ਜਾਰੀ ਹੈ ਪਰ ਸਰਕਾਰੀ ਅਤੇ ਪ੍ਰਸ਼ਾਸਨਿਕ ਪੱਧਰ ਤੇ ਵੀ ਇਹ ਵਿਤਕਰਾ ਨਿਰੰਤਰ ਜਾਰੀ ਹੈ। ਸਰਕਾਰੀ ਤੌਰ ਤੇ ਭਾਰਤੀ ਸੰਵਿਧਾਨ ਮੁਤਾਬਕ ਮੁਲਕ ਦਾ ਹਰੇਕ ਨਾਗਰਿਕ ਇਕ ਬਰਾਬਰ ਹੈ। ਭਾਰਤੀ ਸੰਵਿਧਾਨ ਹਰੇਕ ਨਾਗਰਿਕ ਨੂੰ ਪੂਰਨ ਤੌਰ ਤੇ ਬਰਾਬਰੀ ਦਾ ਦਰਜਾ ਦਿੰਦਾ ਹੈ। ਡਾ. ਅੰਬੇਦਕਰ ਵਰਗੇ ਵਿਦਵਾਨਾਂ ਦੀ ਬਦੌਲਤ ਜਾਤੀ-ਪਾਤੀ ਅਤੇ ਛੂਤ-ਛਾਤ ਵਿਚ ਗ੍ਰਸੇ ਭਾਰਤ ਨੂੰ 1947 ਵਿਚ ਆਜ਼ਾਦੀ ਮਿਲੀ ਅਤੇ 26 ਜਨਵਰੀ 1950 ਨੂੰ ਸੰਵਿਧਾਨਿਕ ਪੂਰਨ ਸਮਾਨਤਾ ਮਿਲੀ। ਪਰ ਇਸ ਦੇ ਬਾਵਜੂਦ ਸਮਾਜਿਕ ਪੱਧਰ ਤੇ ਦਲਿਤ ਵਰਗ ਨਾਲ ਵਿਤਕਰੇ ਦਾ ਸਿਲਸਿਲਾ ਅੱਜ ਤੱਕ ਰੁਕਿਆ ਨਹੀਂ ਹੈ। ਭਾਰਤ ਦੀ 40 ਫੀਸਦੀ ਤੋਂ ਜ਼ਿਆਦਾ ਦਲਿਤ ਅਤੇ ਪੱਛੜੀ ਆਬਾਦੀ ਅੱਜ ਵੀ ਆਪਣੀ ਹੋਂਦ, ਆਪਣੀ ਪਛਾਣ ਦੇ ਲਈ ਉਸੇ ਤਰ੍ਹਾਂ ਲੜਦੀ ਆ ਰਹੀ ਹੈ, ਜਿਸ ਤਰ੍ਹਾਂ ਉਹ ਆਜ਼ਾਦੀ ਤੋਂ ਪਹਿਲਾਂ ਲੜਦੀ ਆ ਰਹੀ ਸੀ। ਸਮਾਜਿਕ ਵਿਵਸਥਾ ਅਤੇ ਵੋਟ ਰਾਜਨੀਤੀ ਦਾ ਸ਼ਿਕਾਰ ਭਾਰਤ ਦੇ ਸਿਆਸਤਦਾਨ ਵੀ ਦਲਿਤਾਂ ਨਾਲ ਵਿਤਕਰੇ ਦੀ ਆਪਣੀ ਸੌੜੀ ਸੋਚ ਦਾ ਸ਼ਿਕਾਰ ਹਨ। ਇਹੀ ਕਾਰਨ ਹੈ ਕਿ ਕਈ ਉਪਾਅ ਕਰਨ ਦੇ ਬਾਵਜੂਦ ਵੀ ਦਲਿਤਾਂ ਨਾਲ ਵਿਤਕਰਾ ਅਤੇ ਸ਼ੋਸ਼ਣ ਨਿਰੰਤਰ ਜਾਰੀ ਹੈ। ਇਸ ਵਿਤਕਰੇ ਨੂੰ ਉਦੋਂ ਹੋਰ ਜ਼ਿਆਦਾ ਸ਼ਹਿ ਮਿਲਦੀ ਹੈ, ਜਦੋਂ ਸਿਆਸੀ ਪ੍ਰਭੂ ਸਮਾਜ ਦੇ ਉਚ ਵਰਗਾਂ ਦਾ ਪੱਖ ਪੂਰਦੇ ਹਨ ਅਤੇ ਉਹਨਾਂ ਦੇ ਹਿੱਤਾਂ ਨੂੰ ਅਹਿਮੀਅਤ ਦਿੰਦੇ ਹਨ।

ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਮੁਲਕ ਦੀਆਂ ਘੱਟ ਗਿਣਤੀਆਂ ਵਿਚ ਜੋ ਸਹਿਮ ਪਾਇਆ ਜਾ ਰਿਹਾ ਹੈ, ਉਸ ਦਾ ਸ਼ਿਕਾਰ ਦਲਿਤ ਭਾਈਚਾਰਾ ਵੀ ਹੋ ਰਿਹਾ ਹੈ। ਹਾਲ ਹੀ ਵਿਚ ਆਂਧਰਾ ਪ੍ਰਦੇਸ਼ ਵਿਚ ਹੈਦਰਾਬਾਦ ਦੀ ਪ੍ਰਸਿੱਧ ਯੂਨੀਵਰਸਿਟੀ ਵਿਚ ਦਲਿਤ ਸਕਾਲਰਾਂ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਗਿਆ। ਉਹਨਾਂ ਦਾ ਦੋਸ਼ ਸਿਰਫ ਇੰਨਾ ਸੀ ਕਿ ਉਹ ਉਚ ਜਾਤੀਆਂ ਦੇ ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਵਿਤਕਰੇ ਦੇ ਖਿਲਾਫ ਲੜ ਰਹੇ ਸਨ। ਉਹਨਾਂ ਨੇ ਖੁੱਲ੍ਹੇ ਅਸਮਾਨ ਵਿਚ ਰਹਿਣਾ ਮਨਜ਼ੂਰ ਕੀਤਾ ਪਰ ਇਕ ਵਿਦਿਆਰਥੀ **ਰੋਹਿਤ ਵੇਮੂਲਾ** ਦੀ ਸਹਿਣ ਸ਼ਕਤੀ ਜਵਾਬ ਦੇ ਗਈ ਅਤੇ ਉਸ ਨੇ ਆਤਮ ਹੱਤਿਆ ਕਰ ਲਈ। ਇਸ ਘਟਨਾ ਕਾਰਨ ਸਾਰੇ ਭਾਰਤ ਦੇ ਦਲਿਤ ਭਾਈਚਾਰੇ ਵਿਚ ਰੋਸ ਦੀ ਲਹਿਰ ਫੈਲ ਗਈ ਅਤੇ ਇਸ ਦਾ ਜ਼ਿੰਮਾ ਕੇਂਦਰ ਸਰਕਾਰ ਵਿਚ ਮੰਤਰੀ ਦੇ ਸਿਰ ਤੇ ਪਿਆ। ਮੰਤਰੀ ਨੇ ਬੇਸ਼ੱਕ ਪੱਲਾ ਝਾੜ ਲਿਆ ਹੈ ਪਰ ਯੂਨੀਵਰਸਿਟੀ ਪ੍ਰਸ਼ਾਸਨ ਇਸ ਦੇ ਲਈ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਅ ਰਿਹਾ ਹੈ। ਰੋਹਿਤ ਵੇਮੂਲਾ ਨੇ ਆਪਣੇ ਸੁਸਾਈਡ ਨੋਟ ਵਿਚ ਸਾਰਾ ਕੁਝ ਚੰਗੀ ਤਰ੍ਹਾਂ ਵਰਣਨ ਕੀਤਾ ਹੈ ਕਿ ਕਿਹਨਾਂ ਹਾਲਾਤਾਂ ਵਿਚ ਉਸ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਹੋਣਾ ਪਿਆ। ਇਸ ਘਟਨਾ ਤੋਂ ਇਹ ਲੱਗਭੱਗ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਦੀਆਂ ਰਾਜ ਅਤੇ ਕੇਂਦਰ ਸਰਕਾਰਾਂ ਭਾਰਤੀ ਸੰਵਿਧਾਨ ਦੇ ਤਹਿਤ ਨਹੀਂ ਬਲਕਿ ਆਪਣੀ ਹਉਮੈ ਦੇ ਤਹਿਤ ਚੱਲ ਰਹੀਆਂ ਹਨ ਅਤੇ ਦਲਿਤ ਭਾਈਚਾਰੇ ਦੇ ਖਿਲਾਫ ਸਰਕਾਰੀ ਪੱਧਰ ਤੇ ਵਿਤਕਰਾ ਨਿਰੰਤਰ ਜਾਰੀ ਨੂੰ ਰੋਕਣ ਵਿਚ ਅਸਫਲ ਹਨ। ਇਸ ਘਟਨਾ ਦੇ ਖਿਲਾਫ ਦਲਿਤ ਭਾਈਚਾਰਾ ਡਾ ਅੰਬੇਡਕਰ ਦੇ ਨਾਂ ਹੇਠ ਸੰਗਠਿਤ ਹੋ ਰਿਹਾ ਹੈ ਅਤੇ ਰੋਸ ਪ੍ਰਦਰਸ਼ਨ ਜਾਰੀ ਹਨ। ਭਾਰਤੀ ਸਿਸਟਮ ਵਿਚ ਭਾਰਤੀ ਸੰਵਿਧਾਨ ਵਿਚਲੀ ਬਰਾਬਰਤਾ ਦੀ ਵਿਵਸਥਾ ਦੇ ਬਾਵਜੂਦ ਅੱਜ ਤੱਕ ਉਚ ਜਾਤੀਆਂ ਦੇ ਲੋਕੀ ਸਰਕਾਰ ਉਤੇ ਕੰਟਰੋਲ ਰੱਖਦੇ ਆਏ ਹਨ। ਇਹੀ ਕਾਰਨ ਹੈ ਕਿ ਭਾਰਤ ਵਿਚ ਛੂਤ-ਛਾਤ ਨਿਰੰਤਰ ਜਾਰੀ ਹੈ ਕਿਉਂਕਿ ਇਸ ਨੂੰ ਸਰਕਾਰੀ ਸ਼ਹਿ ਪ੍ਰਾਪਤ ਹੈ। ਅਦਾਰਾ 'ਦੇਸ਼ ਦੁਆਬਾ' ਯੂਨੀਵਰਸਿਟੀ ਅਤੇ ਸਰਕਾਰ ਦੀ ਲਾਪਰਵਾਹੀ ਦੀ ਪੁਰਜ਼ੋਰ ਨਿੰਦਾ ਕਰਦਾ ਹੈ।ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਬਿਨਾਂ ਕਿਸੇ ਵਿਤਕਰੇ ਤੋਂ ਆਪਣੇ ਸਾਰੇ ਨਾਗਰਿਕਾਂ ਦੀ ਰੱਖਿਆ ਕਰੇ ਅਤੇ ਜ਼ਿੰਮੇਵਾਰੀਆਂ ਨਿਭਾਵੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 34



ਮੇਘ ਰਾਜ ਮਿੱਤਰ
+91-98887-87440

? ਕੀ ਸੱਪ ਸੌਂਦਾ ਨਹੀਂ, ਜੇ ਸੌਂਦਾ ਨਹੀਂ ਤਾਂ ਕਿਉਂ।

* ਸੱਪ ਸੌਂਦਾ ਨਹੀਂ ਪਰ ਆਰਾਮ ਜ਼ਰੂਰ ਕਰਦਾ ਹੈ।

? ਸਭ ਤੋਂ ਵੱਧ ਤਾਕਤ ਦੇਣ ਵਾਲਾ ਫ਼ਲ ਕਿਹੜਾ ਹੈ?

* ਅਸਲ ਵਿੱਚ ਤਾਕਤ ਤੋਂ ਭਾਵ ਊਰਜਾ ਹੈ। ਵਾਧੂ ਊਰਜਾ ਵੱਧ ਮਿੱਠੇ ਫਲਾਂ ਅਤੇ ਵੱਧ ਚਿਕਨਾਈ ਵਾਲੇ ਪਦਾਰਥਾਂ ਵਿੱਚ ਹੀ ਹੋ ਸਕਦੀ ਹੈ। ਕਿਉਂਕਿ ਖੰਡ ਤੇ ਘਿਉ ਵਿੱਚ ਆਮ ਚੀਜ਼ਾਂ ਨਾਲੋਂ ਤਿੰਨ ਗੁਣਾਂ ਵਧੇਰੇ ਊਰਜਾ ਹੁੰਦੀ ਹੈ।

? ਇੱਕ ਕੀੜੀ ਆਪਣੇ ਭਾਰ ਤੋਂ ਕਈ ਗੁਣਾਂ ਵੱਧ ਭਾਰ ਚੁੱਕ ਸਕਦੀ ਹੈ, ਪਰ ਮਨੁੱਖ ਕਿਉਂ ਨਹੀਂ?

* ਕੀੜੀ ਦੀ ਸਰੀਰਕ ਬਣਤਰ ਅਜਿਹੀ ਬਣੀ ਹੁੰਦੀ ਹੈ ਕਿ ਉਹ ਆਪਣੇ ਸਰੀਰਕ ਭਾਰ ਤੋਂ ਵੱਧ ਭਾਰ ਚੁੱਕ ਸਕਦੀ ਹੈ। ਪਰ ਮਨੁੱਖ ਵਿੱਚ ਅਜਿਹਾ ਨਹੀਂ ਹੁੰਦਾ। ਅਸੀਂ ਵੇਖਿਆ ਹੈ ਕਿ ਕਾਰਾਂ ਗੱਡੀਆਂ ਤੇ ਟਰੱਕਾਂ ਦਾ ਭਾਰ ਜੈਕ ਰਾਹੀਂ ਚੁੱਕਿਆ ਜਾ ਸਕਦਾ ਹੈ। ਜੋ ਜੈਕ ਤੋਂ ਸੈਂਕੜੇ ਗੁਣਾ ਭਾਰੀ ਹੁੰਦੇ ਹਨ। ਠੀਕ ਇਸੇ ਤਰ੍ਹਾਂ ਕੀੜੀ ਦੀ ਸਰੀਰਕ ਬਣਤਰ ਵਿਚ ਵੀ ਅਜਿਹੇ ਪਦਾਰਥ ਹੁੰਦੇ ਹਨ।

? ਸੱਪ ਦਾ ਜ਼ਹਿਰ ਸਾਡੇ ਸਰੀਰ ਵਿਚ ਕਿੰਨੇ ਸਮੇਂ ਤੱਕ ਅਸਰ ਕਰਦਾ ਹੈ?

* ਇਹ ਸੱਪਾਂ ਦੀ ਕਿਸਮ ਅਤੇ ਸਰੀਰ ਵਿਚ ਪੁਚਾਏ ਜ਼ਹਿਰ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ। ਬਹੁਤ ਸਾਰੇ ਸੱਪ ਇੰਨੇ ਜ਼ਹਿਰੀਲੇ ਹੁੰਦੇ ਹਨ ਕਿ ਉਨ੍ਹਾਂ ਦੇ ਕੱਟਣ 'ਤੇ 1-2 ਘੰਟੇ ਵਿਚ ਹੀ ਮੌਤ ਹੋ ਜਾਂਦੀ ਹੈ।

? ਦੁਨੀਆਂ ਦਾ ਸਭ ਤੋਂ ਵੱਡਾ ਸੱਪ ਕਿਹੜਾ ਹੈ ਅਤੇ ਉਸਦੀ ਲੰਬਾਈ ਕਿੰਨੀ ਹੈ?

* ਪਾਣੀ ਦਾ ਐਂਡਰੋਕਾਂਡਾ ਦੁਨੀਆਂ ਦਾ ਸਭ ਤੋਂ ਵੱਡਾ ਸੱਪ ਹੈ। ਇਹ 20 ਕੁ ਫੁੱਟ ਲੰਬਾਈ ਦੇ ਆਮ ਤੌਰ 'ਤੇ ਹੀ ਮਿਲ ਜਾਂਦੇ ਹਨ।

? ਗਵਾਲੀਅਰ ਮੱਧ ਪ੍ਰਦੇਸ਼ ਵਿਚ ਇੱਕ ਬਲਦ ਸਵੇਰ ਸ਼ਾਮ ਇੱਕ-ਇੱਕ ਲੀਟਰ ਦੁੱਧ ਦਿੰਦਾ ਹੈ।

* ਹਰੇਕ ਵਿਅਕਤੀ ਨੂੰ ਵਿਰਾਸਤ ਵਿਚ ਆਪਣੇ ਮਾਤਾ-ਪਿਤਾ ਵਾਲੇ ਦੋਵੇਂ ਗੁਣ ਮਿਲਦੇ ਹਨ। ਕੁਝ ਗੁਣ ਪ੍ਰਗਟ ਹੋ ਜਾਂਦੇ ਹਨ, ਬਾਕੀ ਸੁਸਤ ਹੋ ਕੇ ਸਰੀਰ ਵਿਚ ਪਏ ਰਹਿੰਦੇ ਹਨ। ਅਜਿਹੇ ਬਲਦ ਨੂੰ ਵੀ ਉਸ ਦੇ ਪਿਤਾ ਬਲਦ ਅਤੇ ਮਾਂ ਗਊ ਵਾਲੇ ਗੁਣ ਵਿਰਸੇ ਵਿਚ ਪ੍ਰਾਪਤ ਹੋਏ ਸਨ। ਬਲਦ ਵਾਲੇ ਗੁਣ ਤਾਂ ਪ੍ਰਭਾਵੀ ਹੋ ਗਏ ਪਰ ਗਊ ਵਾਲੇ ਗੁਣ ਸੁਸਤ ਪਏ ਰਹੇ। ਕਿਸੇ ਸਮੇਂ ਤੇ ਕੁਝ ਪਸ਼ੂਆਂ ਵਿਚ ਹਾਰਮੋਨਾਂ ਦੀਆਂ ਤਬਦੀਲੀਆਂ ਆ ਜਾਂਦੀਆਂ ਹਨ ਅਤੇ ਉਸ ਬਲਦ ਵਿਚ ਵੀ ਗਊ ਵਾਲੇ ਗੁਣ ਆਉਣਾ ਹਾਰਮੋਨਲ ਤਬਦੀਲੀਆਂ ਦਾ ਸੂਚਕ ਹੈ। ਆਮ ਤੌਰ 'ਤੇ ਮਰਦਾਂ ਦੀ ਛਾਤੀ ਤੇ ਮਿਲਦੇ ਦੋ ਬਟਨਾਂ ਦੇ ਨਿਸ਼ਾਨ ਇਸ ਗੱਲ ਦਾ ਸੂਚਕ ਹਨ ਕਿ ਮਰਦਾਂ ਵਿਚ ਵੀ ਇਸਤਰੀਆਂ ਵਾਲੇ ਗੁਣ ਬਿਰਾਜਮਾਨ ਹੁੰਦੇ ਹਨ। ਪਰ ਇਹ ਪ੍ਰਗਟ ਨਹੀਂ ਹੁੰਦੇ।

? ਫਿਲਮਾਂ ਵਿਚ ਕਈ ਵਾਰੀ ਜਾਨਵਰਾਂ ਤੋਂ ਕੰਮ ਲਿਆ ਜਾਂਦਾ ਹੈ। ਜਿਵੇਂ ਸੱਪ, ਬਾਂਦਰ, ਹਾਥੀ, ਕੁੱਤਾ। ਉਹ ਇਨ੍ਹਾਂ ਤੋਂ ਕਿਵੇਂ ਕੰਮ ਕਰਵਾਉਂਦੇ ਹਨ। ਇੱਕ ਫਿਲਮ ਵਿਚ ਟੋਪੀ ਦੇ ਥੱਲੇ ਡੱਡੂ ਬੈਠਾ ਸੀ। ਹੀਰੋ ਨੇ ਉਸ ਟੋਪੀ ਵੱਲ ਮੂੰਹ ਕਰਕੇ ਸੀਟੀ ਮਾਰੀ, ਉਹ ਡੱਡੂ ਟੋਪੀ ਨੂੰ ਚੁੱਕ ਕੇ ਹੀਰੋ ਦੇ ਕੋਲ ਆਇਆ। ਉਨ੍ਹਾਂ ਨੇ ਡੱਡੂ ਤੋਂ ਇਹ ਕਿਵੇਂ ਕਰਵਾਇਆ?

* ਫਿਲਮਾਂ ਵਿਚ ਸੀਨ ਅਲੱਗ-ਅਲੱਗ ਥਾਵਾਂ ਤੋਂ ਲਏ ਜਾਂਦੇ ਹਨ। ਪਰ ਕਾਂਟ-ਛਾਂਟ ਕਰਨ ਵੇਲੇ ਜਿਸ ਨੂੰ ਫਿਲਮੀ ਭਾਸ਼ਾ ਵਿਚ ਇਡਿਟਿੰਗ ਮਿਕਸਿੰਗ ਕਿਹਾ ਜਾਂਦਾ ਹੈ, ਸਮੇਂ ਅਜਿਹੀਆਂ ਹਰਕਤਾਂ ਦਿਖਾਈਆਂ ਜਾ ਸਕਦੀਆਂ ਹਨ। ਜਿਵੇਂ ਟੋਪੀ ਚੁੱਕਣ 'ਤੇ ਟੋਪੀ ਹੇਠ ਬੈਠਾ ਡੱਡੂ ਵਿਖਾਇਆ ਜਾ ਸਕਦਾ ਹੈ। ਕਿਸੇ ਸਮੇਂ ਟਪੂਸੀਆਂ ਮਾਰਦੇ ਡੱਡੂ ਦੀ ਲਈ ਗਈ ਫੋਟੋ ਨੂੰ ਟੋਪੀ ਤੋਂ ਬਾਹਰ ਆਉਂਦੇ ਡੱਡੂ ਦੇ ਸੀਨ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

? ਅੱਜ ਅਸੀਂ ਕੋਈ ਵੀ ਦਰਖਤ ਨੂੰ ਦੇਖ ਕੇ ਪਛਾਣ ਜਾਂਦੇ ਹਾਂ ਕਿ ਇਹ ਟਾਹਲੀ ਹੈ, ਸਫੈਦਾ ਹੈ ਜਾਂ ਕਿੱਕਰ ਹੈ। ਸਭ ਤੋਂ ਪਹਿਲਾਂ ਇਨ੍ਹਾਂ ਦਰਖਤਾਂ ਦੀ ਪਛਾਣ ਕਿਸ ਨੇ ਕੀਤੀ ਤੇ ਇਨ੍ਹਾਂ ਦੇ ਨਾਂ ਕਿਸ ਤਰ੍ਹਾਂ ਰੱਖੇ ਗਏ ਸਨ।

* ਵਿਗਿਆਨ ਦੀ ਇੱਕ ਸ਼ਾਖਾ ਹੈ ਜਿਸਨੂੰ 'ਬੌਟਨੀ' ਕਹਿੰਦੇ ਹਨ। ਇਸ ਵਿਚ ਸਾਰੇ ਜੀਵਾਂ ਅਤੇ ਪੌਦਿਆਂ ਦੇ ਨਾਂ ਅਤੇ ਕਿਸਮਾਂ ਆਦਿ ਹੁੰਦੀਆਂ ਹਨ। ਬਹੁਤ ਸਾਰੇ ਵਿਗਿਆਨਕਾਂ ਦੇ ਸਾਂਝੇ ਯਤਨਾਂ ਨਾਲ ਇਹ ਵਿਸ਼ਾ ਹੋਂਦ ਵਿਚ ਆਇਆ ਹੈ।

? ਦੁੱਧ ਦਾ ਰੰਗ ਚਿੱਟਾ ਕਿਉਂ ਹੁੰਦਾ ਹੈ। ਜਦੋਂ ਕਿ ਮੱਝ ਦੇ ਸਰੀਰ ਵਿੱਚ ਤਾਂ ਸਾਰਾ ਖੂਨ ਹੈ?

* ਦੁੱਧ ਦਾ ਰੰਗ ਚਿੱਟਾ ਇਸ ਲਈ ਹੁੰਦਾ ਹੈ ਕਿਉਂਕਿ ਇਸ ਵਿੱਚ ਮੌਜੂਦ ਪ੍ਰੋਟੀਨ ਦਾ ਰੰਗ ਚਿੱਟਾ ਹੁੰਦਾ ਹੈ।

? ਸੰਸਾਰ ਵਿੱਚ ਬਾਂਦਰਾਂ ਦੀਆਂ ਕਿੰਨੀਆਂ ਜਾਤੀਆਂ ਹਨ।

* ਬਾਂਦਰਾਂ ਦੀਆਂ ਬਹੁਤ ਸਾਰੀਆਂ ਜਾਤੀਆਂ ਹੁੰਦੀਆਂ ਹਨ। ਵੱਖ-ਵੱਖ ਇਲਾਕਿਆਂ ਵਿੱਚ ਵੱਖ-ਵੱਖ ਭੂ-ਗੋਲਿਕ ਹਾਲਤਾਂ, ਜੀਵਾਂ ਦੀ ਉਪਲਬਧੀ ਨੇ ਇਨ੍ਹਾਂ ਦੀਆਂ ਸੈਂਕੜੇ ਜਾਤੀਆਂ ਪੈਦਾ ਕਰ ਦਿੱਤੀਆਂ ਹਨ।

? ਬਿਨਾਂ ਉੱਡਣ ਵਾਲਾ ਪੰਛੀ ਕਿਹੜਾ ਹੈ ਜੋ ਮੁਰਗੇ ਨਾਲ ਮਿਲਦਾ-ਜੁਲਦਾ ਹੈ।

* ਬਿਨਾਂ ਉੱਡਣ ਵਾਲਾ ਮੁਰਗੇ ਨਾਲ ਮਿਲਦਾ ਜੁਲਦਾ ਪੰਛੀ ਸੁਤਰ ਮੁਰਗ ਹੈ ਜੋ ਆਸਟਰੇਲੀਆ ਵਿੱਚ ਮਿਲਦਾ ਹੈ।

? ਕੀ ਤੇਜ਼ਾਬੀ ਵਰਖਾ ਫਸਲਾਂ ਲਈ ਹਾਨੀਕਾਰਕ ਹੋ ਸਕਦੀ ਹੈ? ਇਸ ਉੱਤੇ ਕਾਬੂ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ? * ਜੀ ਹਾਂ ਤੇਜ਼ਾਬੀ ਵਰਖਾ ਫਸਲਾਂ ਲਈ ਹਾਨੀਕਾਰਕ ਹੈ, ਵਾਯੂਮੰਡਲ ਵਿਚ ਇਹ ਮੋਟਰਾਂ, ਬੱਸਾਂ ਅਤੇ ਬਿਜਲੀ ਯੰਤਰਾਂ ਵਿਚੋਂ ਨਿਕਲੀਆਂ ਸਲਫਰ ਅਤੇ ਨਾਈਟ੍ਰੋਜਨ ਗੈਸਾਂ ਕਰਕੇ ਹੁੰਦਾ ਹੈ ਇਨ੍ਹਾਂ ਦੀ ਮਾਤਰਾ ਵਧ ਜਾਣ ਨਾਲ ਤੇਜ਼ਾਬੀ ਵਰਖਾ ਹੁੰਦੀ ਹੈ। ਅਜੇ ਤੱਕ ਵਿਗਿਆਨਕ ਬਰਸਾਤ 'ਤੇ ਕਾਬੂ ਪਾਉਣ ਦੀ ਜੁਗਤ ਨਹੀਂ ਲੱਭ ਸਕੇ।

? ਕੀ ਸਰੋਂ ਦੇ ਸਾਗ ਵਿਚ ਖਣਿਜ ਅਤੇ ਵਿਟਾਮਿਨ ਹੁੰਦੇ ਹਨ ਜੇ ਹੁੰਦੇ ਹਨ ਤਾਂ ਕਿਹੜੇ?

* ਸਰੋਂ ਦੇ ਸਾਗ ਵਿਚ ਥੋੜ੍ਹੀ ਜਿਹੀ ਮਾਤਰਾ ਵਿਚ ਹੀ ਵਿਟਾਮਿਨ ਸੀ ਹੁੰਦਾ ਹੈ। ਇਸ ਤੋਂ ਇਲਾਵਾ ਲੋਹਾ, ਕੈਰੋਟੀਨ ਆਦਿ ਹੁੰਦੇ ਹਨ।

? ਉਨ੍ਹਾਂ ਦਰਖੱਤਾਂ ਦੇ ਨਾਮ ਦੱਸੋ ਜੋ ਰਾਤ ਨੂੰ ਵੀ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ।

* ਅਜਿਹਾ ਕੋਈ ਵੀ ਹਰਾ ਦਰਖੱਤ ਨਹੀਂ ਹੋ ਸਕਦਾ ਜਿਹੜਾ ਰਾਤ ਨੂੰ ਵੀ ਆਕਸੀਜਨ ਛੱਡਦਾ ਹੋਵੇ।

? ਡਾਇਨਾਸੌਰ ਜੇਕਰ ਧਰਤੀ ਤੇ ਦੁਬਾਰਾ ਪੈਦਾ ਹੋ ਜਾਣ ਤਾਂ ਕੀ ਹੋਵੇਗਾ?

* ਡਾਇਨਾਸੌਰ ਜੇ ਅੱਜ ਧਰਤੀ ਤੇ ਪੈਦਾ ਹੋ ਵੀ ਜਾਣ ਤਾਂ ਵੀ ਇਨ੍ਹਾਂ ਨੇ ਮਨੁੱਖ ਦੇ ਕਾਬੂ ਵਿਚ ਰਹਿਣਾ ਹੈ, ਨਹੀਂ ਤਾਂ ਮਨੁੱਖ ਜਾਤੀ ਨੇ ਆਪਣੇ ਵਧੀਆ ਦਿਮਾਗ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਦਾ ਖਾਤਮਾ ਕਰ ਦੇਣਾ ਹੈ।

? ਜਦੋਂ ਬਿੱਲੀ ਰੋਂਦੀ ਹੈ ਤਾਂ ਲੋਕ ਉਸ ਦੇ ਰੋਣ ਨੂੰ ਬੁਰਾ ਆਖਦੇ ਹਨ ਅਤੇ ਉਸ ਨੂੰ ਭਜਾ ਦਿੰਦੇ ਹਨ। ਬਿੱਲੀ ਕਿਉਂ ਰੋਂਦੀ ਹੈ, ਇਸ ਬਾਰੇ ਜਾਣਕਾਰੀ ਦਿਉ।

* ਜਾਨਵਰਾਂ ਦੇ ਰੋਣ ਜਾਂ ਚੀਕਾਂ ਮਾਰਨ ਦਾ ਕਾਰਨ ਦੂਸਰੇ ਜਾਨਵਰਾਂ ਨਾਲ ਸੰਪਰਕ ਕਰਨਾ ਹੀ ਹੁੰਦਾ ਹੈ। ਬਿੱਲੀ ਵੀ ਰੋਣ ਦੀਆਂ ਆਵਾਜ਼ਾਂ ਦੂਸਰੀਆਂ ਬਿੱਲੀਆਂ ਨਾਲ ਸੰਪਰਕ ਬਣਾਉਣ ਲਈ ਕਰਦੀ ਹੈ।

# ਪੁਣਛਾਣ



ਪੰਮੀ ਲਾਲੋ ਮਜਾਰਾ
91-95011-43755

## ਕੀ ਕਰੀਮਪੁਰੀ ਸੈਂਸਰ ਬੋਰਡ ਤੋਂ ਵੀ ਵੱਡਾ

ਗੱਲ 4-5 ਸਾਲ ਪੁਰਾਣੀ ਹੈ ਜਦੋਂ ਮੇਰੀ ਕਲਮ 'ਚੋਂ ਲਿਖਿਆ ਗੀਤ 'ਚਮਾਰ' ਮਾਰਕੀਟ ਵਿਚ ਆਇਆ। ਜਦੋਂ ਇਸ ਦੀ ਚੰਡੀਗੜ੍ਹ ਵਿਚ ਸ਼ੂਟਿੰਗ ਹੋਈ ਸੀ ਤਾਂ ਐਨ ਮੌਕੇ ਤੇ ਆ ਕੇ ਮਾਡਲਿੰਗ ਕਰਨ ਵਾਲੇ ਮਾਡਲ ਹੀ ਮੁੱਕਰ ਗਏ, ਅਖੇ ਇਸ ਗੀਤ ਵਿਚ ਤਾਂ 'ਚਮਾਰ' ਸ਼ਬਦ ਆਉਂਦਾ ਹੈ। ਲਾ ਪਾ ਕੇ ਇਕ ਜਲੰਧਰ ਦੀ ਕੁੜੀ ਮਾਡਲਿੰਗ ਲਈ ਮੰਨੀ ਤੇ ਉਹਦੇ ਨਾਲ ਵੀਡੀਓ ਡਾਇਰੈਕਟਰ ਨੇ ਖੁਦ ਮਾਡਲਿੰਗ ਕੀਤੀ। ਬਾਅਦ ਵਿਚ ਐਮ. ਐਚ. 1 ਚੈਨਲ ਨੇ ਇਸ ਗੀਤ ਦਾ ਵੀਡੀਓ ਲਾਉਣ ਤੋਂ ਮਨ੍ਹਾਂ ਕਰ ਦਿੱਤਾ, ਅਖੇ ਇਹ ਤਾਂ ਜਾਤੀ ਸੂਚਕ ਗੀਤ ਹੈ। ਜੇ ਇਹ ਗੀਤ ਸਾਡੇ ਚੈਨਲ ਤੇ ਲਾਉਣਾ ਤਾਂ ਪਹਿਲਾਂ ਸੈਂਸਰ ਬੋਰਡ ਤੋਂ ਪਾਸ ਕਰਵਾ ਕੇ ਲਿਆਓ। ਸੈਂਸਰ ਬੋਰਡ ਵਾਲਿਆਂ ਨੇ ਕਿਹਾ ਕਿ ਪੰਜਾਬ ਬਸਪਾ ਦਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਜੋ ਕਿ ਉਸ ਵਕਤ ਰਾਜ ਸਭਾ ਦਾ ਮੈਂਬਰ ਵੀ ਸੀ, ਉਹ ਆਪਣੇ ਲੈਟਰ ਪੈਡ ਤੇ ਲਿਖ ਕੇ ਦੇਵੇ ਕਿ ਸਾਡੀ ਪਾਰਟੀ ਨੂੰ ਕਿਸੇ ਵੀ ਤਰ੍ਹਾਂ ਦਾ ਇਤਰਾਜ਼ ਨਹੀਂ ਹੋਵੇਗਾ, ਫਿਰ ਅਸੀਂ ਗੀਤ ਨੂੰ ਪਾਸ ਕਰਨ ਦਾ ਸਰਟੀਫਿਕੇਟ ਦੇ ਦੇਵਾਂਗੇ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕਿਸੇ ਫਿਲਮ ਨੂੰ ਜਾਂ ਕਿਸੇ ਗੀਤ ਨੂੰ ਸੈਂਸਰ ਕਰਨ ਦਾ ਅਧਿਕਾਰ ਸਿਰਫ ਸੈਂਸਰ ਬੋਰਡ ਨੂੰ ਹੁੰਦਾ ਹੈ, ਕਿਸੇ ਹੋਰ ਨੂੰ ਨਹੀਂ। ਫਿਰ ਕੀ ਕਰੀਮਪੁਰੀ ਸੈਂਸਰ ਬੋਰਡ ਤੋਂ ਵੀ ਵੱਡਾ ਹੋ ਗਿਆ। ਇਸ ਮਸਲੇ ਸਬੰਧੀ ਅਸੀਂ ਤੱਤਕਾਲੀ ਸੂਚਨਾ ਤੇ ਪ੍ਰਸਾਰਣ ਮੰਤਰੀ ਮੁਨੀਸ਼ ਤਿਵਾੜੀ ਨੂੰ ਵੀ ਮਿਲੇ ਸੀ ਪਰ ਨਤੀਜਾ ਜ਼ੀਰੋ ਹੀ ਰਿਹੈ।

## ਜੇ ਖਹਿਰਾ ਆਮ ਆਦਮੀ ਤੇ

ਬੀਬੀ ਜਗੀਰ ਕੌਰ ਤੋਂ ਤਿੰਨ ਵਾਰ ਹਾਰਨ ਵਾਲਾ ਤੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ 'ਚ ਜਾਣ ਵਾਲਾ ਸੁੱਖਪਾਲ ਖਹਿਰਾ 6 ਲੱਖ ਦੀ ਗੁੱਟ ਤੇ ਘੜੀ ਲਾਉਂਦਾ ਹੈ ਤੇ ਇਕ ਲੱਖ ਰੁਪਏ ਦਾ ਕੋਲ ਮੋਬਾਇਲ ਰੱਖਦਾ ਹੈ। ਜੇ ਆਮ ਆਦਮੀ ਦੀ ਪਰਿਭਾਸ਼ਾ ਇਹੀ ਹੈ ਤੇ ਫਿਰ ਖਾਸ ਆਦਮੀ ਦੀ ਪਰਿਭਾਸ਼ਾ ਕੀ ਹੈ। ਖਹਿਰਾ ਸਾਹਿਬ ਆਮ ਆਦਮੀ ਉਹ ਸੀ ਜਿਸਨੇ ਇਸ ਮੁਲਕ ਦੇ ਚੱਪੇ ਚੱਪੇ ਨੂੰ ਪੈਦਲ ਤੁਰ ਕੇ ਤੇ ਜਾਂ ਕਿਰਾਏ ਦੇ ਸਾਈਕਲ ਤੇ ਲੱਗਭੱਗ 4500 ਕਿਲੋਮੀਟਰ ਦਾ ਸਫ਼ਰ ਕੀਤਾ। ਆਮ ਆਦਮੀ ਉਹ ਸੀ ਜਿਸਨੇ ਹਜ਼ਾਰਾਂ ਸਾਲਾਂ ਤੋਂ ਲਿਤਾੜੇ ਜਾ ਰਹੇ ਦਲਿਤ ਸਮਾਜ 'ਚ ਜੁਰਅੱਤ ਪੈਦਾ ਕੀਤੀ ਤੇ ਮਾਣ ਸਮਾਨ ਨਾਲ ਜਿਊਣ ਦਾ ਢੰਗ ਤਰੀਕੇ ਦੱਸਿਆ। ਖਹਿਰਾ ਸਾਹਿਬ ਉਸ ਸ਼ਖਸ ਦਾ ਨਾਂ ਸੀ ਸਾਹਿਬ ਸ੍ਰੀ ਕਾਂਸ਼ੀ ਰਾਮ।

## ਸੈਲਫੀ ਕਿ ਸੂ-ਸਾਈਡ

ਸੈਲਫੀ ਲੈਣ ਦਾ ਕਰੇਜ਼ ਇਸ ਕਦਰ ਵੱਧ ਗਿਆ ਹੈ ਕਿ ਲੋਕਾਂ ਨੂੰ ਆਪਣੀ ਜਾਨ ਦੀ ਵੀ ਪਰਵਾਹ ਨਹੀਂ ਰਹੀ। ਹਾਂਗਕਾਂਗ ਦੇ ਇਕ ਸ਼ਖਸ ਨੇ ਲੱਗਭੱਗ ਸਾਢੇ 11 ਹਜ਼ਾਰ ਫੁੱਟ 'ਚੋਂ ਸੈਲਫੀ ਲਈ। ਮੁੰਬਈ ਸਮੁੰਦਰ ਦੇ ਕਿਨਾਰੇ ਤੇ ਖੜ੍ਹ ਕੇ ਤਿੰਨ ਸਹੇਲੀਆਂ ਸੈਲਫੀ ਲੈਣ ਲੱਗੀਆਂ, ਸਮੁੰਦਰ 'ਚ ਜਾ ਡਿੱਗਿਆ। ਉਥੇ ਖੜ੍ਹੇ ਇਕ ਜਾਂਬਾਜ ਨੇ ਦੋ ਸਹੇਲੀਆਂ ਨੂੰ ਤਾਂ ਬਚਾ ਲਿਆ, ਪਰ ਤੀਸਰੀ ਸਹੇਲੀ ਨੂੰ ਲੱਭਣ ਗਿਆ, ਉੱਚੀਆਂ ਲਹਿਰਾਂ ਦਾ ਗੁਆਚ ਗਿਆ। ਮੁੰਬਈ 'ਚ ਹੀ ਕਈ ਨੌਜਵਾਨ ਲੋਕਲ ਟਰੇਨਾਂ ਦੇ ਬਾਹਰ ਲਮਕ ਕੇ ਸੈਲਫੀ ਲੈਣ ਦੇ ਚੱਕਰ 'ਚ ਮੌਤ ਦੇ ਮੂੰਹ 'ਚ ਜਾ ਗਿਰੇ। ਕਈ ਨੌਜਵਾਨ ਬਾਈਕ ਤੇ ਜਾਂਦੇ ਜਾਂਦੇ ਸੈਲਫੀ ਲੈਣ ਤੋਂ ਗੁਰੇਜ਼ ਨੀ ਕਰਦੇ। ਫਿਰ ਕੁੜੀਆਂ ਵੈਣ ਪਾ ਪਾ ਕੇ ਦੱਸਦੀਆਂ ਹਨ ਕਿ ਉਹ ਤਾਂ ਮਾਪਿਆਂ ਦਾ ਪੁੱਤ ਵੀ ਕੱਲਾ-ਕੱਲਾ ਹੀ ਸੀ।

## ਇਕ ਵੱਡੇ ਬਾਦਲ ਨੂੰ ਛੱਡ ਦਿਓ ਤੇ ਇਕ ਛੋਟੇ ਨੂੰ

ਇਕ ਦਿਨ ਮੈਂ ਇਕ ਨੈਸ਼ਨਲ ਨਿਊਜ਼ ਚੈਨਲ ਦੇ ਪੱਤਰਕਾਰ ਨੂੰ ਪੁੱਛਿਆ ਕਿ ਤੁਹਾਡੇ ਨਿਊਜ਼ ਚੈਨਲ ਦੀ ਪਾਲਸੀ ਕੀ ਹੈ, ਕਹਿੰਦਾ ਇਕੋ ਹੀ ਪਾਲਸੀ ਹੈ ਕਿ ਇਕ ਵੱਡੇ ਬਾਦਲ ਦੇ ਖ਼ਿਲਾਫ਼ ਖ਼ਬਰ ਨੀ ਭੇਜਣੀ ਤੇ ਇਕ ਛੋਟੇ ਬਾਦਲ ਦੇ ਖਿਲਾਫ, ਬਾਕੀ ਜਿਹਦੇ ਮਰਜ਼ੀ ਖਿਲਾਫ ਖ਼ਬਰ ਭੇਜੋ, ਉਹ ਸਾਡੇ ਚੈਨਲ ਤੇ ਹਰ ਹਾਲਤ 'ਚ ਚੱਲੂਗੀ।

## ਜਨਰਲ ਹਲਕਿਆਂ ਤੇ ਦਲਿਤਾਂ ਨੂੰ ਟਿਕਟਾਂ ਦੇਣ ਤੋਂ ਗੁਰੇਜ਼ ਕਿਉਂ

ਪੰਜਾਬ ਵਿਚ 34 ਰਿਜ਼ਰਵ ਸੀਟਾਂ ਹਨ। ਇਹਨਾਂ 34 ਸੀਟਾਂ ਤੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ, ਇਕ ਬਸਪਾ ਨੂੰ ਛੱਡ ਕੇ, ਖੜ੍ਹੇ ਕਰਨਾ ਬਾਕੀ ਸਭ ਸਿਆਸੀ ਪਾਰਟੀਆਂ ਦੀ ਮਜਬੂਰੀ ਜਿਹੀ ਹੀ ਲੱਗਦਾ ਹੈ। ਜੇ ਇਹਨਾਂ ਪਾਰਟੀਆਂ ਦੀ ਮਜਬੂਰੀ ਨਹੀਂ ਹੈ ਤਾਂ ਫਿਰ ਜਨਰਲ ਸੀਟਾਂ ਤੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਕਿਉਂ ਨਹੀਂ ਖੜ੍ਹੇ ਕੀਤਾ ਜਾਂਦਾ। ਗੱਲ ਕਾਬਲੀਅਤ ਦੀ ਨਹੀਂ, ਮਾਨਸਿਕਤਾ ਵਿਚ ਕਿਤੇ ਨਾ ਕਿਤੇ ਖੋਟ ਵੀ ਲੱਗਦੀ ਹੈ।

## ਮਾਂ ਹੁੰਦੀ ਏ ਮਾਂ ਵੇ ਦੁਨੀਆਂ ਵਾਲਿਆ

ਮਾਂ ਤਾਂ ਬੱਸ ਮਾਂ ਹੁੰਦੀ ਹੈ ਚਾਹੇ ਉਹ ਭਾਰਤੀ ਮਾਂ ਹੋਵੇ ਤੇ ਚਾਹੇ ਪਾਕਿਸਤਾਨੀ ਮਾਂ ਹੋਵੇ। ਪਠਾਨਕੋਟ ਏਅਰਬੇਸ ਤੇ ਹਮਲੇ ਦੀ ਰਾਹ ਨੂੰ ਜਦ 12 ਵੱਜ ਕੇ 37 ਮਿੰਟ ਤੇ ਇਕ ਅੱਤਵਾਦੀ ਨੇ ਅਗਵਾ ਕੀਤੇ ਐਸ. ਪੀ. ਸਲਵਿੰਦਰ ਸਿੰਘ ਦੇ ਫੋਨ ਤੋਂ ਆਪਣੀ ਮਾਂ ਨੂੰ ਫੋਨ ਕੀਤਾ ਤਾਂ ਮਾਂ ਨੇ ਪੁੱਛਿਆ ਕਿ ਬੇਟਾ ਤੂੰ ਇਸ ਵਕਤ ਕਿੱਥੇ ਦੇ ਤਾਂ ਅੱਤਵਾਦੀ ਬੇਟੇ ਨੇ ਕਿਹਾ ਕਿ ਮਾਂ ਮੈਂ ਇਸ ਵਕਤ ਫਿਦਾਈਨ ਮਿਸ਼ਨ ਤੇ ਹਾਂ, ਤਾਂ ਅੱਗੋਂ ਉਸ ਪਾਕਿਸਤਾਨੀ ਮਾਂ ਦਾ ਜਵਾਬ ਬੜਾ ਦਿਲ ਨੂੰ ਧੁਰ ਅੰਦਰ ਤੱਕ ਲੀਰਾਂ ਕਰ ਦੇਣ ਵਾਲਾ ਸੀ, ਜਿਸਨੂੰ ਇਹ ਵੀ ਚੰਗੀ ਤਰ੍ਹਾਂ ਪਤਾ ਸੀ ਕਿ ਮੇਰਾ ਬੇਟਾ ਕਿਸੇ ਵੀ ਵਕਤ ਗੋਲੀ ਦਾ ਸ਼ਿਕਾਰ ਹੋ ਸਕਦਾ ਹੈ, ਅਖੇ ਬੇਟਾ ਮਰਨ ਤੋਂ ਪਹਿਲਾਂ ਕੁਝ ਖਾਸ ਜ਼ਰੂਰ ਲੈਣਾ। ਕੀ ਫਰਕ ਪੈਂਦਾ ਹੈ ਕਿ ਮਰਨ ਤੋਂ ਪਹਿਲਾਂ ਕੁਝ ਖਾਧਾ ਜਾਵੇ ਨਾ। ਪਰ ਗੱਲ ਮਾਂ ਦੀ ਮਮਤਾ ਦੀ ਹੈ। ਗੂੰਗੇ ਦੀਆਂ ਰਮਜ਼ਾਂ ਗੂੰਗੇ ਦੀ ਮਾਂ ਹੀ ਜਾਣੇ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ਼੍ਰੀ ਗੁਰੂ ਰਵਿਦਾਸ ਮੰਦਿਰ ਨੰਗਲ ਵਿੱਚ ਸੰਗਰਾਦ ਦੇ ਦਿਹਾੜੇ ਮੌਕੇ ਗਦਰੀ ਆਗੂ ਅਤੇ ਆਦਿ ਧਰਮ ਮੰਡਲ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ

**ਨੰਗਲ (ਕੁਲਦੀਪ ਚੰਦ)–** ਸ਼੍ਰੀ ਗੁਰੂ ਰਵਿਦਾਸ ਮੰਦਰ ਪੁਰਾਣਾ ਗੁਰੂਦੁਆਰਾ ਨੰਗਲ ਵਿੱਚ ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਨੰਗਲ ਵਲੋਂ ਸੰਗਰਾਦ ਦਾ ਦਿਹਾੜਾ ਅਤੇ ਗਦਰੀ ਆਗੂ ਅਤੇ ਆਦਿ ਧਰਮ ਮੰਡਲ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ। ਇਸ ਸਬੰਧੀ ਕਰਵਾਏ ਗਏ ਇੱਕ ਸਮਾਗਮ ਵਿੱਚ ਪ੍ਰਧਾਨ ਦੌਲਤ ਰਾਮ, ਸਕੱਤਰ ਤਰਸੇਮ ਚੰਦ, ਚੰਨਣ ਸਿੰਘ, ਤਰਸੇਮ ਚੰਦ, ਸਰਦਾਰੀ ਲਾਲ, ਅਮ੍ਰਿਤਪਾਲ ਸਿੰਘ ਅੰਕੁ, ਬਕਾਨੂੰ ਰਾਮ, ਆਤਮਾ ਰਾਮ, ਕੈਪਟਨ ਸੰਤੋਖ ਸਿੰਘ, ਕੁਲਦੀਪ ਚੰਦ, ਮਨਜੀਤ ਕੁਮਾਰ ਆਦਿ ਨੇ ਗਦਰੀ ਆਗੂ ਅਤੇ ਆਦਿ ਧਰਮ ਮੰਡਲ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਸੰਘਰਸ਼ਮਈ ਜੀਵਨ ਸਬੰਧੀ ਵਿਚਾਰ ਸਾਂਝੇ ਕੀਤੇ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਅੱਜ ਦੇ ਦਿਨ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ ਅਤੇ ਸਮਾਜ ਦੀ ਅਖੌਤੀ ਵਿਵਸਥਾ ਕਾਰਨ ਬਾਬੂ ਮੰਗੂ ਰਾਮ ਦੇ ਪਰਿਵਾਰ ਨੂੰ ਉਚੱ ਵਰਗ ਦੇ ਕਹਿਲਾਉਣ ਵਾਲੇ ਲੋਕਾਂ ਦੀ ਘ੍ਰਿਣਾ ਦਾ ਸ਼ਿਕਾਰ ਹੋਣਾ ਪਿਆ ਸੀ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ ਪਰ ਇੱਥੇ ਵੀ ਬਾਬੂ ਜੀ ਨੂੰ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਬਾਬੂ ਮੰਗੂ ਰਾਮ ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਇਸ ਦੌਰਾਨ ਗਦਰ ਲਹਿਰ ਵਲੋਂ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਦੀ ਜਿੰਮੇਵਾਰੀ




ਬਾਬੂ ਜੀ ਨੂੰ ਦਿੱਤੀ ਗਈ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਮੰਗੂ ਰਾਮ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ਼੍ਰੀ ਲੰਕਾ ਤੋਂ ਬੰਬੇ ਆ ਪਹੁੰਚੇ। 1925 ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ। ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ। ਬਾਬੂ ਮੰਗੂ ਰਾਮ ਦੇ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੀ ਥਾਂ ਰਾਖਵਾਂਕਰਣ ਦਿਤਾ ਗਿਆ ਜਿਸ ਵਿੱਚ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਅੰਤ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਇਸ ਮੋਕੇ ਗੁਰੂ ਦਾ ਲੰਗਰ ਅਤੁਟ ਵਰਤਾਇਆ ਗਿਆ। ਇਸ ਮੋਕੇ ਡਾਕਟਰ ਆਰ ਕੇ ਕਟਾਰੀਆ, ਮਨਜੀਤ ਕੁਮਾਰ, ਸੁਰਿੰਦਰ ਕੁਮਾਰ, ਸੁਰਜੀਤ ਸਿੰਘ, ਨਿਰਮਲ ਸਿੰਘ, ਸ਼ਿਵ ਕੁਮਾਰ, ਅਸ਼ਵਨੀ ਕੁਮਾਰ, ਗੁਰਦਿਆਲ ਸਿੰਘ, ਤਰਸੇਮ ਲਾਲ, ਜਸਵਿੰਦਰ ਸਿੰਘ, ਮੰਗਤ ਰਾਮ, ਵਿਜੇ ਕੁਮਾਰ, ਅਸ਼ੋਕ ਕੁਮਾਰ, ਰਾਮ ਪ੍ਰਕਾਸ਼, ਬਿਹਾਰੀ ਲਾਲ, ਡਾਕਟਰ ਬਨਾਰਸੀ ਦਾਸ, ਮਹਿੰਦਰ, ਜਤਿਨ, ਕੰਚਨ ਬਾਲਾ, ਕਿਰਨ ਬਾਲਾ, ਮੁਸਕਾਨ, ਬੇਬੀ, ਦਵਿੰਦਰ ਕੌਰ, ਕਮਲੇਸ਼ ਕੌਰ, ਸੁਨੀਤਾ ਦੇਵੀ, ਅੰਤਿਕਾ, ਨੀਲਮ ਰਾਣੀ, ਰਾਜ ਰਾਣੀ ਆਦਿ ਹਾਜਰ ਸਨ।

# ਪੰਜਾਬ ਦੀ ਖੁਸ਼ਹਾਲੀ ਲਈ ਬਸਪਾ ਦੇ ਨੀਲੇ ਝੰਡੇ ਥੱਲੇ ਇਕੱਠੇ ਹੋਣ ਲੋਕ : ਬਲਵਿੰਦਰ ਕੁਮਾਰ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ’ਤੇ 15 ਜਨਵਰੀ ਨੂੰ ਸੂਬੇ ਭਰ ਵਿਚ ਜਿਲ੍ਹਾ ਪੱਧਰ ’ਤੇ ਜਨ ਕਲਿਆਣ ਦਿਵਸ ਸਮਾਰੋਹ ਕਰਵਾਏ ਜਾਣਗੇ। ਇਸ ਸਬੰਧ ਵਿਚ ਜਲੰਧਰ ਜਿਲ੍ਹੇ ਦਾ ਸਮਾਗਮ ਸਵੇਰੇ 11 ਵਜੇ ਤੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਵੇਗਾ। ਇਸ ਵਿਚ ਬਸਪਾ ਦੇ ਜਲੰਧਰ ਜੋਨ ਇੰਚਾਰਜ ਬਲਵਿੰਦਰ ਕੁਮਾਰ ਅੰਬੇਡਕਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ, ਜਦਕਿ ਜਲੰਧਰ ਦਿਹਾਤੀ ਪ੍ਰਧਾਨ ਬਲਵੀਰ ਸਿੰਘ ਤਿਹੰਗ ਸਮਾਗਮ ਦੀ ਪ੍ਰਧਾਨਗੀ ਕਰਨਗੇ। ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਸੋਮਵਾਰ ਨੂੰ ਬਸਪਾ ਦੇ ਜਲੰਧਰ ਜੋਨ ਇੰਚਾਰਜ ਬਲਵਿੰਦਰ ਕੁਮਾਰ ਨੇ ਨਾਰਥ ਵਿਧਾਨਸਭਾ ਹਲਕਾ, ਵੈਸਟ, ਸੈਂਟਰਲ ਤੇ ਕੈਂਟ ਵਿਧਾਨਸਭਾ ਹਲਕਿਆਂ ਵਿਚ ਮੀਟਿੰਗਾਂ ਕੀਤੀਆਂ। ਇਸ ਦੌਰਾਨ ਬਲਵਿੰਦਰ ਕੁਮਾਰ ਨੇ ਕਿਹਾ ਕਿ ਜਨ ਕਲਿਆਣ ਦਿਵਸ ਸਮਾ ਰੋਹ ਦੌਰਾਨ ਬਸਪਾ ਆਗੂ ਤੇ ਵਰਕਰ ਪੰਜਾਬ ਵਿਚ



ਆਉਣ

ਵਾਲੀਆਂ ਵਿਧਾਨਸਭਾ ਚੋਣਾਂ ਲਈ ਜਿੱਤ ਦਾ ਸੰਕਲਪ ਲੈਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਸਪਾ ਦੀ ਸਰਕਾਰ ਬਣਨ ’ਤੇ

ਹ ੀ

ਦਲਿਤਾਂ, ਪਛੜਿਆਂ, ਗਰੀਬਾਂ, ਕਿਸਾਨਾਂ, ਮਜਦੂਰਾਂ, ਮੁਲਾਜਮਾਂ ਆਦਿ ਦੀਆਂ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ। ਉਨ੍ਹਾਂ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਬਿਹਤਰੀ ਤੇ ਖੁਸ਼ਹਾਲੀ ਲਈ ਬਸਪਾ ਦੇ ਨੀਲੇ ਝੰਡੇ ਥੱਲੇ ਇਕੱਠੇ ਹੋਣ। ਵੱਖ-ਵੱਖ ਵਿਧਾਨਸਭਾ ਹਲਕਿਆਂ ਵਿਚ ਮੀਟਿੰਗਾਂ ਦੌਰਾਨ ਬਸਪਾ ਆਗੂਆਂ ਤੇ ਵਰਕਰਾਂ ਨੇ ਕਿਹਾ ਕਿ ਉਹ ਦੇਸ਼ ਭਗਤ ਯਾਦਗਾਰ ਹਾਲ ਵਿਚ ਹੋਣ ਵਾਲੇ ਜਨ ਕਲਿਆਣ ਦਿਵਸ ਸਮਾਰੋਹ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੂੰ ਲੈ ਕੇ ਸ਼ਾਮਲ ਹੋਣਗੇ। ਜਲੰਧਰ ਕੈਂਟ ਵਿਧਾਨਸਭਾ ਹਲਕੇ ਵਿਚ ਮੀਟਿੰਗ ਦੌਰਾਨ ਮੰਡਲ ਕੋਆਰਡੀਨੇਟਰ ਜਗਦੀਸ਼ ਰਾਣਾ, ਸ਼ਹਿਰੀ ਉਪਪ੍ਰਧਾਨ ਗੁਰਮੀਤ ਲਾਲ, ਹਲਕਾ ਕੈਂਟ ਪ੍ਰਧਾਨ ਰਣਜੀਤ ਸਰਹਾਲੀ, ਪੀਡੀ ਸ਼ਾਂਤ, ਹਰਦੇਵ ਕੌਰ ਸ਼ਾਂਤ, ਜਨਰਲ ਸਕੱਤਰ ਰਾਜਕੁਮਾਰ, ਜਨਰਲ ਸਕੱਤਰ ਸਤੀਸ਼ ਦੀਨਪੁਰ, ਸੋਨੀ ਚਾਚੋਵਾਲ, ਪੰਚ ਅਵਤਾਰ ਸੁਮਨ, ਪੰਚ ਮੇਜਰ ਸਿੰਘ, ਪੰਚ ਮੱਖਣ ਲਾਲ, ਪੰਚ ਪਰਮਜੀਤ, ਬਲਾਕ ਸੰਮਤੀ ਮੈਂਬਰ ਸੁਰਿੰਦਰ ਪਾਲ, ਰਾਜ ਧਨਾਲ, ਹਰਨੇਕ ਖਾਂਬਰਾ, ਸੁਰਿੰਦਰ ਦਾਦੂਵਾਲ, ਬਾਬਾ ਕੰਗਣੀਵਾਲ ਆਦਿ ਵੀ ਮੌਜੂਦ ਸਨ।

# ਮੌਜੂਦਾ ਸ਼ਾਸਨ ਵਿਵਸਥਾ ਗੁਰੂਆਂ ਦੀ ਸੋਚ ਮੁਤਾਬਕ ਸ਼ਾਸਨ ਪ੍ਰਬੰਧ ਸਥਾਪਿਤ ਨਹੀਂ ਕਰ ਰਹੀ - ਕਰੀਮਪੁਰੀ

**ਫਗਵਾੜਾ (ਬੀ ਕੇ ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਭਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਵ ਦੇ ਮੌਕੇ ’ਤੇ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਜੀ ਨੇ ਮਨੁੱਖਤਾ ਦੇ ਭਲੇ ਲਈ ਅੱਤਿਆਚਾਰਾਂ ਖਿਲਾਫ ਲੜਾਈ ਲੜੀ ਸੀ ਤੇ ਆਪਣਾ ਸਰਬੰਸ ਵਾਰਿਆ ਸੀ। ਸ. ਕਰੀਮਪੁਰੀ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਗਰੀਬ ਸਿੱਖਾਂ ਨੂੰ ਪਾਤਸ਼ਾਹੀ ਦੇਣ ਦੀ ਗੱਲ ਕੀਤੀ ਸੀ, ਪਰ ਅੱਜ ਸਾਮੰਤਵਾਦੀ ਸੋਚ ਵਾਲੇ ਲੋਕ, ਜੋ ਖੁਦ ਨੂੰ ਪੰਥਕ ਅਖਵਾਉਂਦੇ ਹਨ, ਉਨ੍ਹਾਂ ਵਲੋਂ ਆਪਣੀ ਸਰਕਾਰ ਦੌਰਾਨ ਇਨ੍ਹਾਂ ਗਰੀਬ ਸਿੱਖਾਂ ਨੂੰ ਵੀ ਹੱਥ-ਪੈਰ ਵੱਢ ਕੇ ਮੌਤ ਦਿੱਤੀ ਜਾ ਰਹੀ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਅਬੋਹਰ ਕਾਂਡ ਇਸ ਸੋਚ ਦਾ ਪ੍ਰਤੱਖ ਉਦਾਹਰਣ ਹੈ। ਸਾਮੰਤਵਾਦੀ ਸੋਚ ਵਾਲੀ ਸਰਕਾਰ ਨੇ ਗੁਰੂਆਂ ਦੀ ਸੋਚ ਨੂੰ ਸੂਬੇ ਵਿਚ ਲਾਗੂ ਨਹੀਂ ਹੋਣ ਦਿੱਤਾ ਅਤੇ ਜਾਤ-ਪਾਤ ਤੇ ਭੇਦਭਾਵ ਵਾਲੀ ਸੋਚ ਨੂੰ ਵਧਾਇਆ ਹੈ, ਜਿਸ ਕਾਰਨ ਪੰਜਾਬ ਵਿਚ ਖਾਸ ਤੌਰ ਤੇ ਗਰੀਬ ਸਿੱਖਾਂ ’ਤੇ ਅੱਤਿਆਚਾਰ ਹੋ ਰਹੇ ਹਨ। ਸ. ਕਰੀਮਪੁਰੀ ਨੇ ਇਹ ਵੀ ਕਿਹਾ ਕਿ ਬਾਦਲਾਂ ਦੇ ਪ੍ਰਭਾਵ ਹੇਠ ਕੰਮ ਕਰਨ ਵਾਲੀ ਐਸਜੀਪੀਸੀ ਵੀ ਸਿੱਖੀ ਦੇ ਪ੍ਰਚਾਰ ਦਾ ਕੰਮ ਸਹੀ ਢੰਗ ਨਾਲ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਇਸ ਸਾਮੰਤਵਾਦੀ ਸੋਚ ਕਾਰਨ ਹੀ ਸਿੱਖੀ ਸੰਸਥਾਵਾਂ ਦੇ ਸਨਮਾਨ ਨੂੰ ਸੱਟ ਵੱਜੀ ਹੈ।

ਸ. ਕਰੀਮਪੁਰੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਇਕ ਅਜਿਹੀ ਪਾਰਟੀ ਹੈ, ਜੋ ਗੁਰੂਆਂ ਦੀ ਸੋਚ ਮੁਤਾਬਕ ਬਰਾਬਰਤਾ ਵਾਲੀ ਵਿਵਸਥਾ ਲਾਗੂ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਸਮੂਹ ਸਿੱਖਾਂ ਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿਚ ਗੁਰੂਆਂ ਦੀ ਸੋਚ ਦੇ ਮੁਤਾਬਕ ਸ਼ਾਸਨ ਪ੍ਰਬੰਧ ਸਥਾਪਿਤ ਕਰਨ ਲਈ ਬਸਪਾ ਦੇ ਨਾਲ ਆਉਣ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਦੇ ਸਾਰੇ 22 ਜਿਲ੍ਹਿਆਂ ਵਿਚ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮਦਿਨ ਵੱਡੇ ਪੱਧਰ ’ਤੇ ਜਨ ਕਲਿਆਣ ਦਿਵਸ ਦੇ ਤੌਰ ’ਤੇ ਮਨਾਇਆ ਗਿਆ।

ਉਨ੍ਹਾਂ ਇਸਦੇ ਲਈ ਸਾਰੇ ਵਰਕਰਾਂ ਤੇ ਅਹੁਦੇਦਾਰਾਂ ਨੂੰ ਵਧਾਈ ਵੀ ਦਿੱਤੀ। ਇਸਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਸਾਰੇ ਅਹੁਦੇਦਾਰ ਤੇ ਵਰਕਰ ਸੂਬੇ ਦੇ 117 ਵਿਧਾਨਸਭਾ ਹਲਕਿਆਂ ਵਿਚ ਸੰਗਠਨ ਨੂੰ ਬੂਥ ਪੱਧਰ ਤੱਕ ਮਜਬੂਤ ਕਰਨ ਲਈ ਡਟ ਜਾਣ।

# ਮੁੱਖ ਮੰਤਰੀ ਬਾਦਲ ਵਲੋਂ ਫਗਵਾੜਾ ਵਿਖੇ ਪੋਲੀਓ ਦਿਵਸ ਦਾ ਕੀਤਾ ਗਿਆ ਉਦਘਾਟਨ

**ਫਗਵਾੜਾ (ਬੀ ਕੇ ਰੱਤੂ)–** ਪੰਜਾਬ ਵਿਚ 17 ਜਨਵਰੀ ਤੋਂ ਸ਼ੁਰੂ ਹੋਈ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਪਹਿਲੇ ਦਿਨ ਜ਼ਿਲ੍ਹਾ ਕਪੂਰਥਲਾ ਵਿੱਚ 50021 ਬੱਚਿਆ ਨੂੰ ਪੋਲੀਓ ਦੀ ਰੋਕਥਾਮ ਲਈਆਂ ਬੂੰਦਾਂ ਪਿਲਾਈਆਂ ਗਈਆਂ। ਇਸ ਖਾਸ ਮੌਕੇ 'ਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪਰਕਾਸ਼ ਸਿੰਘ ਬਾਦਲ ਵਲੋਂ ਫਗਵਾੜਾ ਵਿਖੇ ਬੱਚੇ ਨੂੰ ਪੋਲੀਓ ਬੰਦਾਂ ਪਿਲਾ ਕੇ ਪੋਲੀਓ ਦਿਵਸ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਮੁੱਖ ਸੰਸਦੀ ਸਕੱਤਰ ਸ੍ਰੀ ਸੋਮ ਪ੍ਰਕਾਸ਼ ਕੈਂਥ ਵੀ ਉਹਨਾਂ ਦੇ ਨਾਲ ਸਨ। ਇਸ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਕਪੂਰਥਲਾ



ਡਾ. ਵਰਿੰਦਰਾ ਸਿੰਘ ਨੇ ਦੱਸਿਆ ਕਿ ਪੋਲੀਓ ਦੇ ਜੜੋ ਖਾਤਮੇ ਦੇ ਉਦੇਸ਼ ਨਾਲ ਸਮੇ-ਸਮੇਂ ਤੇ ਪੱਲਸ ਪੋਲੀਓ ਮੁਹਿੰਮ ਚਲਾਈ ਜਾਂਦੀ ਹੈ ਤਾਂ ਕਿ ਇਸ ਨਾ ਮੁਰਾਦ ਬੀਮਾਰੀ 'ਤੇ ਨੱਥ ਪਾਈ ਜਾ ਸਕੇ। 17 ਤੋਂ 19 ਜਨਵਰੀ ਤੱਕ ਚੱਲਣ ਵਾਲੀ ਇਸ ਮੁਹਿੰਮ ਦੇ ਤਹਿਤ ਜ਼ਿਲ੍ਹਾ ਕਪੂਰਥਲਾ ਵਿੱਚ 0-5 ਸਾਲ ਦੇ 88331 ਬੱਚਿਆ ਨੂੰ ਪੱਲਸ ਪੋਲੀਓ ਬੂੰਦਾਂ ਪਿਲਾਉਣ ਦਾ ਟਿੱਚਾ ਮਿਥਿਆ ਗਿਆ ਹੈ। ਡਾ. ਵਰਿੰਦਰਾ ਸਿੰਘ ਨੇ ਦੱਸਿਆ ਕਿ ਜਿਲ੍ਹਾ ਕਪੂਰਥਲਾ ਵਿਚ ਇਸ ਮੁਹਿੰਮ ਨੂੰ ਸਫਲ ਬਣਾਉਣ ਦੇ ਉਦੇਸ਼ ਨਾਲ 538 ਰੈਗੂਲਰ ਬੂਥ ਬਣਾਏ ਗਏ ਹਨ। ਮੁਹਿੰਮ ਦੇ ਪਹਿਲੇ ਦਿਨ ਬੂਥਾਂ ਤੇ ਬੱਚਿਆ ਨੂੰ ਪੋਲੀਓ ਰੂੋਕ ਬੂੰਦਾਂ ਪਿਲਾਈਆਂ ਜਾਣਗੀਆਂ। 18 ਅਤੇ 19 ਜਨਵਰੀ, 2016 ਨੂੰ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣਗੇ। ਜਿਲ੍ਹਾ ਟੀਕਾ ਕਰਨ ਅਫਸਰ ਡਾ. ਗੁਲਸ਼ਨ ਕੁਮਾਰ ਨੇ ਦੱਸਿਆਂ ਕਿ ਇਸ ਤਿੰਨ ਦਿਨਾਂ ਮੁਹਿੰਮ ਵਾਸਤੇ ਕੁੱਲ 969 ਟੀਮਾਂ ਲਗਾਈਆਂ ਗਈਆਂ ਹਨ ਅਤੇ 1778 ਟੀਮ ਮੈਂਬਰ ਲਗਾਏ ਗਏ ਹਨ।

ਇਨ੍ਹਾਂ ਟੀਮਾਂ ਦੀ ਨਿਗਰਾਨੀ ਵਾਸਤੇ ਸੁਪਰਵਾਈਜਰਾਂ ਨੂੰ ਨਿਯੁਕਤ ਕੀਤਾ ਗਿਆ ਹੈ। ਉਹਨ੍ਹਾਂ ਦੱਸਿਆ ਕਿ ਇਸ ਦੌਰਾਨ ਰੇਲਵੇ ਸ਼ਟੇਸਨ, ਬੱਸ ਅੱਡੇ, ਹਾਈ ਰਿਸਕ ਏਰੀਏ ਨੂੰ ਵੀ ਕਵਰ ਕੀਤਾ ਜਾਵੇਗਾ।

# ਦੇਸ਼ ਦੀ ਤਰੱਕੀ ’ਚ ਸ਼ੋਸ਼ਲ ਤੇ ਇਲੈਕਟ੍ਰੋਨਿਕ ਮੀਡੀਆ ਦੇ ਨਾਲ ਨਾਲ ਪ੍ਰਿੰਟ ਮੀਡੀਆ ਦਾ ਅਹਿਮ ਰੋਲ - ਕੈਂਥ

**ਫਗਵਾੜਾ (ਬੀ ਕੇ ਰੱਤੂ)–** ਹਫ਼ਤਾਵਾਰੀ ਪੰਜਾਬੀ ਅਖ਼ਬਾਰ "ਸੱਚ ਦੀ ਤਾਕਤ’’ ਦਾ ਰਿਲੀਜ਼ ਸਮਾਗਮ ਹੋਟਲ ਹੇਅਰ ਪੈਲੇਸ ਵਿਖੇ ਸੰਪਾਦਕ ਸੁਖਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕਰਵ-ਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਸ਼੍ਰੀ ਸੋਮ ਪ੍ਰਕਾਸ਼ ਕੈਂਥ ਸ਼ਾਮਿਲ ਹੋਏ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਸ੍ਰ. ਸੁਰਿੰਦਰ ਸਿੰਘ ਸੋਢੀ ਆਈ. ਜੀ. ਜੀ. ਆਰ. ਪੀ. ਪਟਿਆਲਾ, ਸ਼੍ਰੀ ਪਵਨ ਕੁਮਾਰ ਬੀਸਲਾ ਐਸ.ਈ. ਤੇ ਐਕਸੀਅਨ ਪਾਵਰਕਾਮ, ਸ੍ਰ. ਸਰਵਣ ਸਿੰਘ ਕੁਲਾਰ ਚੇਅਰਮੈਨ ਮਾਰਕੀਟ ਕਮੇਟੀ ਆਦਿ ਸ਼ਾਮਿਲ ਹੋਏ। ਇਸ ਮੌਕੇ ਪ੍ਰਧਾਨਗੀ ਮੰਡਲ ’ਚ ਰਣਜੀਤ ਸਿੰਘ ਖੁਰਾਣਾ ਡਿਪਟੀ ਮੇਅਰ, ਰਮੇਸ਼ ਸਚਦੇਵਾ ਮੰਡਲ ਪ੍ਰਧਾਨ, ਅਸ਼ੋਕ ਸੇਠੀ ਚੇਅਰਮੈਨ ਆਈ.ਟੀ.ਆਈ, ਟੀ. ਡੀ. ਚਾਵਲਾ ਸੀਨੀ.ਪੱਤਰਕਾਰ, ਡਾ. ਜਵਾਹਰ ਧੀਰ, ਸੁਰਿੰਦਰ ਚੋਪੜਾ ਜਨਰਲ ਸਕੱਤਰ ਭਾਜਪਾ, ਸੁਖਵਿੰਦਰਪਾਲ ਬਿੱਲੂ ਖੇੜਾ ਕਨਵੀਨਰ ਐਸ.ਸੀ. ਡਿਪਾਰਟਮੈਂਟ, ਬਲਬੀਰ ਗੋਸਲ ਸੂਬਾ ਜਨਰਲ ਸਕੱਤਰ ਘੱਟ ਗਿਣਤੀ ਕਾਂਗਰਸ ਕਮੇਟੀ ਆਦਿ ਨੇ ਸ਼ਿਰਕਤ ਕੀਤੀ। ਇਸ ਮੌਕੇ ਸ਼੍ਰੀ ਸੋਮ ਪ੍ਰਕਾਸ਼ ਕੈਂਥ ਤੇ ਪ੍ਰਮੁੱਖ ਸਖਸ਼ੀਅਤਾਂ ਨੇ ਪੰਜਾਬੀ ਅਖ਼ਬਾਰ " ਸੱਚ ਦੀ ਤਾਕਤ ’’ ਦਾ ਪਲੇਠਾ ਅੰਕ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕਰਨ ਉਪਰੰਤ ਅਖ਼ਬਾਰ ਦੀ ਸਮੁੱਚੀ ਮੈਨੇਜ਼ਮੈਂਟ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ਼ੋਸ਼ਲ, ਇਲੈਕਟ੍ਰੋਨਿਕ ਮੀਡੀਏ ਦੇ



ਨਾਲ ਨਾਲ ਪ੍ਰਿੰਟ ਮੀਡੀਏ ਦਾ ਦੇਸ਼ ਦੀ ਤਰੱਕੀ ’ਚ ਅਹਿਮ ਰੋਲ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਮੁਕਾਬਲੇਬਾਜ਼ੀ ਦੇ ਯੁੱਗ ’ਚ ਅਖ਼ਬਾਰ ਕੱਢਣਾ ਚਣੌਤੀਪੂਰਨ ਹੈ। ਸ਼੍ਰੀ ਕੈਂਥ ਨੇ ਕਿਹਾ ਕਿ ਪੱਤਰਕਾਰ ਨੂੰ ਹਮੇਸ਼ਾਂ ਹੀ ਸੱਚ ’ਤੇ ਪਹਿਰਾ ਦਿੰਦੇ ਹੋਏ ਲੋਕਾਂ ਦੀ ਸਮੱਸਿਆਵਾਂ ਨੂੰ ਪ੍ਰਕਾਸ਼ਿਤ ਕਰਨ ’ਚ ਪਹਿਲ ਕਰਨੀ ਚਾਹੀਦੀ ਹੈ। ਸ਼੍ਰੀ ਕੈਂਥ ਨੇ ਕਿਹਾ ਕਿ ਸਰਕਾਰ ਤੇ ਜਨਤਾ ਵਿਚਕਾਰ ਤਾਲਮੇਲ ਬਣਾਉਣ ’ਚ ਮੀਡੀਆ ਦੀ ਵੱਡੀ ਭੂਮਿਕਾ ਹੁੰਦੀ ਹੈ।

# ਮੁਕੰਦਪੁਰ ਸਕੂਲ ਦੀਆਂ ਲੜਕੀਆਂ ਨੇ ਸੂਬਾ ਪੱਧਰੀ ਖੇਡਾਂ 'ਚੋਂ ਦੋ ਗੋਲਡ ਮੈਡਲ, ਇੱਕ ਸਿਲਵਰ ਤੇ ਇੱਕ ਕਾਂਸੇ ਦੇ ਮੈਡਲ ਜਿੱਤੇ



**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 61ਵੀਆਂ ਪੰਜਾਬ ਸਕੂਲ ਖੇਡਾਂ ਬਾਕਸਿੰਗ ਅੰਡਰ-19 ਜੋ ਪਿਛਲੇ ਦਿਨੀਂ ਪਟਿਆਲਾ ਵਿਖੇ ਹੋਈਆਂ ਸਨ। ਉਨ੍ਹਾਂ 'ਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਕੰਦਪੁਰ ਦੀਆਂ ਦੋ ਵਿਦਿਆਰਥਣਾਂ ਊਸ਼ਾ ਰਾਣੀ ਪੱਤਰੀ ਹਰਮੇਸ਼ ਲਾਲ ਅਤੇ ਵਨੀਤਾ ਦੇਵੀ ਪੁੱਤਰੀ ਅਵਤਾਰ ਚੰਦ ਨੇ ਕ੍ਰਮਵਾਰ ਸਿਲਵਰ ਅਤੇ ਕਾਂਸੇ ਦਾ ਤਗਮਾ ਕੀਤਾ ਹੈ। ਜੋ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਲਈ ਬਹੁਤ ਮਾਣ ਵਾਲੀ ਗੱਲ ਜਿਕਰਯੋਗ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਕੰਦਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਪਲੇਠਾ ਸਕੂਲ ਹੈ ਜਿਸ ਦੀਆਂ ਹੋਣਹਾਰ ਵਿਦਿਆਰਥਣਾਂ ਨੇ ਬਾਕਸਿੰਗ ਅੰਡਰ-19 ਮੁਕਾਬਲੇ ਵਿੱਚ ਇਹ ਤਗਮੇ ਜਿੱਤੇ। ਹਰਵਿੰਦਰ ਕੌਰ ਪੁੱਤਰੀ ਪਰਮਜੀਤ ਅਤੇ ਮਨਪ੍ਰੀਤ ਕੌਰ ਪੱਤਰੀ ਜੀਤ ਰਾਮ ਵਲੋਂ 61ਵੀਆਂ ਪੰਜਾਬ ਸਕੂਲ ਖੇਡਾਂ, ਕਬੱਡੀ ਪੰਜਾਬ ਸਟਾਇਲ ਅੰਡਰ-19 ਜੋ ਬਠਿੰਡੇ ਵਿਖੇ ਹੋਈਆਂ ਵਿੱਚ ਭਾਗ ਲੈਂਦੇ ਹੋਏ ਗੋਲਡ ਮੈਡਲ ਜਿੱਤੇ। ਇਸ ਸਬੰਧ ਵਿੱਚ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਇੱਕ ਸਨਮਾਨ ਸਮਾਗਮ ਅਯੋਜਿਤ ਕੀਤਾ ਗਿਆ ਜਿਸ ਵਿੱਚ ਸਰਪੰਚ ਮੈਡਮ ਪੁਸ਼ਪਿੰਦਰ ਕੌਰ, ਪ੍ਰਿੰਸੀਪਲ ਅਮਰਜੀਤ ਖਟਕੜ, ਕਰਨੈਲ ਸਿੰਘ ਬੀ ਪੀ ਈ ਓ ਮੁਕੰਦਪੁਰ ਵਲੋਂ ਇਨ੍ਹਾਂ ਚਾਰਾਂ ਵਿਦਿਆਰਥਣਾਂ ਦਾ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਪ੍ਰਧਾਨ ਅਤੇ ਜ਼ਿਲ੍ਹਾ ਸਿਖਿਆ ਅਫ਼ਸਰ ਸ਼੍ਰੀ ਦਿਨੇਸ਼ ਕੁਮਾਰ ਅਤੇ ਸ਼੍ਰੀ ਅਮਰਜੀਤ ਸਿੰਘ ਬੈਂਸ ਸਹਾਇਕ ਸਿਖਿਆ ਅਫ਼ਸਰ ਖੇਡਾਂ ਨੇ ਬੱਚਿਆਂ ਨੂੰ ਇਸ ਪ੍ਰਾਪਤੀਆਂ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਬਾਕਸਿੰਗ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚੋਂ ਸਿਰਫ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਕੰਦਪੁਰ ਵਿਖੇ ਹੀ ਖੇਡੀ ਜਾਂਦੀ ਹੈ। ਉਨ੍ਹਾਂ ਇਸ ਪ੍ਰਾਪਤੀ ਲਈ ਸਕੂਲ ਦੇ ਮਿਹਨਤੀ ਸਟਾਫ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਬੱਚਿਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਮਿਹਨਤ ਕਰਵਾਈ ਤੇ ਉਹ ਇਸ ਪ੍ਰਾਪਤੀ ਦੇ ਕਾਬਲ ਬਣ ਸਕੇ ਅਤੇ ਅੰਤ ਵਿੱਚ ਪ੍ਰਿੰਸੀਪਲ ਅਮਰਜੀਤ ਖਟਕੜ ਨੇ ਹਾਜ਼ਰ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਹਰਮਿੰਦਰ ਸਿੰਘ ਸਾਬਕਾ ਸਰਪੰਚ, ਪੰਚ ਅਨੀਤਾ ਗੌਤਮ, ਪੰਚ ਕੁਲਦੀਪ ਚੰਦ, ਪੰਚ ਰਾਹੁਲ, ਪੰਚ ਸੁਰੇਸ਼ ਕੁਮਾਰ, ਜਸਵਿੰਦਰ ਕੌਰ, ਰਾਣੀ, ਸੁਰੇਸ਼, ਸੰਦੀਪ ਕੁਮਾਰ, ਅਮਰਜੀਤ ਸਿੰਘ ਗਹਿਲ ਮਜਾਰੀ, ਗੁਰਸ਼ਰਨਦੀਪ, ਪ੍ਰੇਮ ਕੁਮਾਰ, ਇੰਦਰਪਾਲ ਸਿੰਘ, ਗੁਰਜਿੰਦਰ ਸਿੰਘ, ਰਣ ਬਹਾਦਰ, ਬੁੱਧ ਦਾਸ, ਸੰਦੀਪ ਕੁਮਾਰ, ਸਤਨਾਮ ਸਿੰਘ, ਸਤਿੰਦਰ ਸੋਢੀ, ਮਨਦੀਪ ਸਿੰਘ, ਗੁਰਦੀਪ ਸਿੰਘ, ਜਸਵੀਰ ਸਿੰਘ, ਰਾਜ ਕੁਮਾਰ, ਦਵਿੰਦਰ ਕੌਰ, ਪ੍ਰਵੀਨ ਕੌਰ, ਰਮਨਦੀਪ, ਨੀਰੂ ਸ਼ਰਮਾਂ, ਮਿਸ ਮੰਜੂ ਬਾਲੀ, ਹਰਪ੍ਰੀਤ ਕੌਰ, ਸਰਬਜੀਤ ਕੌਰ, ਜੋਤੀ ਗੁਪਤਾ, ਮਿਸ ਪ੍ਰਤੀਮਾ ਸ਼ਰਮਾਂ, ਸ਼੍ਰੀ ਕੁਲਵੰਤ ਸਿੰਘ ਹਾਜ਼ਰ ਸਨ।

## ਸੁਤੰਤਰਤਾ ਸੰਗਰਾਮੀ ਸੁਸ਼ੀਲਾ ਦੀਦੀ ਨੂੰ ਸ਼ਰਧਾਂਜਲੀ



ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੀਸੀਏਸ਼ਨ ਦੀ ਸਰਗਰਮ ਮੈਂਬਰ, ਸਾਂਡਰਸ ਦੇ ਕਤਲ ਤੋਂ ਬਾਅਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂਨੂੰ ਕਲਕੱਤੇ ਰਹਿਣ ਦਾ ਬੰਦੋਬਸਤ ਕਰਨ ਵਾਲੀ ਮਹਾਨ ਸੁਤੰਤਰਤਾ ਸੰਗਰਾਮੀ ਸੁਸ਼ੀਲਾ ਦੀਦੀ ਸਾਡੇ ਤੋਂ 15 ਜਨਵਰੀ 1963 ਨੂੰ ਵਿੱਛੜ ਗਏ ਸਨ। ਉਹਨਾਂ ਨੇ ਆਜ਼ਾਦੀ ਸੰਗਰਾਮ ਦਰਮਿਆਨ ਯੂਰਪੀ ਸਾਰਜੈਂਟ ਅਤੇ ਉਸਦੀ ਪਤਨੀ 'ਤੇ ਹਮਲਾ ਕੀਤਾ। ਅਦਾਰਾ 'ਦੇਸ਼ ਦੁਆਬਾ' ਮਹਾਨ ਸੁਤੰਤਰਤਾ ਸੰਗਰਾਮੀ ਸੁਸ਼ੀਲਾ ਦੀਦੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ। **–ਸੀਤਾ ਰਾਮ ਬਾਂਸਲ**

# ਰੋਕਿਆ ਜਾ ਸਕਦਾ ਸੀ ਪਠਾਨਕੋਟ ਹਮਲਾ: ਵੋਹਰਾ

**ਨਵੀਂ ਦਿੱਲੀ–** ਜੰਮੂ-ਕਸ਼ਮੀਰ ਦੇ ਰਾਜਪਾਲ ਐਨ.ਐਨ ਵੋਹਰਾ ਨੇ ਕਿਹਾ ਕਿ ਜੇਕਰ ਪਿਛਲੇ ਸਮੇਂ ਵਿੱਚ ਹੋਏ ਅਤਿਵਾਦੀ ਹਮਲਿਆਂ ਤੋਂ ਸਬਕ ਲਿਆ ਹੁੰਦਾ ਤੇ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਸੁਰੱਖਿਆ ਵਧਾਈ ਗਈ ਹੁੰਦੀ ਤਾਂ ਪਠਾਨਕੋਟ ਅਤਿਵਾਦੀ ਹਮਲਾ ਰੋਕਿਆ ਜਾ ਸਕਦਾ ਸੀ। ਹਾਲ ਹੀ ਵਿੱਚ ਅਤਿਵਾਦੀਆਂ ਵੱਲੋਂ ਕੌਮਾਂਤਰੀ ਸਰਹੱਦ ਰਾਹੀਂ ਘੁਸਪੈਠ ਅਤੇ ਪਠਾਨਕੋਟ ਹਵਾਈ ਸੈਨਾ ਦੇ ਸਟੇਸ਼ਨ ਉਤੇ ਹਮਲੇ ਬਾਰੇ ਸ੍ਰੀ ਵੋਹਰਾ ਨੇ ਕਿਹਾ ਕਿ ਬੀ ਐਸ ਐਫ ਆਪਣੀ ਸੀਮਤ ਸਮਰੱਥਾ ਨਾਲ ਪੰਜਾਬ ਸਮੇਤ 200 ਤੋਂ 250 ਕਿਲੋਮੀਟਰ ਲੰਮੀ ਕੌਮਾਂਤਰੀ ਸਰਹੱਦ ਦੀ ਰੱਖਿਆ ਨਹੀਂ ਕਰ ਸਕਦੀ। ਇਥੇ 7ਵੇਂ ਕੌਮੀ ਜਾਂਚ ਏਜੰਸੀ (ਐਨਆਈਏ) ਦਿਹਾੜੇ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਪਿਛਲੇ ਅਤਿਵਾਦੀ ਹਮਲਿਆਂ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਗਈ ਹੁੰਦੀ ਤਾਂ ਦੀਨਾਨਗਰ ਥਾਣੇ ਉਤੇ ਹੋਏ ਹਮਲੇ ਨੂੰ ਟਾਲਿਆ ਜਾ ਸਕਦਾ ਸੀ। ਕੌਮਾਂਤਰੀ ਸਰਹੱਦ ਨਾਲ ਲੱਗਦੇ ਸੂਬੇ ਦੇ ਪਿਛਲੇ ਅੱਠ ਸਾਲਾਂ ਤੋਂ ਗਵਰਨਰ ਸ੍ਰੀ ਵੋਹਰਾ ਨੇ ਕਿਹਾ, 'ਜੇਕਰ ਦੀਨਾਨਗਰ ਹਮਲੇ ਦੀ ਜਾਂਚ ਡੂੰਘਾਈ ਨਾਲ ਕੀਤੀ ਜਾਂਦੀ ਤਾਂ ਮੈਨੂੰ ਯਕੀਨ ਹੈ ਕਿ ਪਠਾਨਕੋਟ ਹਮਲਾ ਅਸੰਭਵ ਸੀ ਕਿਉਂਕਿ ਸਾਨੂੰ ਪਤਾ ਲੱਗ ਜਾਣਾ ਸੀ ਕਿ ਅਤਿਵਾਦੀ ਕੌਮਾਂਤਰੀ ਸਰਹੱਦ ਰਾਹੀਂ ਕਿੱਥੋਂ ਦਾਖ਼ਲ ਹੁੰਦੇ ਹਨ। ਮੈਂ ਪੂਰੀ ਦ੍ਰਿੜ੍ਹਤਾ ਨਾਲ ਕਹਿੰਦਾ ਹਾਂ ਕਿ ਕੌਮਾਂਤਰੀ ਸਰਹੱਦ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੈ।'



ਇਸ ਦੌਰਾਨ ਉਨ੍ਹਾਂ ਨੇ ਸੁਝਾਅ ਦਿੱਤਾ ਕਿ ਗ੍ਰਹਿ ਮੰਤਰਾਲੇ ਵਿੱਚੋਂ ਸੁਰੱਖਿਆ ਨਾਲ ਸਬੰਧਤ ਮੁੱਦਿਆਂ ਲਈ ਇਕ ਵੱਖਰਾ ਮੰਤਰਾਲਾ ਬਣਾਇਆ ਜਾਵੇ। ਸ੍ਰੀ ਵੋਹਰਾ ਨੇ ਕਿਹਾ ਕਿ ਪਠਾਨਕੋਟ ਵਰਗੇ ਹਮਲਿਆਂ ਨੂੰ ਠੱਲ੍ਹਣ ਲਈ ਕੌਮੀ ਸੁਰੱਖਿਆ ਵਿੱਚ ਮਾਹਿਰ ਤੇ ਸਮਰਪਣ ਦੀ ਭਾਵਨਾ ਵਾਲੇ ਅਫ਼ਸਰਾਂ ਦਾ ਦਲ ਕਾਇਮ ਕੀਤਾ ਜਾਵੇ, ਜਿਸ ਨੂੰ 'ਕੌਮੀ ਸੁਰੱਖਿਆ ਪ੍ਰਸ਼ਾਸਨਿਕ ਸੇਵਾ' ਦਾ ਨਾਂ ਦਿੱਤਾ ਜਾਵੇ। ਇਸ ਤੋਂ ਬਾਅਦ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਸ੍ਰੀ ਵੋਹਰਾ ਦੇ ਕੌਮੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਦੇ ਹੱਲ ਲਈ ਕਾਬਲ ਅਫ਼ਸਰਾਂ ਦਾ ਇਕ ਵੱਖਰਾ ਕੇਡਰ ਬਣਾਉਣ ਦੇ ਸੁਝਾਅ ਦਾ ਸਵਾਗਤ ਹੈ ਅਤੇ ਇਸ 'ਤੇ ਜਲਦੀ ਵਿਚਾਰ ਕੀਤਾ ਜਾਵੇਗਾ। ਪਰ ਉਨ੍ਹਾਂ ਗ੍ਰਹਿ ਮੰਤਰਾਲੇ ਵਿੱਚੋਂ ਵੱਖਰਾ ਸੁਰੱਖਿਆ ਮੰਤਰਾਲਾ ਬਣਾਉਣ ਬਾਰੇ ਚੁੱਪ ਵੱਟੀ ਰੱਖੀ।

# ਨਿਊਜ਼ੀਲੈਂਡ 'ਚ ਇਕ ਹੋਰ ਇੰਡੀਅਨ ਰੈਸਟੋਰੈਂਟ 3 ਡਾਲਰ ਪ੍ਰਤੀ ਘੰਟਾ ਮਿਹਨਤਾਨਾ ਦੇਣ ਦੇ ਚੱਕਰ 'ਚ ਫਸਿਆ

**ਆਕਲੈਂਡ– (ਹਰਜਿੰਦਰ ਸਿੰਘ ਬਸਿਆਲਾ)–** ਭਾਰਤੀਆਂ ਵੱਲੋਂ ਭਾਰਤੀਆਂ ਦੀ ਲੁੱਟ-ਖਸੁੱਟ ਪਰ ਉਪਕਾਰ ਕਰਨ ਦੇ ਬਹਾਨੇ ਜਾਰੀ ਹੈ। ਕਈ ਵਾਰ ਸਸਤੇ ਮਿਹਨਤਾਨੇ ਦੇ ਉਤੇ ਆਪਣੀ ਪੇਸ਼ਕਸ਼ ਕੁਝ ਲੋਕ ਆਪ ਹੀ ਕਰ ਜਾਂਦੇ ਹਨ ਅਤੇ ਜਦੋਂ ਗੱਲ ਕਿਸੀ ਕਾਰਨ ਵਿਗੜ ਜਾਵੇ ਤਾਂ ਘੱਟ ਮਿਹਨਤਾਨਾ ਦੇਣ ਦੀ ਸ਼ਿਕਾਇਤ ਕਰਕੇ ਉਸਨੂੰ ਹਥਿਆਰ ਵਜੋਂ ਵਰਤਿਆ ਜਾਣ ਲੱਗਾ ਹੈ। ਕੁਝ ਵੀ ਹੋਵੇ ਇਸ ਤਰ੍ਹਾਂ ਦੀਆਂ ਖਬਰਾਂ ਨਾਲ ਅਕਸ ਪੂਰੇ ਭਾਰਤੀਆਂ ਦਾ ਖਰਾਬ ਹੋ ਰਿਹਾ ਹੈ।

ਹੁਣ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ ਜੋ ਕਿ ਸਾਊਥ ਆਕਲੈਂਡ ਦੇ ਇਕ ਇੰਡੀਅਨ ਰੈਸਟੋਰੈਂਟ ਨਾਲ ਸਬੰਧਿਤ ਹੈ। ਇਸ ਰੈਸਟੋਰੈਂਟ ਦੇ ਵਿਚ ਇਕ ਕਾਮੇ ਨੂੰ 3 ਡਾਲਰ ਪ੍ਰਤੀ ਘੰਟਾ ਦਿੱਤਾ ਜਾ ਰਿਹਾ ਸੀ ਜਦ ਕਿ ਘੱਟੋ-ਘੱਟ ਦਰ 14.75 ਡਾਲਰ ਪ੍ਰਤੀ ਘੰਟਾ ਹੈ।

ਇਸ ਵਿਅਕਤੀ ਕੋਲੋਂ 65-70 ਘੰਟੇ ਤੱਕ ਕੰਮ ਕਰਵਾ ਕੇ ਉਸ ਕੋਲ ਸਿਰਫ 200 ਡਾਲਰ ਹੀ ਅਸਲ ਵਿਚ ਛੱਡੇ ਜਾਂਦੇ ਸਨ। ਕਾਗਜ਼ਾਂ ਨੂੰ ਦਰੁਸਤ ਕਰਨ ਵਾਸਤੇ ਕੰਪਨੀ ਵੱਲੋਂ ਇਸ ਕਾਮੇ ਦੇ ਖਾਤੇ ਵਿਚ 642.32 ਡਾਲਰ ਪਾਏ ਜਾਂਦੇ ਸਨ ਅਤੇ ਬਾਅਦ ਵਿਚ 440 ਡਾਲਰ ਨਕਦ ਵਾਪਿਸ ਲੈ ਲਏ ਜਾਂਦੇ ਸਨ। ਇਸ ਤਰ੍ਹਾਂ ਇਥੇ ਪਹਿਲਾਂ ਵੀ ਕੁਝ ਰੈਸਟੋਰੈਂਟ ਮਾਲਕਾਂ ਵੱਲੋਂ ਕੱਚੇ ਕਾਮਿਆਂ ਦਾ ਵੀਜ਼ਾ ਵਧਾਉਣ ਅਤੇ ਪੀ. ਆਰ. ਕਰਾਉਣ ਦੇ ਲਾਲਚ ਦੇ ਕੇ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ ਅਤੇ ਲਗਾਤਾਰ ਹੋ ਰਿਹਾ ਹੈ। ਸਰਕਾਰ ਨੇ ਸਾਊਥ ਆਕਲੈਂਡ ਨੂੰ ਵਿਸ਼ੇਸ਼ ਤੌਰ 'ਤੇ ਜਾਂਚ ਦੇ ਘੇਰੇ ਵਿਚ ਲਿਆ ਹੋਇਆ ਹੈ ਅਤੇ ਸਰਕਾਰ ਨੇ 32 ਮਿਲੀਅਨ ਡਾਲਰ ਦਾ ਬੱਜਟ ਇਸ ਕਰਕੇ ਰੱਖਿਆ ਹੈ ਕਿ ਘੱਟੋ-ਘੱਟ ਮਿਹਨਤਾਨਾ ਦੇਣ ਦੇ ਮਾਪਦੰਢਾ ਨੂੰ ਬਰਕਰਾਰ ਰੱਖਿਆ ਜਾਵੇ। ਪਰ ਸਾਡੇ ਵਾਲੇ ਕਿੱਥੇ ਮੰਨਦੇ ਆ... ਵਿਦਿਆਰਥੀ ਅਤੇ ਕੱਚੇ ਕਾਮੇ ਵੀ ਮੁਹੰਮਦ ਰਫੀ ਦੇ ਇਸ ਗੀਤ "ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ, ਕਿਸਮਤ ਜਾਗੇਗੀ ਫੇਰ, ਲੱਗੇ ਨਾ ਦੇਰ ਬੜੇ ਸੁੱਖ ਆਵਣਗੇ" ਨੂੰ ਅੰਦਰ ਵੜ ਕੇ ਗਾਉਣ ਲਈ ਮਜ਼ਬੂਰ ਹਨ।

# ਨੌਕਰੀ ਦੇ ਅਧਿਕਾਰ ਤੋਂ ਦੂਰ ਹੈ ਪੱਛੜਾ ਵਰਗ

## ਸਿੱਖਿਆ ਸੰਸਥਾਵਾਂ ਵਿਚ ਓ. ਬੀ. ਸੀ. ਕੋਟੇ ਦੀਆਂ 40 ਫੀਸਦੀ ਪੋਸਟਾਂ ਖਾਲੀ, 25 ਸਾਲ ਬਾਅਦ ਵੀ ਸਰਕਾਰੀ ਨੌਕਰੀ ਵਿਚ ਸਿਰਫ 12 ਫੀਸਦੀ ਓ. ਬੀ. ਸੀ.

**ਨਵੀਂ ਦਿੱਲੀ–** ਭਾਰਤ ਦੀਆਂ ਹਾਇਰ ਐਜੂਕੇਸ਼ਨ ਸੰਸਥਾਨਾਂ ਵਿਚ 27 ਫੀਸਦੀ ਕੋਟੇ ਵਾਲੇ ਪੱਛੜਾ ਵਰਗ (ਓ. ਬੀ. ਸੀ.) ਦੇ ਹਿੱਸੇ ਦੀਆਂ ਪੋਸਟਾਂ ਖਾਲੀ ਪਈਆਂ ਹਨ। ਇਹਨਾਂ ਸੰਸਥਾਵਾਂ ਵਿਚ ਇਕ ਹਜ਼ਾਰ ਤੋਂ ਜ਼ਿਆਦਾ ਪੋਸਟਾਂ 'ਤੇ ਓ. ਬੀ. ਸੀ. ਉਮੀਦਵਾਰਾਂ ਦੀ ਭਰਤੀ ਨਹੀਂ ਕੀਤੀ ਗਈ ਹੈ। ਪੱਛੜਾ ਵਰਗ ਭਲਾਈ ਕਮੇਟੀ ਵੱਲੋਂ ਇਸ ਸਬੰਧ ਵਿਚ ਲੋਕ ਸਭਾ ਵਿਚ ਪੇਸ਼ ਕੀਤੀ ਰਿਪੋਰਟ ਵਿਚ ਹਿਊਮਨ ਰਿਸੋਰਸ ਡਿਵੈਲਪਮੈਂਟ ਮਨਿਸਟਰੀ ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ 'ਤੇ 27 ਫੀਸਦੀ ਸੀਟਾਂ ਖਾਲੀ ਰਹਿਣ ਨੂੰ ਲੈ ਕੇ ਸਵਾਲ ਚੁੱਕੇ ਗਏ ਹਨ।

ਸਿੱਖਿਆ ਸੰਸਥਾਵਾਂ ਦਾ ਕਹਿਣਾ ਹੈ ਕਿ ਯੋਗ ਉਮੀਦਵਾਰ ਨਾ ਮਿਲਣ ਕਰਕੇ ਇਹ ਪੋਸਟਾਂ ਭਰੀਆਂ ਨਹੀਂ ਜਾ ਸਕੀਆਂ ਹਨ, ਜਦਕਿ ਦੂਜੇ ਪਾਸੇ ਪੱਛੜਾ ਸਮਾਜ ਦੀ ਭਲਾਈ ਲਈ ਕੰਮ ਕਰ ਰਹੇ ਸੰਗਠਨਾਂ ਦਾ ਮੰਨਣਾ ਹੈ ਕਿ ਸੰਸਥਾਵਾਂ ਵੱਲੋਂ ਭੇਦਭਾਵ ਕਰਨ ਕਾਰਨ ਅਜਿਹਾ ਕੀਤਾ ਜਾ ਰਿਹਾ ਹੈ। ਕਮੇਟੀ ਵੱਲੋਂ ਦਾਖਲ ਕੀਤੀ ਗਈ ਰਿਪੋਰਟ ਮੁਤਾਬਕ ਇੰਡੀਅਨ ਇੰਸਟੀਚਿਊਟ ਆਫ ਟੈਕਨੋਲਾਜੀ (ਆਈ. ਆਈ. ਟੀਜ਼) ਅਤੇ ਨੈਸ਼ਨਲ ਇੰਸਟੀਚਿਊਟਸ ਆਫ ਟੈਕਨੋਲਾਜੀ ਨੇ ਸਰਕਾਰ ਨੂੰ ਜਾਣਕਾਰੀ ਦਿੱਤੀ ਹੈ ਕਿ ਇਨ੍ਹਾਂ ਰਾਖਵੀਆਂ ਪੋਸਟਾਂ 'ਤੇ ਭਰਤੀ ਕਰਨ ਲਈ ਯੋਗ ਉਮੀਦਵਾਰ ਨਹੀਂ ਮਿਲੇ।ਪਿਛਲੇ ਅੱਠ ਸਾਲਾਂ ਦੌਰਾਨ ਆਈ. ਆਈ.ਟੀਜ਼ ਦੀਆਂ ਟੀਚਿੰਗ ਪੋਸਟਾਂ 'ਤੇ 6 ਫੀਸਦੀ ਤੋਂ ਵੀ ਘੱਟ ਓ. ਬੀ. ਸੀ. ਉਮੀਦਵਾਰਾਂ ਦੀ ਭਰਤੀ ਕੀਤੀ ਗਈ।

ਆਈ. ਆਈ. ਟੀ. ਮਦਰਾਸ, ਗਾਂਧੀਨਗਰ, ਇੰਦੌਰ, ਹੈਦਰਾਬਾਦ, ਪਟਨਾ, ਭੁਵਨੇਸ਼ਵਰ, ਜੋਧਪੁਰ, ਕਾਨਪੁਰ ਅਤੇ ਰੁੜਕੀ ਵੱਲੋਂ ਸਾਲ 2008-09 ਤੋਂ ਹੀ ਓ. ਬੀ. ਸੀ. ਕੋਟੇ ਦੀਆਂ ਪੋਸਟਾਂ ਖਾਲੀ ਰਹਿਣ ਬਾਰੇ ਯੋਗ ਉਮੀਦਵਾਰ ਨਾ ਹੋਣ ਦੀ ਗੱਲ ਕਹੀ ਜਾ ਰਹੀ ਹੈ। ਆਈ. ਆਈ. ਟੀ. ਕਾਨਪੁਰ ਵਿਚ 2014-15 ਵਿਚ 247 ਫੈਕਲਟੀ ਪੋਸਟਾਂ ਖਾਲੀ ਰਹੀਆਂ।

ਇਸੇ ਤਰ੍ਹਾਂ ਐਨ. ਆਈ. ਟੀ. ਕਾਲੀਕਟ, ਹਮੀਰਪੁਰ, ਜੈਪੁਰ, ਕੁਰੂਕਸ਼ੇਤਰ, ਰਾਊਰਕੇਲਾ, ਸੂਰਤ, ਵਾਰਾਂਗਲ, ਅਰੁਣਾਚਲ ਪ੍ਰਦੇਸ਼, ਦਿੱਲੀ, ਗੋਆ, ਮੇਘਾਲਿਆ ਤੇ ਮਿਜ਼ੋਰਮ ਵੀ ਖਾਲੀ ਪੋਸਟਾਂ 'ਤੇ ਯੋਗ ਟੀਚਰਾਂ ਦੀ ਭਰਤੀ ਕਰਨ ਵਿਚ ਫੇਲ੍ਹ ਸਾਬਤ ਹੋਈ। ਇਸੇ ਤਰ੍ਹਾਂ ਕੇਂਦਰੀ ਯੂਨੀਵਰਸਿਟੀਆਂ ਵਿਚ ਵੀ ਸਥਿਤੀ ਚੰਗੀ ਨਹੀਂ ਹੈ। ਇਹਨਾਂ ਵਿਚ 40 ਫੀਸਦੀ ਰਾਖਵੀਆਂ ਸੀਟਾਂ ਖਾਲੀ ਰਹਿੰਦੀਆਂ ਹਨ। ਹਾਇਰ ਐਜੂਕੇਸ਼ਨ ਸੰਸਥਾਵਾਂ ਦੀ ਹਾਲਤ ਵੀ ਅਜਿਹੀ ਹੀ ਹੈ। ਰਾਖਵੀਆਂ ਕੈਟਾਗਰੀ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਵਰਕਰਾਂ ਦਾ ਮੰਨਣਾ ਹੈ ਕਿ ਸਾਜਿਸ਼ ਤਹਿਤ ਰਾਖਵੀਆਂ ਪੋਸਟਾਂ ਨੂੰ ਖਾਲੀ ਰੱਖਿਆ ਜਾ ਰਿਹਾ ਹੈ।

ਹਾਲਾਂਕਿ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਹੋਇਆਂ 25 ਸਾਲ ਦਾ ਸਮਾਂ ਲੰਘ ਚੁੱਕਾ ਹੈ, ਪਰ ਦੇਸ਼ ਵਿਚ ਕੇਂਦਰ ਸਰਕਾਰ ਦੀਆਂ ਨੌਕਰੀਆਂ ਵਿਚ 12 ਫੀਸਦੀ ਤੋਂ ਘੱਟ ਲੋਕ ਹੀ ਓ. ਬੀ. ਸੀ. ਕੈਟਾਗਰੀ ਦੇ ਹਨ। ਇਕ ਆਰ. ਟੀ. ਆਈ. ਦੇ ਜਵਾਬ 'ਚ ਮਿਲੀ ਜਾਣਕਾਰੀ ਮੁਤਾਬਕ ਕੇਂਦਰ ਦੇ ਸਰਕਾਰੀ ਵਿਭਾਗਾਂ, ਮੰਤਰਾਲਿਆਂ ਤੇ ਸਥਾਨਕ ਸਰਕਾਰਾਂ 'ਚ 12 ਫੀਸਦੀ ਤੋਂ ਘੱਟ ਲੋਕ ਓ. ਬੀ. ਸੀ. ਕੈਟਾਗਰੀ ਦੇ ਹਨ। ਇਹ ਆਰ. ਟੀ. ਆਈ. ਚੇਨਈ ਦੇ ਵਿਗਿਆਨਕ ਈ ਮੁਰਲੀਧਰਨ ਵੱਲੋਂ ਦਾਇਰ ਕੀਤੀ ਗਈ ਸੀ।

1 ਜਨਵਰੀ 2015 ਦੇ ਅੰਕੜਿਆਂ ਮੁਤਾਬਕ ਗਰੁੱਪ ਏ. ਬੀ. ਸੀ. ਤੇ ਡੀ ਦੇ ਕੁੱਲ 79,483 ਅਹੁਦਿਆਂ 'ਚੋਂ 9040 ਮੁਲਾਜ਼ਮ ਹੀ ਓ. ਬੀ. ਸੀ. ਕੈਟਾਂਗਰੀ ਦੇ ਹਨ। ਇਹ ਅੰਕੜੇ ਕੇਂਦਰ ਸਰਕਾਰ ਦੇ 40 ਮੰਤਰਾਲੇ ਤੇ ਸਮਾਜਿਕ ਨਿਆਂ ਸਮੇਤ 48 ਦੂਸਰੇ ਵਿਭਾਗਾਂ ਦੇ ਹਨ। ਹਾਲਾਂਕਿ ਇਸ ਆਰ. ਟੀ. ਆਈ. ਵਿਚ ਇਹ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਕਿਸ ਵਿਪਾਗ ਤੇ ਮੰਤਰਾਲੇ ਵਿਚ ਓ. ਬੀ. ਸੀ. ਕੈਟਾਂਗਰੀ ਦੇ ਕਿੰਨੇ ਮੁਲਾਜ਼ਮ ਹਨ। ਮੁਲਾਜ਼ਮਾਂ ਦੀ ਨਿਯੁਕਤੀ ਕਰਨ ਵਾਲੇ ਡਿਪਾਰਟਮੈਂਟ ਆਫ ਪਰਸੋਨਲ ਐਂਡ ਟਰੇਨਿੰਗ ਦੀ ਸਥਿਤੀ ਸਭ ਤੋਂ ਜ਼ਿਆਦਾ ਖਰਾਬ ਹੈ। ਇੱਥੇ 6.67 ਫੀਸਦੀ ਓ. ਬੀ. ਸੀ., 12.91 ਐਸ. ਸੀ. ਅਤੇ 4 ਫੀਸਦੀ ਐਸ. ਟੀ. ਕੈਟਾਗਰੀ ਦੇ ਲੋਕ ਹਨ। ਅੰਕੜਿਆਂ ਮੁਤਾਬਕ ਰਾਸ਼ਟਰਪਤੀ ਸਕੱਤਰੇਤ 'ਚ 'ਏ' ਕਲਾਸ ਸੀਟਾਂ ਤੇ ਕੋਈ ਓ. ਬੀ. ਸੀ. ਨਹੀਂ ਹੈ।

# ਸਕੂਲਾਂ 'ਚ ਭੇਦਭਾਵ: ਦਲਿਤਾਂ ਲਈ ਲਾਲ ਤੇ ਅਖੌਤੀ ਉਚੀ ਜਾਤੀ ਵਾਲਿਆਂ ਲਈ ਹਰੀ ਥਾਲੀ

**ਜੈਪੁਰ–** ਜਿਸ ਉਮਰ 'ਚ ਬੱਚਿਆਂ ਨੂੰ ਰੰਗਾਂ ਦੀ ਖੂਬਸੂਰਤੀ ਤੇ ਵੱਖ-ਵੱਖ ਰੰਗਾਂ ਦੀਆਂ ਵਿਸ਼ੇਸ਼ਤਾਵਾਂ ਸਿਖਾਈਆਂ ਜਾਂਦੀਆਂ ਹਨ, ਉਸ ਉਮਰ 'ਚ ਰਾਜਸਥਾਨ ਦੇ ਦਲਿਤ ਵਰਗ ਨਾਲ ਸਬੰਧ ਰੱਖਣ ਵਾਲੇ ਬੱਚੇ ਲਾਲ ਰੰਗ ਨਾਲ ਨਫਰਤ ਕਰਨੀ ਸਿੱਖ ਰਹੇ ਹਨ।

ਬੀਤੇ ਦਿਨੀਂ 7 ਸਾਲ ਦੇ ਰਮੇਸ਼ ਮੇਘਵਾਲ (ਬਦਲਿਆ ਹੋਇਆ ਨਾਂ) ਨੇ ਸਕੂਲ 'ਚ ਦੁਪਹਿਰ ਦੇ ਖਾਣੇ ਸਮੇਂ ਗਲਤੀ ਨਾਲ ਆਪਣੇ ਲਈ ਹਰੇ ਰੰਗ ਦੀ ਥਾਲੀ ਚੁੱਕ ਲਈ। ਜੋਧਪੁਰ ਦੇ ਕੋਲ ਓਸੀਅਨ ਤਹਿਸੀਲ ਦੇ ਇਕ ਸਰਕਾਰੀ ਸਕੂਲ 'ਚ ਪੜ੍ਹਨ ਵਾਲੇ ਰਮੇਸ਼ ਨੂੰ ਇਹ ਗਲਤੀ ਭਾਰੀ ਪੈ ਗਈ। ਸਕੂਲ 'ਚ ਹਰੇ ਰੰਗ ਦੀਆਂ ਥਾਲੀਆਂ ਅਖੌਤੀ ਉਚ ਜਾਤੀ ਦੇ ਬੱਚਿਆਂ ਲਈ ਰਾਖਵੀਆਂ ਹਨ। ਰਮੇਸ਼ ਦਲਿਤ ਪਰਿਵਾਰ ਨਾਲ ਸਬੰਧ ਰੱਖਦਾ ਹੈ। ਹਰੇ ਰੰਗ ਦੀ ਪਲੇਟ ਚੁੱਕਣ ਕਾਰਨ ਉਸ ਦੀ ਕੁੱਟਮਾਰ ਕੀਤੀ ਗਈ।

ਇਸ ਬਾਰੇ ਜਦੋਂ ਰਮੇਸ਼ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਉਸਨੇ ਗਲਤੀ ਨਾਲ ਅਖੌਤੀ ਉਚ ਜਾਤੀ ਦੇ ਬੱਚਿਆਂ ਲਈ ਰਾਖਵੀਂ ਰੱਖੀ ਥਾਲੀ ਚੁੱਕ ਲਈ ਸੀ ਤੇ ਉਸ 'ਚੋਂ ਚੌਲ ਖਾਣ ਲੱਗਾ ਸੀ। ਇਸ 'ਤੇ ਟੀਚਰ ਨੇ ਉਸਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਦਲਿਤ ਅਧਿਕਾਰ ਨੈਟਵਰਕ ਮੁਤਾਬਕ ਸਕੂਲ 'ਚ ਮਿਡ ਡੇ ਮੀਲ ਲਈ ਥਾਲੀਆਂ ਰੱਖੀਆਂ ਜਾਂਦੀਆਂ ਹਨ। ਦਲਿਤ ਬੱਚਿਆਂ ਲਈ ਲਾਲ ਰੰਗ ਦੀਆਂ ਥਾਲੀਆਂ ਤੇ ਅਖੌਤੀ ਉਚ ਜਾਤੀ ਵਾਲੇ ਬੱਚਿਆਂ ਲਈ ਹਰੇ ਰੰਗ ਦੀਆਂ ਥਾਲੀਆਂ ਰਾਖਵੀਆਂ ਹਨ। 7 ਸਾਲ ਦੇ ਰਮੇਸ਼ ਨੂੰ ਇੰਨਾ ਕੁੱਟਿਆ ਗਿਆ ਕਿ ਉਸਨੂੰ ਜੋਧਪੁਰ ਦੇ ਉਮੇਦ ਹਸਪਤਾਲ 'ਚ ਭਰਤੀ ਕਰਵਾਉਣਾ ਪਿਆ, ਜਿੱਥੇ ਉਸਦਾ ਇਲਾਜ 6 ਦਿਨ ਤੱਕ ਚੱਲਦਾ ਰਿਹਾ।

ਰਮੇਸ਼ ਨਾਲ ਹੋਈ ਕੁੱਟਮਾਰ ਦਾ ਮਾਮਲਾ ਬੀਤੇ ਦਿਨੀਂ ਜੈਪੁਰ 'ਚ ਕਰਵਾਈ ਗਈ ਸੁਣਵਾਈ 'ਚ ਸਾਹਮਣੇ ਆਇਆ। ਦਲਿਤ ਅਧਿਕਾਰ ਨੈਟਵਰਕ ਨੇ ਐਕਸ਼ਨ ਏਡ ਤੇ ਜੈ ਭੀਮ ਵਿਕਾਸ ਸੰਸਥਾ ਨਾਲ ਮਿਲ ਕੇ ਬੀਤੇ ਦਿਨੀਂ ਜੈਪੁਰ ਦੇ ਪੰਤ ਰਿਸ਼ੀ ਭਵਨ 'ਚ ਇਕ ਸੁਣਵਾਈ ਸਭਾ ਰੱਖੀ।

ਰਮੇਸ਼ ਦੇ ਪਿਤਾ ਮੇਲਾ ਰਾਮ ਨੇ ਦੱਸਿਆ, ''ਸਕੂਲ 'ਚ ਖਾਣਾ ਬਣਾਉਣ ਵਾਲੇ ਰਸੋਈਏ ਨੇ ਰਮੇਸ਼ ਨੂੰ ਅਖੌਤੀ ਉਚ ਜਾਤੀ ਲਈ ਰਾਖਵੀਂ ਥਾਲੀ ਚੁੱਕਦੇ ਹੋਏ ਦੇਖ ਲਿਆ। ਉਸ ਨੇ ਟੀਚਰ ਨੂੰ ਇਸ ਬਾਰੇ ਸ਼ਿਕਾਇਤ ਕੀਤੀ ਉਸਦੇ ਟੀਚਰ ਨੇ ਉਸ ਦੀ ਕੁੱਟਮਾਰ ਕੀਤੀ। ਉਸਨੇ ਰਮੇਸ਼ ਨੂੰ ਲੱਤਾਂ ਮਾਰੀਆਂ ਤੇ ਉਸਦੇ ਵਾਲ ਵੀ ਪੁੱਟੇ।ਇਸ ਨਾਲ ਮੇਰੇ ਪੁੱਤਰ ਦੇ ਕੰਨ ਦੇ ਅੰਦਰ ਵੀ ਸੱਟ ਲੱਗੀ। ਉਹ ਹੁਣ ਵੀ ਸਕੂਲ ਜਾਣ ਤੋਂ ਡਰ ਰਿਹਾ ਹੈ। ਜਦੋਂ ਮੈਂ ਸਕੂਲ ਗਿਆ ਤਾਂ ਉਸਨੇ ਮੇਰੇ ਨਾਲ ਵੀ ਬਦਸਲੂਕੀ ਕੀਤੀ।

# ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ 'ਚ ਕੀਤਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼



**ਨੰਗਲ (ਕੁਲਦੀਪ ਚੰਦ)–** ਨੰਗਲ ਨੇੜਲੇ ਪਿੰਡ ਬ੍ਰਹਮਪੁਰ ਵਿਖੇ ਗੁਰਦੁਆਰਾ ਨਾਨਕ ਦਰਬਾਰ ਸਾਹਿਬ ਦੀ ਨਵੀਂ ਇਮਾਰਤ ਚ ਜੁਗੋ ਜੁਗ ਅਟੱਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਦਾ ਪ੍ਰਕਾਸ਼ ਕੀਤਾ ਗਿਆ। ਇਸ ਤੋ ਪਹਿਲਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਰੂਪ ਪੰਜਾ ਪਿਆਰਿਆ ਦੀ ਅਗਵਾਈ ਹੇਠ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋ ਨਗਰ ਕੀਰਤਨ ਦੀ ਸਕਲ ਵਿੱਚ ਫੁੱਲਾ ਨਾਲ ਲੱਦੀ ਸੁੰਦਰ ਪਾਲਕੀ ਵਿੱਚ ਵਿਰਾਜਮਾਨ ਕਰ ਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਤੱਕ ਲਿਆਦਾ ਗਿਆ।ਇਸ ਮੌਕੇ ਸੰਗਤਾ ਦੇ ਭਾਰੀ ਇਕੱਠ ਵਲੋ ਫੁੱਲ ਵਰਸ਼ਾ ਕੇ ਗੁਰੂ ਜੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆ ਸ਼ਮਸੇਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਗੁਰਦੁਆਰਾ ਸਾਹਿਬ ਨਾ ਹੋਣ ਕਰਕੇ ਸੰਗਤਾ ਨੂੰ ਭਾਰੀ ਮੁਸ਼ਕਲ ਆ ਰਹੀ ਸੀ। ਜਿਸ ਨੂੰ ਦੇਖਦੇ ਹੋਏ ਪਿੰਡ ਵਾਸੀ ਜਗਤਾਰ ਸਿੰਘ ਨੇ ਉਦਮ ਕਰਕੇ ਗੁਰਦੁਆਰਾ ਸਾਹਿਬ ਲਈ ਜਮੀਨ ਦਾਨ ਦੇਣ ਦਾ ਫੈਸਲਾ ਕੀਤਾ ਜਿਥੇ ਪਿੰਡ ਵਾਸੀਆ ਦੀ ਮਦਦ ਨਾਲ ਇਮਾਰਤ ਦਾ ਨਿਰਮਾਣ ਕੀਤਾ ਗਿਆ।ਜਿਸ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਸ ਮੌਕੇ ਹੋਏ ਸਮਾਗਮ ਚ ਸੰਗਤਾ ਲਈ ਚਾਹ ਦੇ ਲੰਗਰ ਦਾ ਵਿਸੇਸ਼ ਪ੍ਰਬੰਧ ਕੀਤਾ ਗਿਆ। ਇਸ ਮੌਕੇ ਜਗਤਾਰ ਸਿੰਘ, ਗੁਰਮੁਖ ਸਿੰਘ, ਹੁਸ਼ਨ ਸਿੰਘ, ਸਰਬਣ ਸਿੰਘ, ਬਲਦੇਵ ਸਿੰਘ, ਮਸਤ ਸਿੰਘ, ਬਲਵੀਰ ਚੰਦ, ਪਰਮਜੀਤ ਸਿੰਘ ਨੰਗਲ, ਬਾਸਦੇਵ ਸਿੰਘ, ਬਲਵੀਰ ਚੰਦ, ਮੁਲਤਾਨ ਸਿੰਘ, ਭਾਗ ਚੰਦ, ਹਰਬੰਸ਼ ਸਿੰਘ, ਬੀਬੀ ਕੁਲਵਿੰਦਰ ਕੌਰ, ਕਸ਼ਮੀਰ ਕੌਰ, ਜੋਗਿੰਦਰ ਕੌਰ, ਸਵਾਮੀ ਵਿਵੇਕਾ ਨੰਦ ਸਪੋਰਟਸ ਕਲੱਬ ਦੇ ਪਰਧਾਨ ਬੰਟੀ ਧੀਮਾਨ ਆਦਿ ਹਾਜਰ ਸਨ।

# ਅਪਰਾਧਿਕ ਰਿਕਾਰਡ ਵਿਚ ਸਭ ਤੋਂ ਛੋਟੀ ਉਮਰ ਦਾ ਬੱਚਾ ਹੈ ਤਿੰਨ ਸਾਲ ਦਾ

**ਆਕਲੈਂਡ– (ਹਰਜਿੰਦਰ ਸਿੰਘ ਬਸਿਆਲਾ)–** ਕਹਿੰਦੇ ਨੇ ਜੇਹੀ ਕੋਕੋ ਤੇਹੇ ਬੱਚੇ। ਇਹ ਗੱਲ ਚੰਗਿਆਂ ਵਾਸਤੇ ਵੀ ਢੁੱਕਦੀ ਹੈ ਅਤੇ ਮਾੜਿਆਂ ਵਾਸਤੇ ਵੀ।

ਗੱਲ ਕਰਾਂਗੇ ਮਾੜਿਆਂ ਦੀ। ਨਿਊਜ਼ੀਲੈਂਡ ਦੇ ਅਪਰਾਧਿਕ ਮਾਮਲਿਆਂ ਦੇ ਅੰਕੜਿਆਂ ਉਤੇ ਨਜ਼ਰ ਮਾਰੀ ਜਾਵੇ ਤਾਂ ਹੈਰਾਨੀ ਜਨਕ ਤੱਥ ਸਾਹਮਣੇ ਆਉਂਦੇ ਹਨ। ਜਾਰੀ ਅੰਕੜਿਆਂ ਦੇ ਵਿਚ ਸਾਹਮਣੇ ਆਇਆ ਹੈ ਕਿ ਇਸ ਵੇਲੇ ਪੁਲਿਸ ਦੇ ਕੋਲ ਜਿਹੜਾ ਸਭ ਤੋਂ ਘੱਟ ਉਮਰ ਦਾ ਅਪਰਾਧੀ ਹੈ ਉਹ ਤਿੰਨ ਸਾਲ ਦਾ ਹੈ।

ਇਸ ਬੱਚੇ ਨੇ ਮੈਨੁਕਾਓ ਦੀ ਇਕ ਸੁਪਰ ਮਾਰਕੀਟ ਦੇ ਵਿਚ ਟੈਡੀ ਬੀਅਰ ਚੁਰਾਇਆ ਸੀ। ਇਹ ਬੱਚਾ ਆਪਣੇ ਪਰਿਵਾਰ ਦੇ ਨਾਲ ਸੀ ਪਰ ਫਿਰ ਵੀ ਚੋਰੀ ਕਰ ਗਿਆ। ਇਸ ਤੋਂ ਅਗਲਾ ਚਾਰ ਸਾਲ ਦਾ ਹੈ ਜਿਸ ਨੇ ਫਾਇਰ ਅਲਾਰਮ ਤੋੜਿਆ। 11 ਸਾਲ ਦੇ ਬੱਚੇ ਇਥੇ ਲੁੱਟ ਖੋਹ ਦੀਆਂ ਵਾਰਦਾਤਾਂ ਦੇ ਵਿਚ ਸ਼ਾਮਿਲ ਪਾਏ ਗਏ। ਕਾਨੂੰਨ ਅਨੁਸਾਰ 10 ਸਾਲ ਤੋਂ ਘੱਟ ਦੇ ਬੱਚਿਆਂ ਨੂੰ ਦੋਸ਼ੀ ਨਹੀਂ ਐਲਾਨਿਆ ਜਾ ਸਕਦਾ।

12-13 ਸਾਲ ਦੇ ਅਪਰਾਧੀ ਲੋਕਾਂ ਨੂੰ ਗੰਭੀਰ ਮਾਮਲਿਆਂ ਵਿਚ ਦੋਸ਼ੀ ਗਿਣਿਆ ਜਾ ਸਕਦਾ ਹੈ ਜਦ ਕਿ 10-11 ਸਾਲ ਦੇ ਬੱਚਿਆਂ ਉਤੇ ਕਤਲ ਆਦਿ ਦਾ ਦੋਸ਼ ਲਾਇਆ ਜਾ ਸਕਦਾ ਹੈ।

# ਸੰਘੇ ਖ਼ਾਲਸੇ ਦਾ ਤਿੰਨ ਰੋਜ਼ਾ ਸਭਿਆਚਾਰਕ ਤੇ ਖੇਡ ਮੇਲਾ ਸੰਪਨ ਹੋਇਆ

**ਜਲੰਧਰ–**ਪਿੰਡ ਸੰਘੇ ਖ਼ਾਲਸਾ ਦਾ ਤਿੰਨ ਰੋਜ਼ਾ ਸਭਿਆਚਾਰਕ ਤੇ ਖੇਡ ਮੇਲਾ ਸਫ਼ਲਤਾ ਅਤੇ ਨਵੇਂ ਆਯਾਮ ਸਿਰਜਦਾ ਹੋਇਆ ਸੰਪਨ ਹੋ ਗਿਆ। ਲੋਕਾਂ ਨੂੰ ਆਪਣੀ ਮਹਾਨ ਵਿਰਾਸਤ ਨਾਲ ਜੋੜਨ ਲਈ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਵਾਇਆ ਗਿਆ। ਦੋ ਦਿਨਾਂ ਦੇ ਖੇਡ ਮੇਲੇ ਵਿੱਚ ਕਬੱਡੀ, ਵਾਲੀਬਾਲ ਅਤੇ ਰੱਸਾ-ਕਸ਼ੀ ਦੇ ਮੁਕਾਬਲੇ ਕਰਵਾਏ ਗਏ। ਖੇਡ ਮੇਲੇ ਦਾ ਉਦਘਾਟਨ ਪ੍ਰਸਿੱਧ ਵਾਲੀਬਾਲ ਕੋਚ ਸ੍ਰੀ ਅਮਰੀਕ ਸਿੰਘ ਨੇ ਕੀਤਾ। ਇਨਾਮਾਂ ਦੀ ਵੰਡ ਡੀ. ਐੱਸ. ਪੀ. ਨਕੋਦਰ ਸ੍ਰੀ ਬਲਕਾਰ ਸਿੰਘ ਨੇ ਕੀਤੀ। ਕਬੱਡੀ 55 ਕਿੱਲੋ ਦਾ ਪਹਿਲਾ ਇਨਾਮ ਪਿੰਡ ਸੂਸਾਂ ਤੇ ਦੂਜਾ ਸੰਘੇ ਖ਼ਾਲਸਾ, ਕਬੱਡੀ (ਲੜਕੀਆਂ) ਚੋਂ ਪਹਿਲਾ ਇਨਾਮ ਨਵਾਂ ਸ਼ਹਿਰ ਅਤੇ ਦੂਜਾ ਕੋਟਲੀ ਥਾਨ ਸਿੰਘ। ਵਾਲੀਬਾਲ 55 ਕਿੱਲੋ ਦਾ ਪਹਿਲਾ ਇਨਾਮ ਸੰਘੇ ਖ਼ਾਲਸਾ ਤੇ ਦੂਜਾ ਵਿਰਕ, ਵਾਲੀਬਾਲ (ਓਪਨ) ਦਾ ਪਹਿਲਾ ਇਨਾਮ ਸਰਹਾਲਾ ਅਤੇ ਦੂਜਾ ਮਹਿਸਮਪੁਰ, ਰੱਸਾ-ਕਸ਼ੀ (ਓਪਨ) ਦਾ ਪਹਿਲਾ ਇਨਾਮ ਸ਼ੰਕਰ ਅਤੇ ਦੂਜਾ ਇਨਾਮ ਨੂਰਪੁਰ ਚੱਠਾ ਦੀ ਟੀਮ ਨੇ ਜਿੱਤਿਆ, ਵਾਲੀਬਾਲ ਕੋਚ ਬਲਕਾਰ ਸਿੰਘ ਅਤੇ ਅਮਰੀਕ ਸਿੰਘ, ਕਬੱਡੀ ਕੋਚ ਗੁਰਦੀਪ ਸਿੰਘ ਸੰਧੂ, ਹਰਮੇਲ ਮੇਲੋਂ, ਪਰਮਜੀਤ ਪੰਮਾ ਅਤੇ ਬਲਕਾਰ ਬਿੱਟੂ (ਨਮਾਜ਼ੀਪੁਰ) ਨੇ ਇਸ ਖੇਡ ਮੇਲੇ ਦੇ ਮੈਚ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਮੇਲੇ ਦੌਰਾਨ ਸਾਹਿਤ, ਸੱਭਿਆਚਾਰ, ਵਿਗਿਆਨ ਅਤੇ ਇਤਿਹਾਸ ਨਾਲ ਸਬੰਧਿਤ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ ਜਿਸ ਦੇ ਸੰਚਾਲਨ ਵਿੱਚ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ, ਡਾ. ਰਾਮ ਮੂਰਤੀ, ਡਾ.



ਹਰਨੇਕ ਸਿੰਘ ਹੇਅਰ, ਲੈਕਚਰਾਰ ਜਿੰਗਾ ਸਿੰਘ, ਮਦਨ ਲਾਲ, ਵਿਮਲ ਕੁਮਾਰ, ਅਤੇ ਪਰਸ਼ੋਤਮ ਲਾਲ ਸਰੋਏ ਨੇ ਅਹਿਮ ਭੂਮਿਕਾ ਨਿਭਾਈ। ਇਸ ਮੁਕਾਬਲੇ ਦਾ ਪਹਿਲਾ ਇਨਾਮ ਪ੍ਰਭਜੋਤ ਕੌਰ, ਦੂਜਾ ਇਨਾਮ ਹਰਦੀਪ ਕੌਰ, ਅਤੇ ਤੀਜਾ ਪਵਨਦੀਪ ਕੌਰ (ਤਿੰਨੋਂ ਗੁਰੂ ਨਾਨਕ ਨੈਸ਼ਨਲ ਕਾਲਜ ਫ਼ਾਰ ਵਿਮਿਨ, ਨਕੋਦਰ) ਦੀਆਂ ਵਿਦਿਆਰਥਣਾਂ ਨੇ ਜਿੱਤੇ। ਇਸ ਤੋਂ ਇਲਾਵਾ ਬਾਰਾਂ ਹੌਸ਼ਲਾ ਵਧਾਊ ਇਨਾਮ ਵੀ ਦਿੱਤੇ ਗਏ। ਮੇਲੇ ਦੇ ਆਖ਼ਰੀ ਦਿਨ ਗਾਇਕ ਨਵਜੀਤ ਗਿੱਲ ਨੇ ਨਿਰੋਲ ਸੱਭਿਆਚਾਰਕ ਗਾਇਕੀ ਪੇਸ਼ ਕਰਦਿਆਂ ਵਾਹ ਵਾਹ ਖੱਟੀ। ਸ੍ਰੀ ਮੇਘਰਾਜ ਰੱਲਾ ਦੀ ਨਿਰਦੇਸ਼ਨਾਂ ਹੇਠ ਦਵਿੰਦਰ ਦਮਨ ਦਾ ਨਾਟਕ 'ਛਿਪਣ ਤੋਂ ਪਹਿਲਾਂ' ਖੇਡਿਆ ਗਿਆ ਜਿਸ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਉਪਰੰਤ ਸਕੂਲਾਂ ਕਾਲਜਾਂ ਦੇ ਕਰੀਬ ਢਾਈ ਸੌ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਪ੍ਰਿੰਸੀਪਲ ਸਰਾਏ ਨੇ ਪੰਜਾਬੀ ਸੱਥ ਵੱਲੋਂ ਤਿੰਨ ਸੌ ਮਿਆਰੀ ਪੁਸਤਕਾਂ ਵਿਦਿਆਰਥੀਆਂ ਨੂੰ ਵੰਡੀਆਂ।

ਡਾ. ਰਾਮ ਮੂਰਤੀ ਦੀ ਪਿੰਡ ਸੰਘੇ ਖਾਲਸੇ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ ਪੁਸਤਕ 'ਕਥਾ ਬਿਖੜੇ ਰਾਹਾਂ ਦੀ' ਰਿਲੀਜ਼ ਕੀਤੀ ਗਈ। ਇਸ ਦਿਨ ਦੇ ਮੁੱਖ ਮਹਿਮਾਨ ਸਨ ਸ੍ਰੀ ਅਰਪਿਤ ਸ਼ੁਕਲਾ (ਆਈ. ਪੀ. ਐੱਸ.), ਆਈ. ਜੀ. ਜਲੰਧਰ ਜੋਨ, ਡਾ. ਜੇ. ਐੱਸ. ਖੇੜਾ (ਪ੍ਰਧਾਨ ਮਨੁੱਖੀ ਅਧਿਕਾਰ ਮੰਚ), ਡਾ. ਸੁਖਵਿੰਦਰ ਕੌਰ ਸੰਘਾ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਿਲ ਹੋਏ। ਸਮਾਗਮ ਨੂੰ ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਸ੍ਰੀ ਜਤਿੰਦਰ ਪੰਨੂ ਨੇ ਵੀ ਸੰਬੋਧਨ ਕੀਤਾ। ਇਹ ਤਿੰਨ ਰੋਜ਼ਾ ਸੱਭਿਆਚਾਰਕ ਤੇ ਖੇਡ ਮੇਲਾ ਸੰਘੇ ਖ਼ਾਲਸਾ ਓਵਰਸੀਜ਼ ਵੈਲਫ਼ੇਅਰ ਕਮੇਟੀ (ਰਜਿ.) ਦੇ ਐਕਟਿਵ ਮੈਂਬਰ ਨਿਰਮਿਲ ਸਿੰਘ ਸੰਘਾ ਦੀ ਅਗਵਾਈ ਵਿੱਚ ਸੰਪਨ ਹੋਇਆ ਜੋ ਯੂ. ਕੇ. ਤੋਂ ਇਸ ਮੇਲੇ ਦੀ ਕਮਾਂਡ ਸੰਭਾਲ ਰਹੇ ਸਨ। ਇਸ ਤੋਂ ਇਲਾਵਾ ਸਰਵ ਸ੍ਰੀ ਰਤਨ ਸਿੰਘ, ਨਰਿੰਦਰ ਸਿੰਘ, ਸਰਬਜੀਤ ਸਿੰਘ (ਕਨੇਡਾ), ਅਵਤਾਰ ਸਿੰਘ ਰੰਧਾਵਾ, ਸੁਰਜੀਤ ਸਿੰਘ ਜੀਤਾ, ਹਰਜਿੰਦਰ ਢਿੱਲੋ ਤੇ ਪਿੰਡ ਦੀ ਪੰਚਾਇਤ ਨੇ ਇਸ ਸਮਾਗਮ ਦੀ ਸਫ਼ਲਤਾ ਲਈ ਸਖ਼ਤ ਮਿਹਨਤ ਕੀਤੀ।

ਅੱਠਵਾਂ ਸਵ. ਸਤਨਾਮ ਸਿੰਘ ਰੰਧਾਵਾ ਅਵਾਰਡ ਪ੍ਰਸਿੱਧ ਵਾਤਾਵਰਣ ਪ੍ਰੇਮੀ ਡਾ. ਨਰਿੰਦਰ ਸਿੰਘ ਕੰਗ (ਖੱਸਣ ਨਿਵਾਸੀ) ਨੂੰ ਪ੍ਰਦਾਨ ਕੀਤਾ ਗਿਆ। ਇਸ ਮੇਲੇ ਵਿੱਚ ਇੰਜੀ. ਸੀਤਲ ਸਿੰਘ ਸੰਘਾ, ਇੰਜੀ. ਸਵੈਮਾਨ ਸਿੰਘ ਸੰਘਾ, ਸ਼ਬਦ ਸੰਘਾ, ਅਜਮੇਰ ਕੰਗ, ਐਮ. ਡੀ. , ਕੰਗ ਨਿਰਵਾਣਾ ਰਿਜ਼ੋਰਟ, ਜੇਜੋਂ) ਰਸ਼ਪਾਲ ਸਿੰਘ ਪਾਲੀ (ਸਰਪੰਚ), ਸੁਮਨ ਸ਼ਾਮਪੁਰੀ, ਬਲਜੀਤ ਸਿੰਘ ਸੰਘਾ, ਡਾ. ਆਸਾ ਸਿੰਘ ਘੁੰਮਣ, ਕਾਮਰੇਡ ਕੁਲਦੀਪ ਸਿੰਘ ਚੀਮਾ ਨੇ ਸਿਰਕਤ ਕੀਤੀ।

**ਰਿਪੋਰਟ– ਡਾ. ਰਾਮ ਮੂਰਤੀ**


ਸੋਹੰ

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

**ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੀ 7ਵੀਂ ਸਾਲਾਨਾ ਬਰਸੀ ਜਨਵਰੀ 31, 2016**

ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੀ ਸਾਲਾਨਾ ਬਰਸੀ 29, 30 ਅਤੇ 31 ਜਨਵਰੀ, 2016 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਈ ਜਾ ਰਹੀ ਹੈ।

ਇਸ ਮੌਕੇ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਸਤਿਕਾਰਿਤ ਬੁਲਾਰੇ ਅਤੇ ਕਮਿਊਨਿਟੀ ਲੀਡਰ ਸਵਰਗਵਾਸੀ ਮਾਣਯੋਗ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਜੀ ਦੇ ਜੀਵਨ ਸੰਘਰਸ਼ ਅਤੇ ਉਹਨਾਂ ਦੇ ਕੌਮ ਲਈ ਯੋਗਦਾਨ ਬਾਰੇ ਸੰਗਤ ਨੂੰ ਜਾਣਕਾਰੀ ਦੇਣਗੇ।



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

**ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ : ਫਰਵਰੀ 26 ਤੋਂ 28, 2016**

ਸ੍ਰੀ ਗੁਰੂ ਰਵਿਦਾਸ ਸਭਾ ਕੈਲੇਫੋਰਨੀਆ, ਪਿਟਸਬਰਗ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 28 ਫਰਵਰੀ, 2016 ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮਾਂ ਦਾ ਵੇਰਵਾ**

ਆਰੰਭ ਸ੍ਰੀ ਅਖੰਡ ਪਾਠ ਸਾਹਿਬ

ਫਰਵਰੀ, 26, 2016 (ਸ਼ੁੱਕਰਵਾਰ) ਸਵੇਰੇ 9:30 ਵਜੇ

ਨਿਸ਼ਾਨ ਸਾਹਿਬ ਦੀ ਸੇਵਾ – ਫਰਵਰੀ 27, 2016 (ਸਨਿਚਰਵਾਰ)

ਭੋਗ ਸ੍ਰੀ ਅਖੰਡ ਪਾਠ ਸਾਹਿਬ – ਫਰਵਰੀ 28, 2016 (ਐਤਵਾਰ) 9:30 ਵਜੇ

ਕੀਰਤਨ ਦੀਵਾਨ – ਭੋਗ ਉਪਰੰਤ 2 ਵਜੇ ਦੁਪਹਿਰ ਤੱਕ

ਕਮੇਟੀ ਨੂੰ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟਰੈਫਿਕ/ਪਾਰਕਿੰਗ, ਰਸੋਈ ਅਤੇ ਹੋਰ ਸੇਵਾ ਲਈ ਵਲੰਟੀਆਂ ਦੀ ਲੋੜ ਹੈ। ਜੋ ਕੋਈ ਇਸ ਸੇਵਾ ਦਾ ਚਾਹਵਾਨ ਹੋਵੇ, ਉਹ ਪ੍ਰਧਾਨ ਸੋਮ ਨਾਥ ਭਾਟੀਆ (408-499-0747) ਜਾਂ ਵਾਈਸ ਪ੍ਰਧਾਨ ਰਮੇਸ਼ ਸੁਮਨ (925-366-3618) ਜਾਂ ਜਨਰਲ ਸਕੱਤਰ ਦਿਲਬਾਗ ਸਿੰਘ (209-834-4611) ਨਾਲ ਸੰਪਰਕ ਕਰ ਸਕਦਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੂੰ ਇੰਮੀਗ੍ਰੇਸ਼ਨ ਦੇ ਮਸਲਿਆਂ ਤੇ ਲੋਕਾਂ ਦੀ ਮਦਦ ਲਈ ਇਕ ਇੰਮੀਗ੍ਰੇਸ਼ਨ ਅਟਾਰਨੀ ਅਤੇ ਸਿਹਤ ਨਾਲ ਸਬੰਧਤ ਸਵਾਲਾਂ ਦੇ ਜਵਾਬ ਲਈ ਡਾਕਟਰਾਂ ਦੇ ਗਰੁੱਪ ਦੀ ਲੋੜ ਹੈ। ਸਭਾ ਨੂੰ ਸਮਾਜ ਸੇਵੀ ਨਰਸਾਂ ਅਤੇ ਡਾਕਟਰਾਂ ਦੀ ਮਨੁੱਖਤਾ ਦੇ ਆਧਾਰ ਤੇ ਮਦਦ ਕਰਨ ਲਈ ਲੋੜ ਹੈ।

**ਸੰਗਤ ਦੇ ਸੇਵਾਦਾਰ**

ਚੇਅਰਮੈਨ
ਸ਼ਿੰਦਰ ਪਾਲ ਨਰਬਟ
ਪ੍ਰਧਾਨ
ਸੋਮ ਨਾਥ ਭਾਟੀਆ
ਜਨਰਲ ਸਕੱਤਰ
ਦਿਲਬਾਗ ਸਿੰਘ
ਖਜਾਨਚੀ
ਜਸਵੀਰ ਚਾਹਲ

ਸਟਾਲਾਂ, ਲੰਗਰ ਜਾਂ ਹੋਰ ਸੇਵਾ ਦੇ ਲਈ ਸੰਪਰਕ ਕਰੋ

ਜਨਰਲ ਸਕੱਤਰ
ਦਿਲਬਾਗ ਸਿੰਘ
(209-834-4611)

ਚੇਅਰਮੈਨ
ਸ਼ਿੰਦਰਪਾਲ ਨਰਬਟ
(925-683-0178

## ਜਨਮ ਦਿਹਾੜੇ 'ਤੇ ਵਿਸ਼ੇਸ਼

# ਗਦਰ ਪਾਰਟੀ ਦਾ ਮਹਾਨ ਯੋਧਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ



ਬਾਬੂ ਮੰਗੂ ਰਾਮ ਜੀ ਦਾ ਜਨਮ 14 ਜਨਵਰੀ 1886 ਨੂੰ ਪਿਤਾ ਹਰਨਾਮ ਦਾਸ ਅਤੇ ਮਾਤਾ ਅਤਰੀ ਦੇਵੀ, ਪਿੰਡ ਮੁੱਗੋਵਾਲ, ਥਾਣਾ ਮਾਹਿਲਪੁਰ, ਜਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਬਾਬੂ ਜੀ ਦੀ ਉਮਰ ਕੇਵਲ ਤਿੰਨ ਸਾਲ ਦੀ ਸੀ ਜਦੋਂ ਆਪ ਜੀ ਦੀ ਮਾਤਾ ਪ੍ਰਲੋਕ ਸਿਧਾਰ ਗਏ। ਆਪ ਜੀ ਦੇ ਪਿਤਾ ਚਮੜੇ ਦਾ ਵਪਾਰ ਕਰਦੇ ਸਨ ਆਪ ਜੀ ਨੇ ਮੁਢਲੀ ਵਿਦਿਆ ਅਰਥਾਤ ਅੱਠਵੀਂ ਤੱਕ ਮਾਹਿਲਪੁਰ ਸਕੂਲ ਤੋਂ ਕੀਤੀ ਆਪ ਜੀ ਇੱਕ ਹੁਸ਼ਿਆਰ ਵਿਦਿਆਰਥੀ ਸਨ ਉਹਨਾਂ ਦਿਨਾਂ ਵਿੱਚ ਛੂਆ ਛਾਤ ਦਾ ਬਹੁਤ ਜੋਰ ਸੀ ਇਸ ਲਈ ਆਪ ਜੀ ਨੂੰ ਬਾਕੀ ਵਿਦਿਆਰਥੀਆਂ ਤੋਂ ਅਲੱਗ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ। ਜਿਸ ਦਾ ਆਪ ਜੀ ਦੇ ਦਿਮਾਗ ਉੱਪਰ ਕਾਫ਼ੀ ਅਸਰ ਪਿਆ। ਆਪ ਜੀ ਨੌਵੀਂ ਅਤੇ ਦਸਵੀਂ ਜਮਾਤ ਦੀ ਸਿੱਖਿਆ ਪ੍ਰਾਪਤ ਕਰਨ ਲਈ ਬਜਵਾੜੇ ਚਲੇ ਗਏ। ਪਰ ਉੱਥੇ ਵੀ ਆਪ ਜੀ ਨੂੰ ਛੂਆ ਛਾਤ ਦਾ ਸਾਹਮਣਾ ਕਰਨਾ ਪਿਆ ਉੱਥੇ ਵੀ ਉਹਨਾਂ ਨਾਲ ਬਹੁਤ ਵਿਤਕਰਾ ਕੀਤਾ ਗਿਆ ਅਤੇ ਕਲਾਸ ਦੇ ਕਮਰੇ ਦੇ ਦਰਵਾਜੇ ਤੋ ਬਾਹਰ ਬੈਠਣਾ ਪੈਂਦਾ ਸੀ।

ਇੱਕ ਬਾਰ ਦਾ ਜ਼ਿਕਰ ਵਰਣਨ ਕਰਨਾ ਜਰੂਰੀ ਹੈ ਕਿ ਇੱਕ ਦਿਨ ਬਹੁਤ ਜੋਰ ਨਾਲ ਐਹਣ (ਗੜੇ) ਪੈਣ ਲੱਗ ਪਏ ਬਾਬੂ ਜੀ ਭੱਜ ਕੇ ਕਲਾਸ ਦੇ ਕਮਰੇ ਅੰਦਰ ਆ ਗਏ। ਅਧਿਆਪਕ ਬ੍ਰਾਹਮਣ ਸੀ ਅਤੇ ਆਪ ਜੀ ਨੂੰ ਬਹੁਤ ਮਾਰਿਆ-ਕੁੱਟਿਆ ਅਤੇ ਗਾਲ੍ਹਾਂ ਕੱਢੀਆਂ ਅਤੇ ਧੱਕੇ ਮਾਰ ਕੇ ਕਲਾਸ ਵਿੱਚੋਂ ਬਾਹਰ ਕੱਢ ਦਿੱਤਾ ਅਗਲੇ ਦਿਨ ਜਦ ਬਾਬੂ ਜੀ ਸਵੇਰੇ ਸਕੂਲੇ ਗਏ ਤਾਂ ਕੀ ਦੇਖਦੇ ਹਨ ਕਿ ਕਮਰੇ ਦੇ ਸਾਰੇ ਡੈਸਕ ਬਾਹਰ ਮੀਂਹ ਵਿੱਚ ਧੋਣ ਲਈ ਰੱਖੇ ਹੋਏ ਸਨ ਕਿਉਂਕਿ ਬਾਬੂ ਜੀ ਅਹਿਣ ਕਰਕੇ ਕਮਰੇ ਵਿੱਚ ਚਲੇ ਗਏ ਸਨ। ਇਹ ਬੇਇੱਜ਼ਤੀ ਆਪ ਜੀ ਤੋਂ ਸਹਾਰੀ ਨਾ ਗਈ 'ਤੇ ਬਹੁਤ ਠੇਸ ਲੱਗੀ ਅਤੇ ਆਪ ਨੇ ਗੁੱਸੇ ਹੋ ਕੇ ਸਕੂਲ ਛੱਡ ਦਿੱਤਾ ਅਤੇ ਆਪਣੇ ਪਿਤਾ ਜੀ ਨਾਲ ਚਮੜੇ ਦੇ ਵਪਾਰ ਵਿੱਚ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ।

ਸੰਨ 1909 ਵਿੱਚ ਆਪ ਜੀ ਅਮਰੀਕਾ (ਕੈਲੇਫੋਰਨੀਆ) ਚਲੇ ਗਏ ਇੱਥੇ ਉਨ੍ਹਾਂ ਨੂੰ ਬਹੁਤ ਸਖ਼ਤ ਮਿਹਨਤ ਕਰਨੀ ਪਈ ਅਤੇ ਅਲੱਗ ਅਲੱਗ ਥਾਂਵਾਂ ਤੇ 4 ਸਾਲ ਖੇਤਾਂ ਵਿੱਚ ਕੰਮ ਕੀਤਾ। 1913 ਵਿੱਚ ਬਾਬੂ ਜੀ ਦੀ ਮੁਲਾਕਾਤ ਗਦਰ ਪਾਰਟੀ ਦੇ ਲਾਲਾ ਹਰਦਿਆਲ ਜੀ ਨਾਲ ਹੋਈ ਅਤੇ ਗਦਰ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਸ੍ਰੀ ਸੋਹਨ ਸਿੰਘ ਭਕਨਾ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕੀਤਾ।

ਪਹਿਲੇ ਮਹਾਂ-ਯੁੱਧ ਸਮੇਂ ਗਦਰ ਪਾਰਟੀ ਦੇ ਨੁਮਾਇੰਦਿਆਂ ਨੇ ਜਰਮਨੀ ਦੀ ਸਹਾਇਤਾ ਨਾਲ ਭਾਰਤ ਨੂੰ ਅਸਲਾ ਇੱਕ ਸਮੁੰਦਰੀ ਜਹਾਜ਼ ਰਾਹੀਂ ਭੇਜਣ ਦਾ ਫੈਸਲਾ ਕੀਤਾ ਅਤੇ ਇਸ ਕੰਮ ਲਈ ਬਾਬੂ ਮੰਗੂ ਰਾਮ ਜੀ ਸਮੇਤ 4 ਹੋਰ ਗਦਰੀਆਂ ਨੇ ਇਹ ਕੰਮ ਨੇਪਰੇ ਚਾੜ੍ਹਨ ਦੀ ਜਿੰਮੇਵਾਰੀ ਲਈ ਅਤੇ ਇਹਨਾਂ ਸਭ ਦੇ ਨਾਮ ਬਦਲ ਦਿੱਤੇ ਗਏ ਬਾਬੂ ਜੀ ਸ਼ਨਾਖ਼ਤ ਨਿਯਾਮੁਦੀਨ ਦੇ ਨਾ ਤੇ ਤਿਆਰ ਕੀਤੀ ਗਈ ਪਰ ਇਹ ਜਹਾਜ਼ ਅਸਲੇ ਨਾਲ ਭਰਿਆ ਹੋਇਆ ਰਸਤੇ ਵਿੱਚ ਹੀ ਫੜਿਆ ਗਿਆ ਅਤੇ ਪੰਜਾਂ ਹੀ ਗਦਰੀਆਂ ਨੂੰ ਫਾਸੀ ਦੀ ਸਜਾ ਸੁਣਾ ਦਿੱਤੀ ਗਈ ਫਾਂਸੀ ਤੋ ਇੱਕ ਰਾਤ ਪਹਿਲਾ ਜਰਮਨਾਂ ਨੇ ਹਨੇਰਾ ਦਾ ਸਹਾਰਾ ਲੈਂਦਿਆਂ ਪੰਜਾਂ ਨੂੰ ਜੇਲ੍ਹ ਵਿੱਚੋਂ ਭਜਾ ਕੇ ਅਲੱਗ ਅਲੱਗ ਥਾਂਵਾਂ ਤੇ ਰਵਾਨਾ ਕਰ ਦਿੱਤਾ। ਬਾਬੂ ਜੀ ਨੂੰ ਸਿੰਗਾਪੁਰ ਅਤੇ ਇਸ ਤੋਂ ਬਾਅਦ ਮਨੀਲਾ ਵਿੱਚ ਬਹੁਤ ਕਠਿਨਾਈਆਂ ਸਹਿਣੀਆਂ ਪਈਆਂ। ਸੰਨ 1918 ਵਿੱਚ ਪਹਿਲਾਂ ਮਹਾਂ ਯੁੱਧ ਖਤਮ ਹੋ ਗਿਆ ਅਤੇ ਆਖਰ ਬਾਬੂ ਜੀ 1925 ਵਿੱਚ ਭਾਰਤ ਆ ਗਏ। ਅੰਗਰੇਜ਼ਾਂ ਦੇ ਰਾਜ ਸਮੇ ਇਹ ਇੱਕ ਕਾਨੂੰਨ ਸੀ ਕਿ ਜੇਕਰ ਕਿਸੇ ਵਿਅਕਤੀ ਨੂੰ ਫਾਸੀ ਦੀ ਸਜਾ ਹੋ ਜਾਂਦੀ ਸੀ ਅਤੇ ਉਹ ਵਿਅਕਤੀ 12 ਸਾਲ ਤੱਕ ਫੜਿਆ ਨਹੀਂ ਜਾਂਦਾ ਤਾਂ ਉਸ ਦੀ ਫਾਸੀ ਦੀ ਸਜਾ ਆਪਣੇ ਆਪ ਮੁਆਫ਼ ਹੋ ਜਾਂਦੀ ਸੀ।

ਬਾਬੂ ਮੰਗੂ ਰਾਮ ਜੀ ਦੇ ਜੀਵਨ ਦੇ ਹਰ ਪਹਿਲੂ 'ਤੇ ਜੇ ਲਿਖਿਆ ਜਾਵੇ ਤਾਂ ਬਹੁਤ ਕੁੱਝ ਇੱਕ ਕਿਤਾਬ ਦੇ ਰੂਪ ਵਿੱਚ ਲਿਖਿਆਂ ਜਾ ਸਕਦਾ ਹੈ। ਬਾਬੂ ਜੀ ਦਾ ਆਪਣੀ ਕੌਮ ਪ੍ਰਤੀ ਹਿੱਤ ਸੀ ਅਤੇ ਜਦ ਇਹਨਾਂ ਦੀ ਨਿਰਾਦਰੀ ਹੁੰਦੀ ਦੇਖਦੇ ਸਨ ਤਾਂ ਵਲੂੰਧਰਿਆ ਜਾਂਦਾ ਸੀ ਅਤੇ ਬਹੁਤ ਦੁਖੀ ਹੁੰਦੇ ਸਨ। ਇਸ ਲਈ ਉਹਨਾਂ ਨੂੰ ਸਮਾਜਿਕ ਤਬਦੀਲੀ ਦੀ ਲੋੜ ਬੇਹੱਦ ਮਹਿਸੂਸ ਕੀਤਾ ਕਿਉਂਕਿ ਅਛੂਤ-ਸ਼ੂਦਰ ਸਮਝੇ ਜਾਂਦੇ ਲੋਕਾਂ ਉੱਤੇ ਚਾਰ ਤਰਾਂ ਦੇ ਲੋਕਾਂ ਦਾ ਰਾਜ ਸੀ। ਪਹਿਲਾ ਕੇਂਦਰ ਸਰਕਾਰ ਦਾ, ਦੂਜਾ ਪੰਜਾਬ ਰਾਜ ਦਾ, ਤੀਸਰਾ ਜਾਤ-ਪਾਤ ਦਾ, ਚੌਥਾ ਗਰੀਬੀ ਦਾ। ਇਸ ਲਈ ਪਿੰਡ ਮੁੱਗੋਵਾਲ ਪਹੁੰਚ ਕੇ ਗਦਰੀ ਪਾਰਟੀ ਦੇ ਦਫ਼ਤਰ ਨੂੰ ਇਸ ਬਾਰੇ ਚਿੱਠੀ ਲਿਖੀ।

11 ਅਤੇ 12 ਜੂਨ, 1926 ਨੂੰ ਬਾਬੂ ਮੰਗੂ ਰਾਮ ਜੀ ਦੇ ਜੱਦੀ ਪਿੰਡ ਮੁੱਗੋਵਾਲ ਵਿੱਚ ਵਿਸ਼ਾਲ ਨੈਸ਼ਨਲ ਸ਼ੂਦਰ ਕਾਨਫਰੰਸ ਰੱਖੀ ਗਈ। ਇਸ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਅਤੇ ਬਾਬੂ ਮੰਗੂ ਰਾਮ ਜੀ ਨੂੰ ਆਦਿ-ਧਰਮ ਮੰਡਲ ਦੇ ਪ੍ਰੈਜ਼ੀਡੈਂਟ ਚੁਣ ਲਿਆ ਗਿਆ ਕਿਉਂਕਿ ਬਾਬੂ ਜੀ ਇੱਕ ਬਹੁਤ ਹੀ ਨੇਕ ਇਮਾਨਦਾਰ, ਮਿਹਨਤੀ, ਸੂਝਵਾਨ ਅਤੇ ਮਿਠਬੋਲੇ ਵਿਅਕਤੀ ਸਨ।

ਆਦਿ ਧਰਮ ਮੰਡਲ ਨੂੰ ਇੱਕ ਵੱਖਰੀ ਕੌਮ ਬਣਾਉਣ ਦੀ ਲੋੜ ਨੂੰ ਕਿਉਂ ਮਹਿਸੂਸ ਕੀਤਾ ਕਿਉਂਕਿ ਆਪ ਸਭ ਨੂੰ ਪਤਾ ਹੀ ਹੈ ਕਿ ਸਾਰੇ




ਐਸ-ਡੀ ਪਰਦੇਸੀ
ਸਰੀ ਕਨੇਡਾ

ਹੀ ਗੁਰੂ ਸਾਹਿਬਾਨਾਂ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਪਾਤ ਨੂੰ ਖਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਗੁਰੂ ਸਾਹਿਬਾਨ ਨੇ ਸ੍ਰੀ ਹਰਿਮੰਦਰ ਸਾਹਿਬ (ਸੱਚਖੰਡ) ਦੇ ਉਸਾਰਨ ਸਮੇ ਚਾਰ ਦਰਵਾਜੇ ਰੱਖੇ ਅਤੇ ਇਹ ਵੀ ਇਲਾਹੀ ਬਾਣੀ ਵਿੱਚ ਫੁਰਮਾਨ ਕੀਤਾ ਗਿਆ "ਮੇਰਾ ਉਪਦੇਸ਼ ਚੋਂ ਵਰੇਣ ਕੋ ਸਾਂਝਾ" ਅਤੇ ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਜਾਤਪਾਤ ਨੂੰ ਖਤਮ ਕਰਨ ਲਈ ਸੰਗਤ ਅਤੇ ਪੰਗਤ ਦੀ ਪ੍ਰਥਾ ਕਾਇਮ ਕੀਤੀ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਪਾਤ ਦਾ ਖਾਤਮਾ ਕਰਨ ਲਈ ਸਾਰੀਆਂ ਜਾਤਾਂ ਨੂੰ ਇਕੱਠੇ ਕਰਕੇ ਸਿੱਖ ਧਰਮ ਬਣਾਇਆਂ ਪਰ ਗੁਰੂ ਜੀ ਦੇ ਜਾਣ ਮਗਰੋਂ ਸਿੱਖੀ ਨੂੰ ਐਸੇ ਖਿਆਲਾਂ ਦੇ ਲੀਡਰ ਆ ਗਏ ਜਿਹਨਾਂ ਨੇ ਬ੍ਰਾਹਮਣ ਵਾਦ ਦੇ ਕਹਿਣੇ ਲੱਗ ਸਿੱਖੀ ਵਿੱਚ ਜਾਤਾਂ ਪਾਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਬਾਬੂ ਮੰਗੂ ਰਾਮ ਜੀ ਅਤੇ ਹੋਰ ਸਾਥੀਆਂ ਨੂੰ ਮਜਬੂਰ ਹੋ ਕੇ ਆਪਣੇ ਧਰਮ ਦੀ ਖੋਜ ਕਰਨੀ ਪਈ ਅਤੇ ਇਹ ਮਤਾਂ ਅੰਗਰੇਜ਼ ਸਰਕਾਰ ਅੱਗੇ ਰੱਖਿਆਂ ਅੰਗਰੇਜ਼ਾਂ ਨੇ ਆਦਿ ਧਰਮ ਨੂੰ ਇੱਕ ਵੱਖਰਾ ਧਰਮ ਮੰਨ ਲਿਆ ਇਸ ਤਰਾਂ ਆਦਿ ਧਰਮ ਬਾਕੀ ਧਰਮਾਂ ਦੇ ਬਰਾਬਰ ਖੜ੍ਹਾ ਹੋ ਗਿਆ ਅਤੇ ਮਰਦਮ ਸ਼ੁਮਾਰੀ ਵੇਲੇ ਆਦਿ ਧਰਮੀ ਲਿਖਵਾਉਣ ਦਾ ਹੱਕ ਲਿਆ।

ਬਾਬੂ ਜੀ ਆਦਿ ਧਰਮੀਆਂ ਦੇ ਹਰਮਨ ਪਿਆਰੇ ਨੇਤਾ ਸਨ ਇਸ ਲਈ ਸਾਰੇ ਲੋਕ ਆਦਿ ਧਰਮ ਮੰਡਲ ਦੀ ਹਰ ਤਰੀਕੇ ਨਾਲ ਸਹਾਇਤਾ ਕਰਨੀ ਚਾਹੁੰਦੇ ਸਨ ਉਸ ਸਮੇ ਆਦਿ ਧਰਮ ਮੰਡਲ ਦੇ ਮੈਂਬਰ ਸਦਭਾਵਨਾ ਨਾਲ ਚੱਲਦੇ ਸਨ ਅਤੇ ਇੱਕ ਦੂਸਰੇ ਦੀ ਗੱਲ ਮੰਨਦੇ ਸਨ। ਬਾਬੂ ਜੀ ਨੇ ਹਰ ਘਰ ਤੋਂ ਚਾਰ ਆਨੇ ਚੁੱਲ੍ਹਾ ਟੈਕਸ (ਫੰਡ) ਦੀ ਮੰਗ ਕੀਤੀ ਅਤੇ ਇਸ ਫੰਡ ਦਾ ਪੈਸਾ ਹਰ ਸਾਲ ਜਲੰਧਰ ਸ਼ਹਿਰ ਵਿੱਚ ਜੋ ਦਫ਼ਤਰ ਸੀ, ਉੱਥੇ ਪਹੁੰਚਾਇਆ ਜਾਂਦਾ ਸੀ।

ਇਸ ਕੰਮ ਨੂੰ ਪੂਰਾ ਕਰਨ ਲਈ 555 ਮੈਂਬਰ ਹੁੰਦੇ ਸਨ ਜੋ ਵੱਖ ਵੱਖ ਪਿੰਡਾਂ ਵਿੱਚੋਂ ਚੁਣੇ ਹੋਏ ਸਨ। ਇਹਨਾਂ ਦਾ ਕੰਮ ਆਦਿ ਧਰਮ ਮੰਡਲ ਲਈ ਫੰਡ ਇਕੱਠਾ ਕਰਨ ਦੇ ਨਾਲ ਨਾਲ ਆਦਿ ਧਰਮੀਆਂ ਵਿੱਚ ਚੇਤਨਾ ਪੈਦਾ ਕਰਨਾ ਵੀ ਹੁੰਦਾ ਸੀ ਸਭ ਤੋਂ ਵੱਧ ਆਦਿ ਧਰਮੀਆਂ ਦੀ ਰਜਿਸਟਰੀ ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ, ਸ਼ੇਖੁਪੁਰਾ ਅਤੇ ਲਇਲਪੁਰ (ਜੋ ਕਿ ਅੱਜ ਕੱਲ ਪਾਕਿਸਤਾਨ ਵਿੱਚ) ਜਿਲ੍ਹਿਆਂ ਵਿੱਚ ਹੋਈ ਹੈ। ਮਾਇਕ ਸਹਾਇਤਾ ਕੁੱਝ ਦਾਨੀ ਪੁਰਸ਼ਾਂ ਨੇ ਵੀ ਬਹੁਤ ਦਿੱਤੀ ਪ੍ਰੰਤੂ ਬਾਹਰ ਦੇ ਦੇਸ਼ਾਂ ਵਿੱਚ ਜਿੱਥੇ ਜਿੱਥੇ ਵੀ ਆਦਿ ਧਰਮੀ ਸਨ ਉਹ ਪੈਸੇ ਇਕੱਠੇ ਕਰਕੇ ਆਦਿ ਧਰਮੀ ਮੰਡਲ ਲਈ ਭੇਜਦੇ ਸਨ ਜਿਨ੍ਹਾਂ ਵਿੱਚ ਅਮਰੀਕਾ, ਇੰਗਲੈਂਡ, ਫਿਜੀ ਅਸਟ੍ਰੇਲੀਆ ਅਤੇ ਸਿੰਗਾਪੁਰ ਆਦਿ ਦੇ ਕੋਲ ਸ਼ਾਮਲ ਸਨ।

ਆਦਿ ਧਰਮੀ ਮੰਡਲ ਨੇ ਹਰ ਪਿੰਡ ਵਿੱਚ ਇੱਕ ਇੱਕ ਪੰਚਾਇਤ ਕਮੇਟੀ ਬਣਾਈ ਉਹਨਾਂ ਦੇ ਉੱਪਰ 22 ਪਿੰਡਾਂ ਦਾ ਇੱਕ ਪ੍ਰਧਾਨ ਹੁੰਦਾ ਸੀ । ਉਸ ਨੂੰ "ਬਾਹੀਆ" ਕਹਿੰਦੇ ਸਨ। ਇਹ ਦਾ ਕੰਮ ਪਿੰਡਾ ਦੇ ਸਾਰੇ ਝਗੜੇ ਨਿਪਟਾਉਣਾ ਹੁੰਦਾ ਸੀ।

ਬਾਬੂ ਜੀ ਜੋ ਨੀਤੀਆਂ ਆਦਿ ਧਰਮ ਕੌਮ ਦੀ ਭਲਾਈ ਲਈ ਬਣਾਉਂਦੇ ਸਨ ਉਹਨਾਂ ਨੂੰ ਕੌਮੀ ਕਵੀ ਅਤੇ ਦੂਸਰੇ ਕਵੀ ਕਵਿਤਾਵਾਂ ਰਾਹੀਂ ਪਹੁੰਚਾਉਂਦੇ ਸਨ। ਇਹਨਾਂ ਵਿੱਚ ਚਰਨ ਸਿੰਘ ਸਫਰੀ, ਪ੍ਰੀਤਮ ਸਿੰਘ ਪ੍ਰੀਤਮ, ਗੁਰਦਾਸ ਆਲਮ ਨਾਲ ਲਾਲ ਚੰਦ ਕਾਦਰ, ਚਾਨਣ ਮਾਣਕ ਦਾ ਨਾਮ ਵਰਣਨ ਯੋਗ ਹੈ।ਆਦਿ ਧਰਮ ਮੰਡਲ ਦੀਆ ਸ਼ਖਾਵਾਂ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਨ ਜਿਵੇਂ ਕਿ ਕਲਕੱਤਾ ਬਨਾਰਸ, ਦਿੱਲੀ ਅਤੇ ਦੇਹਰਾਦੂਨ ਆਦਿ।ਆਦਿ ਧਰਮ ਮੰਡਲ ਦੇ 555 ਮੈਂਬਰਾਂ ਤੋ ਇਲਾਵਾ ਹੋਰ 55 ਫੁੱਲ ਟਾਈਮ ਪ੍ਰਚਾਰਕ ਸਨ ਜਿਨ੍ਹਾਂ ਵਿੱਚ ਸਿਰਫ 30 ਪ੍ਰਚਾਰਕਾਂ ਨੂੰ ਤਨਖਾਹ ਮਿਲਦੀ ਸੀ ਇਹਨਾਂ ਦਾ ਕੰਮ ਸੀ ਕਿ ਸਾਰੀ ਪਬਲਿਕ (ਕੌਮ) ਨੂੰ ਆਦਿ ਧਰਮ ਮੰਡਲ ਨਾਲ ਜੋੜਨਾ ਸੀ। ਆਦਿ ਧਰਮੀਆਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਲਈ ਆਦਿ ਧਰਮ ਮੰਡਲ ਨੇ ਇੱਕ ਅਖ਼ਬਾਰ ਦੀ ਆਦਿ-ਡੰਕਾ ਛਾਪਣੀ ਸ਼ੁਰੂ ਕੀਤੀ । ਸ੍ਰੀ ਰਾਮ ਚੰਦ ਖੇੜੇ ਵਾਲੇ ਇਸ ਅਖ਼ਬਾਰ ਦੇ ਐਡੀਟਰ ਸਨ। ਬਾਬੂ ਮੰਗੂ ਰਾਮ ਜੀ ਅਤੇ ਧਰਮ ਮੰਡਲ ਦੀ ਸਖ਼ਤ ਮਿਹਨਤ ਦਾ ਸਦਕਾ 1931 ਤੱਕ ਆਦਿ ਧਰਮੀ ਉਚਾਈਆਂ ਤੱਕ ਪਹੁੰਚ ਚੁੱਕਾ ਸੀ ਲੋਕ ਆਪਣੇ ਆਪ ਨੂੰ ਆਦਿ ਧਰਮੀ ਅਖਵਾਉਣ ਵਿੱਚ ਫਖਰ ਮਹਿਸੂਸ ਕਰਦੇ ਸਨ। ਆਦਿ ਧਰਮ ਮੰਡਲ ਨੇ ਗੁਰੂ ਰਵਿਦਾਸ ਜੀ ਦਾ ਨਾਮ ਘਰ-ਘਰ ਪਹੁੰਚਾਇਆ। ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਲੱਭਣ ਵਿੱਚ ਆਦਿ ਧਰਮ ਮੰਡਲ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਸਭ ਕੁੱਝ ਬਾਬੂ ਜੀ ਦੀ ਸਖ਼ਤ ਮਿਹਨਤ ਅਤੇ ਕੌਮ ਪ੍ਰਤੀ ਪਿਆਰ ਦੇ ਸਦਕੇ ਕਾਮਯਾਬੀ ਮਿਲੀ। ਆਦਿ ਧਰਮ ਮੰਡਲ ਦੀ ਲੀਡਰਸ਼ਿਪ ਸੱਚੇ ਅਤੇ ਉੱਚੇ ਚਰਿੱਤਰ ਦੀ ਸੀ। ਰਾਜਨੀਤੀ ਤੋਂ ਉੱਪਰ ਉੱਠ ਕੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦਿੱਤੀ ਜਾਂਦੀ ਸੀ ਤਾਂ ਕਿ ਲੋਕ ਕੁਰੀਤੀਆਂ ਤੋਂ ਦੂਰ ਰਹਿਣ।

ਲੰਡਨ ਵਿੱਚ ਰਾਊਂਡ ਟੇਬਲ ਕਾਨਫਰੰਸ ਵਿੱਚ ਅਲੱਗ ਅਛੂਤਾਂ ਦੇ ਹਲਕੇ ਦੀ ਮੰਗ ਲਈ ਵੀ ਬਾਬੂ ਜੀ ਨੇ ਡਾ. ਅੰਬੇ-ਦਕਰ ਜੀ ਦਾ ਬੇਹੱਦ ਸਮਰਥਨ ਕੀਤਾ। ਬਾਬੂ ਜੀ ਨੇ ਆਦਿ - ਧਰਮੀਆਂ ਲਈ ਅਲੱਗ ਹਲਕੇ ਦੀ ਮੰਗ ਲਈ ਲੰਡਨ ਨੂੰ ਟੈਲੀਗ੍ਰਾਮਾਂ ਭੇਜੀਆਂ ਇਸ ਸਮੇ ਗਾਂਧੀ ਨੇ ਮਰਨ ਵਰਤ ਰੱਖਿਆ ਤਦ ਬਾਬੂ ਮੰਗੂ ਰਾਮ ਜੀ ਅਤੇ ਆਪਣੇ 40 ਆਦਿ ਧਰਮੀ ਸਾਥੀਆਂ ਨਾਲ ਵਿਰੋਧ ਕਰਨ ਲਈ ਵੀ ਮਰਨ ਵਰਤ ਦੀ ਘੋਸ਼ਣਾ ਕਰ ਦਿੱਤੀ।

ਇਸ ਤਰਾਂ ਪੂਨਾ ਪੈਕਟ ਦੇ ਦਸਤਖ਼ਤ ਹੋਣ ਤੋਂ ਬਾਅਦ ਰਾਖਵੀਆਂ ਸੀਟਾਂ ਮਿਲ ਗਈਆਂ। ਪੰਜਾਬ ਅਸੈਂਬਲੀ ਸਿਰਫ 8 ਸੀਟਾਂ ਰਾਖਵੀਆਂ ਮਿਲੀਆਂ। ਪਰ ਬਾਬੂ ਜੀ ਇਹਨਾਂ ਸੀਟਾਂ ਨਾਲ ਹਾਲੇ ਵੀ ਖੁਸ ਨਹੀਂ ਸਨ। ਆਪ ਜੀ ਨੇ ਸਿਮਲੇ ਜਾ ਕੇ ਕਿੰਗ ਜੋਰਸ ਨੂੰ ਇੱਕ ਮੰਗ ਪੱਤਰ ਲਿਖਿਆ।

ਅਤੇ ਇਸ ਮੰਗ ਨੂੰ ਪੂਰਾ ਕਰਵਾਉਣ ਲਈ ਬਾਬੂ ਜੀ ਨੇ ਮਰਨ ਵਰਤ ਰੱਖ ਲਿਆ। ਗਾਂਧੀ ਨੇ 2 ਹੋਰ ਸੀਟਾਂ ਦੀ ਪੇਸ਼ਕਸ਼ ਕੀਤੀ 2 ਹੋਰ ਰਾਖਵੀਆਂ ਸੀਟਾਂ ਮਿਲਣ ਤੋ ਬਾਅਦ ਬਾਬੂ ਜੀ ਨੇ ਜਲੰਧਰ ਵਿੱਚ ਇੱਕ ਵੱਡੀ ਰੈਲੀ ਬੁਲਾ ਕੇ ਮਰਨ ਵਰਤ ਤੋੜਿਆਂ ਤਾਂ ਉਸ ਸਮੇ ਆਪ ਜੀ ਨੇ ਕਿਹਾ ਕਿ ਗਾਂਧੀ ਜੇ ਤੂੰ ਹਿੰਦੂਆਂ ਲਈ ਮਰਨ ਲਈ ਤਿਆਰ ਹੈ ਤਾਂ ਮੈ ਅਛੂਤਾਂ ਲਈ ਮਰਨ ਲਈ ਤਿਆਰ ਹਾਂ।

ਆਦਿ ਧਰਮ ਮੰਡਲ ਦੀ ਕਾਮਯਾਬੀ ਦਾ ਸਭ ਤੋ ਵੱਡਾ ਕਾਰਨ ਸੀ ਉਸ ਸਮੇ ਦੇ ਲੀਡਰਾਂ ਦੀ ਇਮਾਨਦਾਰੀ, ਸਚਾਈ, ਬਿਨਾ ਲਾਲਚ ਤੋਂ ਅਣਥੱਕ ਮਿਹਨਤ ਅਤੇ ਰਲ ਮਿਲ ਕੇ ਚੱਲਣ ਦਾ ਅਹਿਸਾਸ ਅਤੇ ਉਹਨਾਂ ਦਾ ਉੱਚਾ ਅਤੇ ਸੁੱਚਾ ਆਚਰਣ ਇਹ ਹੀ ਕਾਰਨ ਸੀ ਕਿ ਇਹਨਾਂ ਆਪਣੀਆਂ ਖੂਬੀਆਂ ਦੇ ਕਾਰਨ ਹੀ ਉਹ ਅਛੂਤਾਂ ਵਿੱਚ ਚੇਤਨਾ ਪੈਦਾ ਕਰ ਸਕੇ। 1931 ਈਸਵੀ ਦੀ ਜਨ-ਗਣਨਾ ਵਿੱਚ ਇਹ ਧਰਮ ਪ੍ਰਵਾਨ ਹੋਇਆ। ਸਮਾਜਿਕ ਅਤੇ ਆਰਥਿਕ ਸੁਧਾਰ ਦੇ ਮੌਕੇ ਵੀ ਆਦਿ ਧਰਮੀਆਂ ਦੀ ਵੱਡੀ ਪ੍ਰਾਪਤੀ ਹੈ।

ਸੰਨ 1946 ਵਿੱਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ। ਬਾਬੂ ਜੀ ਹੁਸ਼ਿਆਰਪੁਰ ਹਲਕੇ ਤੋਂ ਆਦਿ ਧਰਮ ਵਲੋਂ ਰਾਖਵੀਂ ਸੀਟ 'ਤੇ ਅਜ਼ਾਦ ਉਮੀਦਵਾਰ ਵਲੋਂ ਚੋਣ ਲੜੀ ਅਤੇ ਐਮ. ਐਲ. ਏ. ਚੁਣੇ ਗਏ। ਬਾਬੂ ਮੰਗੂ ਰਾਮ ਜੀ ਨੇ ਐਮ ਐਲ ਏ ਬਣਦੇ ਸਾਰ ਹੀ ਆਦ-ਧਰਮੀਆਂ ਲਈ ਜਮੀਨ ਦੀ ਮੰਗ ਕੀਤੀ ਅਤੇ ਗੁਰੂ ਰਵਿਦਾਸ ਜੀ ਦੇ ਜਨਮ ਦਿਨ ਉੱਤੇ ਛੁੱਟੀ ਕਰਵਾਉਣ ਦੀ ਵੀ ਮੰਗ ਕੀਤੀ।

ਬਾਬੂ ਮੰਗੂ ਰਾਮ ਜੀ ਨੇ ਰਾਜਨੀਤੀ ਤੋਂ ਰਿਟਾਇਰ ਹੋਣ ਤੋਂ ਮਗਰੋਂ ਆਪਣੀ ਜਿੰਦਗੀ ਦਾ ਬਾਕੀ ਸਮਾ ਗੜ੍ਹਸ਼ੰਕਰ ਵਿੱਚ ਗੁਜ਼ਾਰਿਆ। ਬਾਬੂ ਜੀ 22 ਅਪ੍ਰੈਲ 1980 ਨੂੰ 94 ਸਾਲ ਦੀ ਉਮਰ ਭੋਗ ਕੇ ਹਮੇਸ਼ਾ ਲਈ ਅਮਰ ਹੋ ਗਏ। ਬਾਬੂ ਮੰਗੂ ਰਾਮ ਜੀ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ। ਬਾਬੂ ਮੰਗੂ ਰਾਮ ਜੀ ਦੇ ਦਿਲਾਂ ਵਿੱਚ ਜੋ ਦਰਦ ਅਛੂਤਾਂ / ਦਲਿਤਾਂ ਲਈ ਸੀ, ਉਹ ਦਰਦ ਅੱਜ ਤੱਕ ਉਹਨਾਂ ਤੋਂ ਬਾਅਦ ਕਿਸੇ ਹੋਰ ਵਿਅਕਤੀ ਵਿੱਚ ਨਹੀਂ ਮਿਲਿਆ। ਅੱਜ ਦੇ ਲੀਡਰ ਕੇਵਲ ਤੇ ਕੇਵਲ ਆਪਣੇ ਅਤੇ ਆਪਣੇ ਪਰਿਵਾਰ ਤੱਕ ਹੀ ਸੀਮਤ ਹਨ। ਦੇਖੀਏ ਤਾਂ ਉਹਨਾਂ ਨੂੰ ਕੌਮ ਦਾ ਕੋਈ ਦਰਦ ਨਹੀਂ ਹੈ ਅੱਜ ਲੋੜ ਹੈ ਮਿੱਠ ਬੋਲੜੇ ਈਮਾਨਦਾਰ, ਉੱਚੇ-ਸੁੱਚੇ ਚਰਿੱਤਰ ਅਤੇ ਲਗਨ ਵਾਲੇ ਇਨਸਾਨਾਂ ਦੀ ਜੋ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਣੀ ਕੌਮ ਦੇ ਗਰੀਬਾਂ ਦਾ ਭਲਾ ਕਰ ਸਕਣ।

## ਕਵਿਤਾ/ ਬਾਬੂ ਮੰਗੂ ਰਾਮ ਜੀ

ਬਾਬੂ ਜੀ ਸਨ ਸੁਭਾਅ ਦੇ ਬੜੇ ਚੰਗੇ, ਮਿੱਠਾ ਬੋਲ ਕੇ ਸਭ ਨੂੰ ਪਿਆਰ ਸਤਿਕਾਰ ਕਰਦੇ
ਫੁੱਲ ਕਿਰਦੇ ਸਨ ਮੂੰਹ ਚੋਂ ਹਾਸਿਆਂ ਦੇ, ਸੋਹਲ ਜੁਬਾਨ ਦੇ ਨਾਲ ਗੁਫਤਾਰ ਕਰਦੇ
ਖੁੱਲੇ ਦਿਲ ਵਾਲੇ ਦਰਦਮੰਦ ਹਿਰਦੇ, ਦੁਖੀ ਦਿਲਾ ਲਈ ਸਨ ਜਾਨ ਨਿਸ਼ਾਰ ਕਰਦੇ
ਉਲਝੀ ਹੋਈ ਸਮੱਸਿਆ ਕੋਈ ਜੇਕਰ ਨੇਕ ਸਲਾਹ ਦੇ ਨਾਲ ਵਿਚਾਰ ਕਰਦੇ
ਬਜੁਰਗਾਂ ਵਾਂਗ ਉੱਚੇ ਪਰ ਯਾਰਾ ਨਾ ਸੁੱਚੇ ਸੁੱਚਾ ਕੌਲ ਕਰਾਰ ਹੁੰਦਾ
ਮੱਥੇ ਵੱਟ ਨਹੀ ਸਨ ਕਿਸੇ ਨੂੰ ਪਾ ਤੱਕਦੇ, ਗੁੱਸੇ ਵਿੱਚ ਵੀ ਪੰਥ ਪਿਆਰ ਹੁੰਦਾ
ਗਿਰੇ ਹੋਏ ਲੋਕਾਂ ਨੂੰ ਬਾਹੋਂ ਪਕੜਦੇ, ਸਭਲ ਜਾਣ ਬਾਬੂ ਜੀ ਨੇ ਕੀਤੇ ਇਸ਼ਾਰੇ
ਜਾਗੋ ਗਰੀਬੋ ਅਤੇ ਮਜਦੂਰ ਭਾਈਓ, ਦਿੰਦਾ ਸੀ ਉਹ ਹੋਕੇ ਸਾਂਝਾਂ ਦੇ
ਭਾਰੇ ਦੱਸਦਾ ਸੀ ਏਕੇ 'ਚ ਬਰਕਤ ਬੜੀ ਏ ਤੇ ਲਾਉਦਾ ਸੀ ਥਾਂ-ਥਾਂ ਹੱਕਾਂ ਦੇ ਨਾਹਰੇ
ਕਹਿੰਦਾ ਸੀ ਨੀਚਾ ਨੇ ਹੋਣਾ ਉਚਿਆਂ ਤੇ ਅਰਸ਼ਾ ਤੇ ਚਮਕਣਗੇ ਧਰਤੀ ਦੇ ਤਾਰੇ।
ਪਰਦੇਸੀ ਦੇ ਪੈਰਾ ਨੂੰ ਮੰਜਲ ਨੇ ਛੋਹਣਾ ਰਾਹਾਂ ਦੇ ਕੰਡੇ ਹੋਏ ਦੂਰ ਸਾਰੇ
ਖਿਜਾਵਾ ਬਹਾਰਾ ਨੇ ਰਲ ਗੀਤ ਗਾਉਣੇ ਅਤੇ ਖਿੜਨਗੇ ਫੁੱਲ ਮਜਬੂਰ ਸਾਰੇ।

# ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਤੇ ਸਕੂਲ ਵਿੱਚ ਸਮਾਗਮ

**ਮੁਕੰਦਪੁਰ, (ਰੇਸ਼ਮ ਕਰਨਾਣਵੀ)** -ਪਿੰਡ ਜਗਤਪੁਰ ਦੇ ਦੁਆਬਾ ਪਬਲਿਕ ਸਕੂਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਆਗਮਨ ਪੁਰਬ ਤੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਬੱਚਿਆਂ ਵਲੋਂ ਗੁਰੂ ਜੀ ਦੀ ਜੀਵਨੀ ਸਬੰਧੀ ਲੇਖ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਇਸ ਮੌਕੇ ਸਟਾਫ਼ ਮੈਂਬਰਾਂ ਵਲੋਂ ਹਾਜ਼ਰ ਵਿਦਿਆਰਥੀਆਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਬੰਧੀ ਸਵਾਲ ਪੁੱਛੇ ਗਏ। ਇਸ ਕੁਇਜ਼ ਮੁਕਾਬਲੇ ਵਿੱਚ ਰਾਜ ਕੁਮਾਰ, ਅਨੀਸ਼ਾ, ਗਗਨਦੀਪ ਕੌਰ, ਹਰਪ੍ਰੀਤ ਕੌਰ, ਸੁਨਾਲੀ, ਅਰਸ਼ਦੀਪ ਕੌਰ, ਅਨਮੋਲ, ਆਕਾਸ਼, ਬਲਜੀਤ ਸਿੰਘ ਨੇ ਸਹੀ ਜਵਾਬ ਦਿੱਤੇ। ਸਵਾਲਾਂ ਦੇ ਠੀਕ ਜਵਾਬ ਦੇਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਗੁਰਬਖ਼ਸ਼ ਕੌਰ ਅਤੇ ਹਰਨੇਕ ਚੰਦ ਵਲੋਂ ਸਨਮਾਨਤ ਕੀਤਾ ਗਿਆ।



ਇਸ ਮੌਕੇ ਸਟਾਫ਼ ਮੈਬਰਾਂ ਸਮੇਤ ਬਲਜੀਤ ਕੌਰ, ਕਿਰਨਾ ਰਾਣੀ, ਸੀਮਾ ਰਾਣੀ, ਸੋਨੀਆਂ ਬੰਗਾ, ਅੰਜਨਾ ਬੰਗਾ, ਵੀਨਾ, ਸੰਦੀਪ ਧਦਰਾ ਅਤੇ ਕਲਪਨਾ ਬੀਕਾ ਹਾਜ਼ਰ ਸਨ।

# ਦੁਆਬਾ ਪਬਲਿਕ ਸਕੂਲ ਦਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ

**ਮੁਕੰਦਪੁਰ, (ਰੇਸ਼ਮ ਕਰਨਾਣਵੀ)** -ਨਜ਼ਦੀਕੀ ਪਿੰਡ ਜਗਤਪੁਰ ਦੇ ਦੁਆਬਾ ਪਬਲਿਕ ਸਕੂਲ ਵਿੱਚ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪੜ੍ਹਾਈ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿੱਚ ਪ੍ਰਿੰਸੀਪਲ ਅਮਰਜੀਤ ਖਟਕੜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਵਿੱਚ ਬੱਚਿਆਂ ਵਲੋਂ ਵੱਖ-ਵੱਖ ਤਰ੍ਹਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸਾਰੀਆਂ ਜਮਾਤਾਂ ਦੇ ਪੜ੍ਹਾਈ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਗਿਫ਼ਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਵਧੀਆ ਕਾਰਗੁਜ਼ਾਰੀ ਵਾਲੇ ਸਟਾਫ਼ ਮੈਂਬਰਾਂ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਅਮਰਜੀਤ ਖਟਕੜ ਨੇ ਸੰਬੋਧਨ ਕਰਦੇ ਹੋਏ ਬੱਚਿਆਂ ਨੂੰ ਨੈਤਿਕ ਸਿੱਖਿਆ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਵਾਸਤੇ ਦੇਸ਼ ਦੀਆਂ ਮਹਾਨ ਸਖ਼ਸ਼ੀਅਤਾਂ ਤੋਂ ਪ੍ਰੇਰਨਾ ਲੈਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਖੇਤੀ ਵਿਗਿਆਨੀ ਮਹਿੰਦਰ ਸਿੰਘ ਦੁਸਾਂਝ, ਕੁਦਰਤੀ ਖੇਤੀ ਮਾਹਿਰ ਹਰਬਖ਼ਸ਼ ਸਿੰਘ, ਕੁਲਵਿੰਦਰ ਸਿੰਘ ਸਿੱਧੂ ਚਾਰਟਰਡ ਪ੍ਰਧਾਨ ਲਾਇਨ ਕਲੱਬ ਫਗਵਾੜਾ, ਸਕੂਲ ਪ੍ਰਿੰਸੀਪਲ ਗੁਰਬਖ਼ਸ਼ ਕੌਰ, ਵਾਇਸ ਪ੍ਰਿੰਸੀਪਲ ਹਰਨੇਕ ਬੀਕਾ ਨੇ ਵੀ ਵਿਦਿਆਰਥੀਆਂ ਨਾ਼ਲ ਆਪਣੇ ਵਿਚਾਰ ਸਾਂਝੇ ਕੀਤੇ। ਸਟੇਜ ਦੀ ਕਾਰਵਾਈ ਮਨਜੀਤ ਕੌਰ ਨੇ ਨਿਭਾਈ। ਇਸ ਮੌਕੇ ਪ੍ਰਿੰਸੀਪਲ ਜਸਵੀਰ ਸਿੰਘ ਖਾਨਖਾਨਾ, ਸਤਨਾਮ ਸੰਧੂ, ਪਰਮਜੀਤ ਸਿੰਘ ਸਰਪੰਚ ਜਗਤਪੁਰ, ਮਹਿੰਦਰਪਾਲ ਸਰਪੰਚ ਬਘੌਰਾ, ਸੁੱਚਾ ਸਿੰਘ ਡੀ.ਪੀ., ਲੈਕ. ਪ੍ਰੇਮ ਕੁਮਾਰ ਪਰਿਹਾਰ, ਬਲਵੀਰ ਸਿੰਘ ਦਿਓਲ, ਗੁਰਪ੍ਰੀਤ ਸਾਧਪੁਰ, ਪਰਦੀਪ ਕੁਮਾਰ, ਹਰਵਿੰਦਰ ਸਿੰਘ, ਗੁਦਾਵਰ ਸਿੰਘ, ਸੁਖਵਿੰਦਰ ਸਿੰਘ ਸਿਆਣ, ਸੁਰਿੰਦਰ ਸਿੰਘ, ਰਣਜੀਤ ਸਿੰਘ ਅਤੇ ਹੋਰ ਹਾਜ਼ਰ ਸਨ।





# Late Commissioner Lahori Ram Ji

# May 10, 1944 – January 11, 2009

**"I have only slipped away into the next room, I am I and you are you. Whatever we were to each other that we still are. Call me by my old familiar name. Speak to me in the easy way, which you always used. Play, smile, think of me. All is well." ~ Henry Scott Holland**

It is with great pride and honor that the Ram Family invites all members of the community to commemorate the life and legacy of a paragon of the ideal human being. Commissioner Lahori Ram was the best at his worst and humble at his best. He served as the ultimate role model as a devoted husband, father, grandfather and as a member of society. He was a friend and confidant to all but an enemy to none. He left his footprints in the sand and we shall follow in those footprints. It is our duty to move forward in the path that he set and carry on the message that he firmly believed in: "United we stand and divided we fall."

It is said that even God needs good people in His Company but we shall always miss your presence. Nevertheless, your soul will remain with us forever. We will always love you dearly. May God bless your soul and give us the strength to move on.

Please join the Ram family in a religious service honoring the Seventh Memorial Ceremony of this great- departed soul.

## Program:

- **Commence Prayer Ceremony (Arambh Akhand Path Sahib): Friday January 29, 2016 at 11:00 am.**
- **Conclusion of Prayer -- Main Service (Bhog): Sunday January 31, 2016 -- 10:00 am to 4:00 pm**

## Venue:

**Shri Guru Ravidass Temple**
**2120-2150 Crestview Drive**
**Pittsburg, CA 94565**
**(925) 439-2355**

## For additional information, please call:

**Jack Ram (650) 455-9026**
**Paul Ram (650) 296-4208**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ










**ਯੂਬਾ ਸਿਟੀ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਪੂਰਵਕ ਤੇ ਸਦਭਾਵਨਾ ਨਾਲ ਮਨਾਇਆ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਤੋਂ ਇਲਾਵਾ ਭਾਈ ਜੋਗਿੰਦਰ ਸਿੰਘ ਦੇ ਜਥੇ ਨੇ ਬਹੁਤ ਹੀ ਰਸ ਭਿੰਨਾ ਸ਼ਬਦ ਗਾਇਨ ਤੇ ਗੁਰੂ ਜੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਵਾਕਫ਼ ਕਰਵਾ ਕੇ ਨਿਹਾਲ ਕੀਤਾ। ਉਥੇ ਕਵੀ ਸ. ਗੁਰਦੀਪ ਸਿੰਘ ਹੀਰਾ ਜੀ ਨੇ ਗੁਰੂ ਜੀ ਸਬੰਧਤ ਗੀਤ/ਕਵਿਤਾਵਾਂ ਪੜ੍ਹੀਆਂ।

'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤਾਂ ਨੂੰ ਗੁਰਪੁਰਬ ਦਿਹਾੜੇ ਤੇ ਵਧਾਈ ਦਿੰਦਿਆਂ ਗੁਰੂ ਜੀ ਦੇ ਜੀਵਨ ਕਾਲ ਤੇ ਸੰਖੇਪ ਚਾਨਣਾ ਪਾਇਆ।

ਇਸ ਉਪਰੰਤ 8 ਜਨਵਰੀ ਦਿਨ ਸ਼ੁੱਕਰਵਾਰ ਤੋਂ ਆਰੰਭ ਹੋਏ ਪਾਠ ਦੇ 10 ਜਨਵਰੀ ਦਿਨ ਐਤਵਾਰ ਨੂੰ ਭੋਗ ਪਾਏ ਗਏ ਤੇ ਸਟੇਜ ਦੀ ਸੇਵਾ ਸੰਭਾਲਦਿਆਂ ਸ. ਗੁਰਦੀਪ ਸਿੰਘ ਹੀਰਾ ਨੇ ਸੰਗਤਾਂ ਦਾ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕੀਤਾ। ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਇਆ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ ਦਿਹਾੜਾ




**ਯੂਬਾ ਸਿਟੀ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ ਦਿਹਾੜਾ ''ਸਮਾਜਿਕ ਸਮਾਨਤਾ'' ਵਜੋਂ 17 ਜਨਵਰੀ ਦਿਨ ਐਤਵਾਰ ਨੂੰ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਜੀ ਤੇ ਭਾਈ ਪੂਰਨ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ, ਉਥੇ ਉਨ੍ਹਾਂ ਗਦਰੀ ਬਾਬਾ ਮੁੱਗੋਵਾਲੀਆ ਜੀ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਸੰਘਰਸ਼ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਹਨਾਂ ਦੀ ਦੇਸ਼ ਪ੍ਰਤੀ ਕੁਰਬਾਨੀ ਅਤੇ ਦੱਬੇ ਕੁਚਲੇ ਵਰਗ 'ਚ ਸਮਾਜਿਕ ਬਰਾਬਰਤਾ ਲਿਆਉਣ ਦਾ ਸੁਨਹਿਰੀ ਇਤਿਹਾਸ ਕਦੇ ਭੁਲਾਇਆ ਨਹੀਂ ਜਾ ਸਕਦਾ।

ਗੁਰੂ ਘਰ ਦੇ ਸਟੇਜ ਸਕੱਤਰ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਵੱਲੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਗਦਰ ਲਹਿਰ 'ਚ ਜੋਖਮ ਭਰੀਆਂ ਜ਼ਿੰਮੇਵਾਰੀਆਂ ਨੂੰ ਬਹੁਤ ਹੀ ਇਮਾਨਦਾਰੀ ਨਾਲ ਨਿਭਾਉਂਦਿਆਂ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕੀਤੀ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਖਤਰਨਾਕ ਐਲਾਨ ਦਿੱਤਾ ਸੀ ਕਿ ਇਹ ਜਿਥੇ ਵੀ ਨਜ਼ਰ ਆਵੇ, ਗੋਲੀ ਨਾਲ ਉਡਾ ਦਿੱਤਾ ਜਾਵੇ। ਇਸ ਮੌਕੇ ਇੰਗਲੈਂਡ ਤੋਂ ਆਏ ਸ੍ਰੀ ਲਕਸ਼ਮਣ ਦਾਸ ਬੰਗੜ ਜੀ ਨੇ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਆਦਿ ਧਰਮ ਮੰਡਲ ਵੱਲੋਂ ਚਲਾਈ ਮੂਵਮੈਂਟ ਬਾਰੇ ਵਿਚਾਰ ਰੱਖਦਿਆਂ ਉਨ੍ਹਾਂ ਨੂੰ ਮਹਾਨ ਸਮਾਜਿਕ ਸੁਧਾਰਕ ਵਜੋਂ ਨਿਵਾਜਦਿਆਂ ਆਪਣਾ ਪ੍ਰਣਾਮ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਆਪਣੀ ਪ੍ਰੰਪਰਾ ਨੂੰ ਹਮੇਸ਼ਾ ਮੁੱਖ ਰੱਖਦਿਆਂ ਕੋਈ ਪਹਿਲੀ ਵਾਰ ਬਾਹਰੋਂ ਆਉਂਦਾ ਹੈ ਤਾਂ ਉਨ੍ਹਾਂ ਨੂੰ ਸਿਰੋਪਾਓ ਨਾਲ ਜੀ ਆਇਆਂ ਕਿਹਾ ਜਾਂਦਾ ਹੈ। ਸੋ ਅੱਜ ਦੇ ਵਿਸ਼ੇਸ਼ ਪ੍ਰੋਗਰਾਮ ਦੌਰਾਨ ਇੰਗਲੈਂਡ ਤੋਂ ਆਏ ਸ੍ਰੀਮਾਨ ਲਕਸ਼ਮਣ ਦਾਸ ਬੰਗੜ, ਉਨ੍ਹਾਂ ਦੀ ਸੁਪਤਨੀ ਅਜੀਤ ਕੌਰ ਬੰਗੜ ਤੇ ਨਵੀਂ ਕਮੇਟੀ ਦੇ ਦੋ ਬਜ਼ੁਰਗ ਸਲਾਹਕਾਰ ਸ੍ਰੀ ਪ੍ਰੀਤਮ ਚੰਦ ਲੀਲ ਅਤੇ ਸਾਬਕਾ ਸਰਪੰਚ ਦਿਆਲ ਰਾਮ ਨਰ ਜੀ ਦਾ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਤੇ ਕਮੇਟੀ ਨੇ ਸਿਰੋਪਾਓ ਨਾਲ ਮਾਣ ਕੀਤਾ। ਇਸ ਉਪਰੰਤ ਅਰਦਾਸ ਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਆਈਆਂ ਸਮੂਹ ਸੰਗਤਾਂ ਅਤੇ ਉਹਨਾਂ ਵੱਲੋਂ ਲੰਮਾ ਸਮਾਂ ਜੁੜ ਕੇ ਬੈਠਣ ਲਈ ਸਟੇਜ ਸਕੱਤਰ ਗੁਰਦੀਪ ਸਿੰਘ ਹੀਰਾ ਨੇ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਨਵੀਂ ਪ੍ਰਬੰਧਕ ਕਮੇਟੀ







ਸਤਨਾਮ ਸਿੰਘ
ਵਾਈਸ ਜਨਰਲ ਸੈਕਟਰੀ
(530-682-3962)
















ਤਸਵੀਰਾਂ 'ਦੇਸ਼ ਦੁਆਬਾ'

ਮੋਹਿੰਦਰ ਸਿੰਘ ਰੱਤੂ- ਚੇਅਰਮੈਨ (530-790-5985)
ਪਰਸ਼ੋਤਮ ਸੂਦ- ਵਾਈਸ ਚੇਅਰਮੈਨ (530-845-4508)
ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ (530-713-1823)
ਗੁਰਨਾਮ ਸਿੰਘ ਭੰਡਾਲ- ਵਾਈਸ ਪ੍ਰਧਾਨ (530-218-4468)
ਦਲਵਿੰਦਰ ਰੱਲ੍ਹ- ਜਨਰਲ ਸੈਕਟਰੀ (530-933-3938)
ਸਤਨਾਮ ਸਿੰਘ- ਵਾਈਸ ਜਨਰਲ ਸੈਕਟਰੀ (530-682-3962)
ਰਾਮ ਸੇਵਕ ਭਾਟੀਆ- ਖਜਾਨਚੀ (530-674-9888)

ਜਸਪਾਲ ਜੱਸਲ- ਉਪ ਖਜਾਨਚੀ (510-894-9653)
ਗੁਰਦੀਪ ਸਿੰਘ ਹੀਰਾ- ਸਟੇਜ ਸੈਕਟਰੀ (530-755-1826)
ਜਸਵਿੰਦਰ ਸਿੰਘ- ਵਾਈਸ ਸੈਕਟਰੀ (530-933-3383)
ਵਿਜੇ ਸਰੋਇਆ- ਮੀਡੀਆ ਪਰਸਨ (530-790-5423)
ਦਿਆਲ ਰਾਮ ਨਰ- ਸਲਾਹਕਾਰ (530-216-0585)
ਪ੍ਰੀਤਮ ਚੰਦ ਲੀਲ- ਸਲਾਹਕਾਰ (530-751-7155)
ਭੁਪਿੰਦਰ ਸਿੰਘ ਭੰਡਾਲ- ਰਸੋਈ ਦੀ ਦੇਖ-ਰੇਖ (530-301-2518)

ਕੁਲਦੀਪ ਕੁਮਾਰ- ਰਸੋਈ ਦੀ ਦੇਖ-ਰੇਖ (530-525-2724)
ਲਖਬੀਰ ਸੂਦ- ਟਰੱਸਟੀ ਮੈਂਬਰ (530-315-5419)
ਰਜੇਸ਼ ਲਾਲੀ- ਟਰੱਸਟੀ (530-870-6849)

ਭਾਈ ਪ੍ਰਿਤਪਾਲ ਸਿੰਘ (ਹੈਡ ਗ੍ਰੰਥੀ)
ਭਾਈ ਪੂਰਨ ਸਿੰਘ (ਗ੍ਰੰਥੀ)
ਗੁਰੂ ਘਰ ਦਾ ਨੰਬਰ 530-674-2564



## 18 ਸੇਰ ਦਾ ਖੰਡਾ ਖੜਕਾਉਣ ਵਾਲੇ ਮਹਾਨ ਸ਼ਹੀਦ, ਮਹਾਨ ਸਿੱਖ ਅਤੇ ਕੌਮ ਲਈ ਆਦਰਸ਼ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਸਮੂਹ ਸਿੱਖ ਕੌਮ ਨੂੰ ਲੱਖ-ਲੱਖ ਵਧਾਈਆਂ

## ਆਓ ਸਾਰੇ ਰਲ ਮਿਲ ਕੇ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਅਤੇ ਉਹਨਾਂ ਦੀ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਲਈਏ।




# Baba Deep Singh Welfare Society USA



# ਮਾਹੀ ਢਿੱਲੋਂ

## ਦੀ ਐਂਕਰ ਤੇ ਮਾਡਲਿੰਗ ਵਜੋਂ ਪੇਸ਼ਕਾਰੀ ਨੇ ਸਭ ਦਾ ਮੰਨ ਮੋਹਿਆ






25 ਸਾਲਾ ਮੁਟਿਆਰ ਮਾਹੀ ਢਿੱਲੋਂ ਨੇ ਅੱਜ ਕਲ੍ਹ ਸਟੇਜ ਐਂਕਰ ਤੇ ਮਾਡਲ ਦੇ ਰੂਪ ਵਿਚ ਇਕ ਵੱਖਰੀ ਪਛਾਣ ਬਣਾ ਲਈ ਹੈ। ਉਸ ਨੇ ਵੀਡੀਓ ਮਾਡਲ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ। ਅਜ ਕਲ੍ਹ ਉਹ ਸਟੇਜ ਐਂਕਰਿੰਗ ਕਰਨ ਦੇ ਨਾਲ ਨਾਲ ਕੰਪਨੀਆਂ ਦੇ ਪ੍ਰੋਡੱਕਟਸ ਦੀ ਐਡ ਕਰਨ ਵਿਚ ਮਸ਼ਰੂਫ ਹੈ। ਇਸ ਦੇ ਨਾਲ ਹੀ ਉਹ ਰੈਂਪ ਸ਼ੋਅ ਮਾਡਲ ਵਜੋਂ ਵੀ ਕੰਮ ਕਰ ਰਹੀ ਹੈ। ਉਹ ਇਕ ਬਹੁਤ ਵਧੀਆ ਸਟੇਜ ਸੰਚਾਲਿਕਾ ਹੈ। ਉਸ ਦੀ ਮਿੱਠੀ ਅਵਾਜ਼ ਤੇ ਖ਼ੂਬਸੂਰਤ ਦਿੱਖ ਹਰ ਇਕ ਦਾ ਮੰਨ ਮੋਹ ਲੈਂਦੀ ਹੈ। ਉਹ ਬਹੁਤ ਸਾਰੇ ਸਭਿਆਚਾਰਕ ਮੇਲਿਆਂ ਤੇ ਦਰਗਾਹਾਂ ਉਪਰ ਲੱਗਦੇ ਮੇਲਿਆਂ 'ਚ ਐਂਕਰਿੰਗ ਕਰਕੇ ਵਾਹ ਵਾਹ ਖੱਟ ਚੁੱਕੀ ਹੈ। ਉਹ ਚੰਗੀ ਪੜ੍ਹੀ ਲਿੱਖੀ ਹੈ। ਉਸ ਨੇ ਬੀ.ਐਸ.ਸੀ ਆਈ.ਟੀ ਲਵਲੀ ਯੂਨੀਵਰਸਿਟੀ ਤੋਂ ਪਾਸ ਕੀਤੀ। ਪਰ ਜਿਵੇਂ ਕਹਿੰਦੇ ਹਨ ਕਿ ਸ਼ੌਂਕ ਦਾ ਕੋਈ ਮੁੱਲ ਨਹੀਂ ਹੈ। ਉਸ ਦਾ ਸ਼ੌਂਕ ਐਂਕਰਿੰਗ ਕਰਨਾ ਤੇ ਮਾਡਲ ਬਣਨਾ ਸੀ। ਇਸ ਲਈ ਉਹ ਕੋਈ ਨੌਕਰੀ ਜਾਂ ਅਗੇ ਹੋਰ ਪੜ੍ਹਾਈ ਕਰਨ ਦੀ ਬਜਾਏ ਮਾਡਲਿੰਗ ਤੇ ਐਂਕਰਿੰਗ ਦੇ ਖੇਤਰ ਵਿਚ ਆ ਗਈ। ਮਾਹੀ ਢਿੱਲੋਂ ਦਾ ਜਨਮ ਅੰਮ੍ਰਿਤਸਰ ਵਿਚ ਮਾਤਾ ਬਲਬੀਰ ਕੌਰ ਤੇ ਪਿਤਾ ਸਵਰਗੀ ਸ੍ਰ ਬੰਤਾ ਸਿੰਘ ਦੇ ਘਰ ਹੋਇਆ। ਉਨ੍ਹਾਂ ਦੀ ਵੱਡੀ ਭੈਣ ਅਮਰੀਕਾ ਵਿਚ ਰਹਿੰਦੀ ਹੈ ਜਦ ਕਿ ਇਕ ਵੱਡਾ ਭਰਾ , ਭਰਜਾਈ ਤੇ ਇਕ ਭਤੀਜੀ ਉਸ ਦੇ ਹੋਰ ਪਰਿਵਾਰਕ ਮੈਂਬਰ ਹਨ। ਅੱਜ ਕਲ੍ਹ ਉਹ ਜੀਰਕਪੁਰ (ਪੰਜਾਬ) ਵਿਚ ਰਹਿੰਦੀ ਹੈ। ਉਸ ਨੇ ਦਸਿਆ ਕਿ ਸੰਗੀਤ, ਅਦਾਕਾਰੀ, ਜਿਮ ਜਾਣਾ, ਖੇਡਾਂ ਖੇਡਣਾ, ਪੜ੍ਹਨਾ ਤੇ ਯਾਤਰਾ ਕਰਨੀ ਉਸ ਦੇ ਸ਼ੌਂਕ ਹਨ। ਉਸ ਨੇ 30 ਤੋਂ ਵਧ ਵੀਡੀਓ ਗੀਤਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਹਨ। ਇਨ੍ਹਾਂ ਗੀਤਾਂ ਵਿਚ ਹੈਪੀ ਜਸੋਵਾਲ, ਏਕਨੂਰ ਸਿੱਧੂ, ਬੌਬੀ ਸਿੱਧੂ ਦੇ ਗੀਤ ਵੀ ਸ਼ਾਮਿਲ ਹਨ। ਮਾਹੀ ਢਿੱਲੋਂ ਨੇ ਅਪਰਾਧਾਂ ਬਾਰੇ ਲੜੀਵਾਰ ਸਾਵਧਾਨ ਵਿਚ ਵੀ ਕੰਮ ਕੀਤਾ ਹੈ। ਮਾਹੀ ਦਾ ਕਹਿਣਾ ਹੈ ਕਿ ਉਸ ਦੀ ਮਾਂ ਨੇ ਉਸ ਨੂੰ ਬਹੁਤ ਹਲਾਸ਼ੇਰੀ ਦਿੱਤੀ ਹੈ। ਉਹ ਹਮੇਸ਼ਾਂ ਮੈਨੂੰ ਵਧੀਆ ਕੰਮ ਕਰਨ ਲਈ ਪ੍ਰੇਰਦੀ ਰਹੀ ਹੈ। ਮਾਹੀ ਦਾ ਕਹਿਣਾ ਹੈ ਕਿ ਉਹ ਕੰਮ ਨੂੰ ਇਕ ਸ਼ੌਂਕ ਵਜੋਂ ਲੈਂਦੀ ਹੈ ਤੇ ਨਿਰਾਪੁਰਾ ਪੇਸ਼ਾ ਹੀ ਨਹੀਂ ਸਮਝਦੀ। ਉਹ ਥੋਹੜਾ ਕੰਮ ਕਰਨਾ ਵਿਚ ਦਿਲਚਸਪੀ ਰਖਦੀ ਹੈ ਪਰ ਉਸ ਦਾ ਮਕਸਦ ਉੱਚ ਪੱਧਰ ਦਾ ਕੰਮ ਕਰਨਾ ਹੈ । ਮਾਹੀ ਦਾ ਮੰਨਣਾ ਹੈ ਕਿ ਜੇਕਰ ਇਨਸਾਨ ਖ਼ੁਦ ਹੀ ਆਪਣੇ ਕੰਮ ਤੋਂ ਸੰਤੁਸ਼ਟ ਨਾ ਹੋਵੇ ਤਾਂ ਕੰਮ ਕਰਨ ਦਾ ਕੋਈ ਫਾਇਦਾ ਨਹੀਂ ਹੈ । ਇਸ ਲਈ ਮੈਂ ਤਾਂ "ਦੋ ਪੈਰ ਘਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ" ਗੀਤ ਵਾਂਗ ਹੀ ਕੰਮ ਕਰਨ ਵਿਚ ਵਿਸ਼ਵਾਸ਼ ਰਖਦੀ ਹਾਂ। ਮੈਂ ਪੰਜਾਬੀ ਸਭਿਆਚਾਰ ਲਈ ਕੁਝ ਕਰਨ ਦੇ ਮਕਸਦ ਨਾਲ ਇਸ ਖੇਤਰ ਵਿਚ ਆਈ ਹਾਂ ਤਾਂ ਜੋ ਮੇਰੀ ਮਾਂ ਤੇ ਮੇਰੇ ਪ੍ਰਸ਼ੰਸਕਾਂ ਨੂੰ ਮੇਰੇ ਕੰਮ ਉਪਰ ਮਾਣ ਹੋਵੇ। ਮਾਹੀ ਕਹਿੰਦੀ ਹੈ ਕਿ ਉਹ ਸਟੇਜ ਐਂਕਰਿੰਗ ਤੇ ਮਾਡਲਿੰਗ ਦੇ ਖੇਤਰ ਵਿਚ ਦੂਸਰੀਆਂ ਲੜਕੀਆਂ ਲਈ ਮਿਸਾਲ ਪੇਸ਼ ਕਰਨਾ ਚਹੁੰਦੀ ਹਾਂ। ਭਵਿੱਖ ਦੀਆਂ ਯੋਜਨਾਵਾਂ ਬਾਰੇ ਪੁੱਛੇ ਜਾਣ 'ਤੇ ਉਸ ਨੇ ਕਿਹਾ ਕਿ ਇਸ ਵੇਲੇ ਮੇਰੀ ਕੋਈ ਯੋਜਨਾ ਨਹੀਂ ਹੈ। ਮੈਂ ਸਭ ਕੁਝ ਉਸ ਪ੍ਰਮਾਤਮਾ ਦੇ ਸਹਾਰੇ ਛੱਡ ਦਿੱਤਾ ਹੈ ਜੋ ਜਿਸ ਪਾਸੇ ਲੈ ਜਾਵੇਗਾ ਮੈਂ ਚਲੀ ਜਾਵਾਂਗੀ। ਉਸ ਦੀ ਇੱਛਾ ਹੈ ਕਿ ਉਹ ਸਾਰੇ ਵਿਸ਼ਵ ਦੀ ਸੈਰ ਕਰੇ। ਸਾਡੀ ਕਾਮਨਾ ਹੈ ਕਿ ਪ੍ਰਮਾਤਮਾ ਮਾਹੀ ਢਿੱਲੋਂ ਦੀ ਇੱਛਾ ਪੂਰੀ ਕਰੇ ਤਾਂ ਜੋ ਇਹ ਖ਼ੂਬਸੂਰਤ ਸਟੇਜ ਸੰਚਾਲਿਕਾ ਪੰਜਾਬੀ ਸਭਿਆਚਾਰ ਦੀ ਸੇਵਾ ਕਰਨ ਦੇ ਨਾਲ ਨਾਲ ਆਪਣੇ ਸ਼ੌਂਕ ਨੂੰ ਵੀ ਪੂਰਾ ਕਰ ਸਕੇ।



**—ਸਭਿਆਚਾਰਕ ਡੈਸਕ**

# ਮਹਾਨ ਸਿੱਖ ਅਨੋਖੇ ਤੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ



ਸੰਤੋਖ ਸਿੰਘ ਸੰਧੂ
(+64) 022 071 0935

**(ਜਨਮ ਦਿਨ ਨੂੰ ਸਮਰਪਿਤ)**

ਬਾਬਾ ਦੀਪ ਸਿੰਘ ਜੀ ਦਾ ਸਿੱਖ ਜਗਤ ਵਿੱਚ ਬੜਾ ਸਨਮਾਨ ਹੈ। ਸਿੱਖ ਪੰਥ ਦੇ ਸ਼ਹੀਦਾਂ ਵਿੱਚ ਉਨ੍ਹਾਂ ਦਾ ਬੜਾ ਉਚਾ ਸਥਾਨ ਹੈ। ਉਹ ਅਜਿਹੇ ਅਨੋਖੇ, ਅਮਰ ਤੇ ਮਹਾਨ ਸ਼ਹੀਦ ਹੋਏ ਹਨ ਕਿ ਅਜਿਹੀ ਮਿਸਾਲ ਦੁਨੀਆਂ ਵਿੱਚ ਲੱਭਣੀ ਔਖੀ ਹੀ ਨਹੀਂ ਸਗੋਂ ਕਾਇਮ ਹੋਣੀ ਵੀ ਬਹੁਤ ਮੁਸ਼ਕਿਲ ਹੈ। ਬਾਬਾ ਦੀਪ ਸਿੰਘ ਜੀ ਸਿੱਖ ਇਤਿਹਾਸ ਦੇ ਇੱਕ ਮਹਾਨ ਸ਼ਹੀਦ ਅਤੇ ਯੋਧਾ ਹੋਣ ਦੇ ਨਾਲ ਨਾਲ ਮਹਾਨ ਵਿਦਵਾਨ ਵੀ ਸਨ। ਉਹ ਸਹੀ ਅਰਥਾਂ ਵਿੱਚ ਸੰਤ ਸਿਪਾਹੀ ਸਨ।

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ, 1682 (14 ਮਾਘ ਸੰਮਤ 1739) ਨੂੰ ਅੰਮ੍ਰਿਤਸਰ ਦੇ ਪਹੁਵਿੰਡ ਪਿੰਡ ਵਿੱਚ ਪਿਤਾ ਭਗਤੂ ਜੀ ਅਤੇ ਮਾਤਾ ਜਿਉਣੀ ਜੀ ਦੇ ਗ੍ਰਿਹ ਵਿਖੇ ਹੋਇਆ। ਉਹ ਮਾਤਾ ਪਿਤਾ ਦੀ ਇਕਲੋਤੀ ਸੰਤਾਨ ਸਨ। ਇਸ ਲਈ ਉਨ੍ਹਾਂ ਦਾ ਪਾਲਣ ਪੋਸ਼ਣ ਬੜੇ ਚਾਅ-ਮਲਾਰ ਅਤੇ ਪੂਰੀ ਦੇਖ-ਰੇਖ ਨਾਲ ਹੋਇਆ। ਉਨ੍ਹਾਂ ਦੇ ਜਨਮ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਭਗਤੂ ਜੀ ਸੰਧੂ ਜਟ ਪਰਿਵਾਰ ਦੇ ਬੜੇ ਮਿਹਨਤੀ ਕਿਸਾਨ ਸਨ ਅਤੇ ਗੁਰੂ ਘਰ ਦੇ ਬੜੇ ਸ਼ਰਧਾਲੂ ਸਨ। ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਇੱਕ ਦਿਨ ਇੱਕ ਸਿੱਖ ਸੰਤ ਨੇ ਉਨ੍ਹਾਂ ਨੂੰ ਦੱਸਿਆ ਕਿ" ਉਨ੍ਹਾਂ ਦੇ ਘਰ ਇੱਕ ਬੜਾ ਹੋਣਹਾਰ ਅਤੇ ਪਰਤਾਪੀ ਪੁੱਤਰ ਪੈਦਾ ਹੋਵੇਗਾ। ਉਸਦਾ ਨਾਂ ਦੀਪ ਰੱਖਣਾ"।

ਉਹ ਬਾਲਕ ਦੀਪ ਜਦੋਂ 12 ਸਾਲ ਦਾ ਹੋਇਆ ਤਾਂ ਮਾਤਾ ਪਿਤਾ ਉਸਨੂੰ ਨਾਲ ਲੈ ਕੇ ਗੁਰੂ ਗੋਬਿੰਦ ਸਿੰਘ ਨੂੰ ਮਿਲਣ ਲਈ ਅਨੰਦਪੁਰ ਸਾਹਿਬ ਆਏ। ਇਹ ਪਰਿਵਾਰ ਉਥੇ ਕਈ ਦਿਨ ਠਹਿਰਿਆ ਅਤੇ ਬੜੀ ਲਗਨ ਨਾਲ ਸਿੱਖ ਸੰਗਤ ਦੀ ਸੇਵਾ ਵਿੱਚ ਲੱਗਿਆ ਰਿਹਾ। ਜਦੋਂ ਵਾਪਿਸ ਪਿੰਡ ਜਾਣ ਲਈ ਗੁਰੂ ਗੋਬਿੰਦ ਸੰਘਿ ਜੀ ਤੋਂ ਆਗਿਆ ਲੈਣ ਲਈ ਆਏ ਤਾਂ ਗੁਰੂ ਜੀ ਨੇ ਬਾਲਕ ਦੀਪ ਨੂੰ ਉਥੇ ਰੁਕਣ ਲਈ ਕਿਹਾ। ਬਾਲਕ ਦੀਪ ਨੇ ਗੁਰੂ ਜੀ ਦਾ ਹੁਕਮ ਬਿਨਾ ਕਿਸੇ ਝਿਜਕ ਦੇ ਫੌਰਨ ਮੰਨਦਿਆਂ ਹਾਂ ਕਰ ਦਿੱਤੀ। ਉਹ ਪੂਰੀ ਲਗਨ ਤੇ ਸ਼ਰਧਾ ਨਾਲ ਗੁਰੂ ਘਰ ਅਤੇ ਸਿੱਖ ਸੰਗਤ ਦੀ ਸੇਵਾ ਵਿੱਚ ਜੁੱਟ ਗਏ। ਗੁਰੂ ਜੀ ਤਾਂ ਜਾਣੀ ਜਾਣ ਸਨ ਅਤੇ ਉਹ ਬਾਲਕ ਦੀਪ ਦੀ ਲਗਨ ਅਤੇ ਸੇਵਾ ਭਾਵ ਨੂੰ ਰੋਜ਼ ਵੇਖਦੇ ਸਨ। ਗੁਰੂ ਜੀ ਨੇ ਉਸਦੇ ਪੜ੍ਹਨ ਲਿਖਣ ਦਾ ਪ੍ਰਬੰਧ ਕਰ ਦਿੱਤਾ। ਬਾਲਕ ਦੀਪ ਨੇ ਉਥੇ ਗੁਰਮੁਖੀ ਅਤੇ ਕਈ ਹੋਰ ਭਾਸ਼ਾਵਾਂ ਦੀ ਸਿੱਖਿਆ ਹਾਸਿਲ ਕਰ ਲਈ। ਪੜ੍ਹਾਈ ਦੇ ਨਾਲ ਨਾਲ ਗੁਰੂ ਜੀ ਨੇ ਉਸਦੇ ਘੋੜ ਸਵਾਰੀ ਕਰਨ ਅਤੇ ਹਥਿਆਰਾਂ ਦੀ ਸਿਖਲਾਈ ਹਾਸਿਲ ਕਰਨ ਦਾ ਵੀ ਪ੍ਰਬੰਧ ਕਰ ਦਿੱਤਾ। ਬਾਲਕ ਦੀਪ ਕੋਈ ਅੱਠ ਸਾਲ ਗੁਰੂ ਜੀ ਦੀ ਸੇਵਾ ਵਿੱਚ ਅਨੰਦਪੁਰ ਸਾਹਿਬ ਵਿੱਚ ਰਹੇ।

ਬਾਲਕ ਦੀਪ 18 ਸਾਲ ਦੇ ਹੋ ਗਏ ਸਨ ਅਤੇ ਵਿਸਾਖੀ ਦੇ ਤਿਉਹਾਰ ਦਾ ਮੌਕਾ ਸੀ। ਇਸ ਮੌਕੇ ਅਨੰਦਪੁਰ ਸਾਹਿਬ ਵਿੱਚ ਭਾਰੀ ਗਿਣਤੀ ਵਿੱਚ ਸਿੱਖ ਸੰਗਤ ਜੁੜਿਆ ਕਰਦੀ ਸੀ ਅਤੇ ਭਾਰੀ ਅੰਮ੍ਰਿਤ ਸੰਚਾਰ ਹੁੰਦਾ ਸੀ। ਬਾਲਕ ਦੀਪ ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਦੀਪ ਸਿੰਘ ਬਣਾ ਦਿੱਤਾ। ਨਿਸ਼ਕਾਮ ਸੇਵਾ-ਭਾਵ, ਸਿੱਖੀ ਪ੍ਰਤੀ ਸੱਚੀ ਲਗਨ ਅਤੇ ਉਚੇ ਆਚਰਣ ਸਦਕਾ ਦੀਪ ਸਿੰਘ ਗੁਰੂ ਜੀ ਦੇ ਵਿਸ਼ਵਾਸਪਾਤਰ ਸਿੱਖਾਂ ਵਿੱਚੋਂ ਇੱਕ ਬਣ ਗਏ। ਫਿਰ ਗੁਰੂ ਜੀ ਨੇ ਦੀਪ ਸਿੰਘ ਨੂੰ ਵਾਪਿਸ ਪਿੰਡ ਜਾ ਕੇ ਮਾਤਾ ਪਿਤਾ ਦੀ ਮਦਦ ਕਰਨ ਲਈ ਕਿਹਾ। ਗੁਰੂ ਜੀ ਦੀ ਆਗਿਆ ਪਾ ਕੇ ਦੀਪ ਸਿੰਘ ਵਾਪਿਸ ਆਪਣੇ ਪਿੰਡ ਆ ਗਏ।

ਇੱਕ ਸਾਲ ਬੀਤ ਗਿਆ। ਸ੍ਰੀ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਦਾ ਸੁਨੇਹਾ ਲੈ ਕੇ ਇੱਕ ਸਿੱਖ ਪਹੁਵਿੰਡ ਪਿੰਡ ਪੁੱਜਾ ਅਤੇ ਉਸਨੇ ਦੀਪ ਸਿੰਘ ਨੂੰ ਦੱਸਿਆ ਕਿ ਗੁਰੂ ਜੀ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਫੌਜਾਂ ਨਾਲ ਲਗਭਗ ਸੱਤ ਮਹੀਨੇ ਯੁੱਧ ਕਰਨ ਤੋਂ ਬਾਅਦ ਸ੍ਰੀ ਅਨੰਦਪੁਰ ਛੱਡ ਕੇ ਚਲੇ ਗਏ ਹਨ। ਗੁਰੂ ਜੀ ਦਾ ਸਾਰਾ ਪਰਿਵਾਰ ਵੀ ਵਿੱਛੜ ਗਿਆ ਹੈ। ਇਹ ਦੁਖਦਾਈ ਖ਼ਬਰ ਸੁਣ ਕੇ ਦੀਪ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਲਈ ਫੋਰਨ ਪਿੰਡ ਛੱਡ ਕੇ ਤੁਰ ਪਏ।



ਗੁਰੂ ਜੀ ਦਾ ਪਤਾ ਕਰਦੇ ਹੋਇਆਂ ਚਲਦੇ ਚਲਦੇ ਉਹ ਸਾਬੋ ਕੀ ਤਲਵੰਡੀ ਪਹੁੰਚ ਗਏ ਜਿੱਥੇ ਗੁਰੂ ਜੀ ਨਾਲ ਉਨ੍ਹਾਂ ਦਾ ਮਿਲਾਪ ਹੋਇਆ। ਇੱਥੇ ਗੁਰੂ ਜੀ ਨੇ ਦੀਪ ਸਿੰਘ ਨੂੰ ਦੱਸਿਆ ਕਿ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ - ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਦੀ ਯੰਗ ਵਿੱਚ ਸ਼ਹੀਦ ਹੋ ਗਏ ਹਨ ਅਤੇ ਛੋਟੇ ਸਾਹਿਬ ਜ਼ਾਦਿਆਂ- ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ- ਨੂੰ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਬੜੀ ਨਿਰਦੈਤਾ ਨਾਲ ਸ਼ਹੀਦ ਕਰ ਦਿੱਤਾ ਹੈ। ਗੁਰੂ ਜੀ ਨੇ ਇੱਥੇ ਦੀਪ ਸਿੰਘ ਨੂੰ ਭਾਈ ਮਨੀ ਸਿੰਘ ਨਾਲ ਮਿਲਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਵਾਸਤੇ ਲਾ ਦਿੱਤਾ। ਗੁਰੂ ਜੀ ਗੁਰਬਾਣੀ ਦਾ ਮੌਖਿਕ ਉਚਾਰਣ ਕਰਦੇ ਸਨ ਅਤੇ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਲਿਖਦੇ ਸਨ। ਗੁਰੂ ਅਰਜੁਨ ਦੇਵ ਜੀ ਵੱਲੋਂ ਤਿਆਰ ਕਰਵਾਏ ਗਏ ਆਦਿ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਅਤੇ ਆਪਣਾ ਇੱਕ ਸਲੋਕ ਜੋੜ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਵੇਂ ਸਿਰਿਉਂ ਤਿਆਰ ਕਰਵਾਈ ਗਏ। ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ ਕਿ ਉਸ ਸਮੇਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਰਤਾਰਪੁਰ ਵਿਖੇ ਧੀਰ ਮਲ ਦੇ ਪਰਿਵਾਰ ਕੋਲ ਪਈ ਹੋਈ ਸੀ। ਧੀਰ ਮਲ ਗੁਰੂ ਹਰਗੋਬਿੰਦ ਸਾਹਿਬ ਦੇ ਪੋਤਰੇ ਅਤੇ ਗੁਰੂ ਹਰਿ ਰਇ ਸਾਹਿਬ ਦੇ ਵੱਡੇ ਭਾਈ ਸਨ। ਛੋਟੇ ਭਰਾ ਨੂੰ ਗੁਰਗੱਦੀ ਮਿਲਣ ਕਰਕੇ ਉਹ ਵੀ ਗੁਰੂ ਘਰ ਦਾ ਦੋਖੀ ਬਣ ਗਿਆ ਸੀ। ਇਸ ਲਈ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਗੁਰੂ ਗੋਬਿੰਦ ਜੀ ਨੂੰ ਨਹੀਂ ਮਿਲੀ ਸੀ ਅਤੇ ਉਨ੍ਹਾਂ ਨੂੰ ਸਾਰੀ ਬਾਣੀ ਜੁਬਾਨੀ ਹੀ ਬੋਲਣੀ ਪਈ ਸੀ।

ਬਾਬਾ ਦੀਪ ਸਿੰਘ ਨੇ ਇੱਥੇ ਸਾਬੋ ਕੀ ਤਲਵੰਡੀ ਵਿਖੇ ਰਹਿ ਕੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਹੱਥ ਲਿਖਤ ਬੀੜਾਂ ਤਿਆਰ ਕੀਤੀਆਂ ਅਤੇ ਇਹ ਬੀੜਾਂ ਪੰਜਾਂ ਸਿੱਖ ਤਖਤਾਂ ਉਤੇ ਭੇਜੀਆਂ ਗਈਆਂ। ਇੱਕ ਬੀੜ ਉਨ੍ਹਾਂ ਨੇ ਪਰਸੀਅਨ ਭਾਸ਼ਾ ਵਿੱਚ ਵੀ ਲਿਖ ਕੇ ਮੱਧ ਪੂਰਬੀ ਦੇਸ਼ਾਂ ਵੱਲ ਭੇਜੀ। ਹੁਣ ਇਹ ਪਤਾ ਨਹੀਂ ਕਿ ਬਾਬਾ ਜੀ ਵੱਲੋਂ ਲਿਖੀ ਗਈ ਇਹ ਬੀੜ ਕਿੱਥੇ ਪਈ ਹੋਈ ਹੈ, ਕਿਉਂਕਿ ਇਸ ਬੀੜ ਦੇ ਕਈ ਉਤਾਰੇ ਹੋ ਚੁੱਕੇ ਹਨ ਜਿਹੜੇ ਮੱਧ-ਪੂਰਬੀ ਦੇਸ਼ਾਂ ਵਿੱਚ ਵੱਖ ਵੱਖ ਥਾਵਾਂ ਉਤੇ ਪਏ ਹੋਏ ਹਨ।

ਹਾਂ ਇਸ ਭਾਸ਼ਾ ਵਿੱਚ ਲਿਖੀ ਇੱਕ ਬੀੜ ਫਰੀਦਾਬਾਦ, ਹਰਿਆਣਾ ਦੇ ਗੁਰਦੁਆਰਾ ਸੰਤ ਭਗਤ ਸਿੰਘ ਜੀ ਵਿਖੇ ਪਈ ਹੋਈ ਹੈ ਜਿਸਦਾ ਰੋਜ਼ਾਨਾਂ ਸਵੇਰੇ ਸ਼ਾਮ ਪ੍ਰਕਾਸ਼ ਅਤੇ ਸੁਖਾਸਨ ਕੀਤਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਦੀਪ ਸਿੰਘ ਨੂੰ 1706 ਵਿੱਚ ਦਮਦਮਾ ਸਾਹਿਬ(ਤਲਵੰਡੀ ਸਾਬੋ) ਦਾ ਮੁਖੀ ਥਾਪਿਆ। ਬਾਬਾ ਦੀਪ ਸਿੰਘ ਨੇ ਇੱਥੇ ਰਹਿ ਕੇ ਕਈ ਸਾਲ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਗੁਰਬਾਣੀ ਦੇ ਕਈ ਗੁਟਕਾ ਸਾਹਿਬ ਲਿਖ ਕੇ ਸਿੱਖ ਸੰਗਤ ਵਿੱਚ ਵੰਡੇ। ਸੰਨ 1707 ਵਿੱਚ ਬਾਬਾ ਦੀਪ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਮਿਲਕੇ ਸਧਾਉੜਾ ਅਤੇ ਸਰਹੰਦ ਦੀ ਯੰਗ ਲੜੀ। ਇਸ ਯੰਗ ਵਿੱਚ ਬਾਬਾ ਦੀਪ ਸਿੰਘ ਜੀ ਨੇ ਸਰਹੰਦ ਦੇ ਸਬੇਦਾਰ ਵਜ਼ੀਰ ਖਾਂ ਨੂੰ ਮਾਰ ਦਿੱਤਾ ਅਤੇ ਸਿੱਖਾਂ ਦੀ ਜਿੱਤ ਹੋਈ। ਸੰਨ 1733 ਵਿੱਚ ਨਵਾਬ ਕਪੂਰ ਸਿੰਘ ਨੇ ਬਾਬਾ ਦੀਪ ਸਿੰਘ ਨੂੰ ਇੱਕ ਹਥਿਆਰਬੰਦ ਜਥੇ ਦਾ ਜਥੇਦਾਰ ਥਾਪਿਆ। ਸੰਨ 1748 ਵਿੱਚ ਵਿਸਾਖੀ ਦੇ ਮੌਕੇ ਉਤੇ ਅੰਮ੍ਰਿਤਸਰ ਵਿੱਚ ਸਰਬੱਤ ਖਾਲਸਾ ਹੋਇਆ, ਜਿਸ ਵਿੱਚ ਦਲ ਖਾਲਸਾ ਦੇ 65 ਜਥਿਆਂ ਦਾ ਪੁਨਰਗਠਨ ਕਰਕੇ 12 ਸਿੱਖ ਮਿਸਲਾਂ ਬਣਾਈਆਂ ਗਇਆਂ। ਬਾਬਾ ਦੀਪ ਸਿੰਘ ਨੂੰ ਸ਼ਹੀਦਾਂ ਮਿਸਲ ਦਾ ਮੁਖੀ ਬਣਾਇਆ ਗਿਆ।

**ਅਹਿਮਦਸ਼ਾਹ ਅਬਦਾਲੀ ਵੱਲੋਂ ਹਰਿਮੰਦਰ ਸਾਹਿਬ ਨੂੰ ਢਾਹੁਣਾ**

ਅਹਿਮਦਸ਼ਾਹ ਅਬਦਾਲੀ ਨੇ ਅਪ੍ਰੈਲ, 1757 ਵਿੱਚ ਚੌਥੀ ਵਾਰ ਭਾਰਤ ਉਤੇ ਹਮਲਾ ਕੀਤਾ। ਉਹ ਭਾਰੀ ਲੁੱਟਮਾਰ ਕਰਕੇ ਅਤੇ ਭਾਰੀ ਗਿਣਤੀ ਵਿੱਚ ਨੌਜਵਾਨ ਮੁੰਡੇ ਕੁੜੀਆਂ ਨੂੰ ਬੰਦੀ ਬਣਾ ਕੇ ਕਾਬੁਲ ਨੂੰ ਵਾਪਿਸ ਮੁੜ ਰਿਹਾ ਸੀ। ਸਿੱਖਾਂ ਨੇ ਉਸਤੋਂ ਲੁੱਟਿਆ ਹੋਇਆ ਮਾਲ ਵਪਿਸ ਲੈਣ ਅਤੇ ਬੰਦੀਆਂ ਨੂੰ ਮੁਕਤ ਕਰਾਉਣ ਲਈ ਮਤਾ ਪਕਾਇਆ। ਬਾਬਾ ਦੀਪ ਸਿੰਘ ਦੇ ਜਥੇ ਨੂੰ ਕੁਰਕੁਸ਼ੇਤਰ ਵਿੱਚ ਦਰਿਆ ਮਾਰਕੰਡਾ ਵਿਖੇ ਸਭ ਤੋਂ ਮੂਹਰੇ ਮੋਰਚਾ ਸੰਭਾਲਣ ਲਈ ਕਿਹਾ ਗਿਆ। ਜਦੋਂ ਅਹਿ-ਮਦਸ਼ਾਹ ਅਬਦਾਲੀ ਦੀਆਂ ਫੌਜਾਂ ਜਿੱਤ ਦੀ ਖੁਸ਼ੀ ਵਿੱਚ ਖੀਵੀਆਂ ਹੋਈਆਂ ਇਸ ਸਥਾਨ ਉਤੇ ਪੁੱਜੀਆਂ ਤਾਂ ਮੋਰਚਾ ਸੰਭਾਲੀ ਬੈਠੇ ਸਿੱਖਾਂ ਨੇ ਇੱਕਦਮ ਚੀਤੇ ਦੀ ਫੁਰਤੀ ਵਾਂਗ ਉਨ੍ਹਾਂ ਉਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਉਨ੍ਹਾਂ ਤੋਂ ਲੁੱਟਿਆ ਹੋਇਆ ਬਹੁਤ ਸਾਰਾ ਮਾਲ ਖੋਹ ਲਿਆ ਅਤੇ ਬੰਦੀ ਬਣਾਏ ਹੋਏ ਬਹੁਤ ਸਾਰੇ ਮੁੰਡੇ ਕੁੜੀਆਂ/ਔਰਤਾਂ ਨੂੰ ਵੀ ਛੁਡਾ ਲਿਆ। ਇਸਤੋਂ ਇਲਾਵਾ ਸਿੱਖਾਂ ਨੇ ਸਤਲੁਜ, ਬਿਆਸ, ਰਾਵੀ, ਝਨਾਂ ਅਤੇ ਜੇਹਲਮ ਵਿਖੇ ਵੀ ਮੋਰਚੇ ਸੰਭਾਲੇ ਹੋਏ ਸਨ।

ਇਸ ਤਰ੍ਹਾਂ ਅਬਦਾਲੀ ਦੀਆਂ ਫੌਜਾਂ ਨੂੰ ਇਨ੍ਹਾਂ ਸਾਰੇ ਥਾਵਾਂ ਉਤੇ ਸਿੱਖ ਫੌਜਾਂ ਦਾ ਸਾਹਮਣਾ ਕਰਨਾ ਪਿਆ। ਸਿੱਖਾਂ ਨੇ ਲੁੱਟ ਦਾ ਸਾਰਾ ਮਾਲ ਖੋਹ ਲਿਆ ਅਤੇ ਹਜ਼ਾਰਾਂ ਬੰਦੀਆਂ ਨੂੰ ਛੁਡਾ ਕੇ ਘਰੋ ਘਰੀਂ ਸੁਰੱਖਿਅਤ ਪਹੁੰਚਾਇਆ। ਇੰਝ ਸਿੱਖਾਂ ਹੱਥੋਂ ਭਾਰੀ ਜਾਨੀ ਤੇ ਮਾਲੀ ਨੁਕਸਾਨ ਉਠਾ ਕੇ ਅਬਦਾਲੀ ਲਾਹੌਰ ਪਹੁੰਚਿਆ ਅਤੇ ਉਸਨੇ ਸਿੱਖਾਂ ਬਾਰੇ ਜਾਣਕਾਰੀ ਹਾਸਿਲ ਕੀਤੀ। ਉਸਨੇ ਸਿੱਖਾਂ ਨੂੰ ਖ਼ਤਮ ਕਰਨ, ਸ੍ਰੀ ਹਰਿਮੰਦਰ ਸਾਹਿਬ ਨੂੰ ਢਾਹੁਣ ਅਤੇ ਇਸਦੀ ਬੇਅਦਬੀ ਕਰਨ ਦਾ ਹੁਕਮ ਦਿੱਤਾ। ਉਸਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਖੇਤਰ ਦਾ ਪ੍ਰਭਾਰੀ ਬਣਾ ਕੇ ਇਲਾਕੇ ਵਿੱਚ ਜਨਰਲ ਜਹਾਨ ਖਾਂ ਦੀ ਅਗਵਾਈ ਹੇਠ 10,000 ਫੌਜ ਤਾਇਨਾਤ ਕਰ ਦਿੱਤੀ। ਉਸਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਢੁਆ ਕੇ ਸਰੋਵਰ ਨੂੰ ਕਚਰੇ ਮਿੱਟੀ ਨਾਲ ਭਰਵਾ ਦਿੱਤਾ ਅਤੇ ਪਰੀਸਰ ਵਿੱਚ ਗਊਆਂ ਕਤਲ ਕਰਾਈਆਂ।

ਇਸ ਸਮੇਂ ਬਾਬਾ ਦੀਪ ਸਿੰਘ ਜੀ 75 ਸਾਲਾਂ ਦੇ ਹੋ ਗਏ ਸਨ। ਜਦੋਂ ਉਨ੍ਹਾਂ ਨੂੰ ਪਵਿੱਤਰ ਹਰਿਮੰਦਰ ਸਾਹਿਬ ਦੀ ਇਸ ਤਰ੍ਹਾਂ ਬੇਅਦਬੀ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਅਰਦਾਸ ਕਰਕੇ ਦੁਰਾਨੀਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਕਤ ਕਰਾਉਣ ਲਈ ਆਪਣਾ 18 ਸੇਰ (32 ਪੌਂਡ) ਦਾ ਖੰਡਾ ਉਠਾਇਆ ਅਤੇ ਸਿੱਖਾਂ ਨੂੰ ਇਕੱਠੇ ਕਰਦੇ ਹੋਏ ਅੰਮ੍ਰਿਤਸਰ ਵੱਲ ਚੱਲ ਪਏ। ਤਰਨ ਤਾਰਨ ਤੱਕ ਪੁੱਜਦਿਆਂ ਉਨ੍ਹਾਂ ਨਾਲ 5000 ਸਿੱਖ ਜੁੜ ਗਏ। ਉਧਰ ਜਹਾਨ ਖਾਂ ਵੀ ਫੌਜਾਂ ਲੈ ਕੇ ਅੱਗੇ ਵਧ ਆਇਆ। ਦੋਹਾਂ ਫੌਜਾਂ ਦਾ ਅੰਮ੍ਰਿਤਸਰ ਤੋਂ ਥੋੜੀ ਦੂਰ ਗੋਹਲਵੜ੍ਹ ਦੇ ਸਥਾਨ ਉਤੇ ਟਾਕਰਾ ਹੋਇਆ। ਘਮਸਾਨ ਦਾ ਯੁੱਧ ਸ਼ੁਰੂ ਹੋਇਆ। ਸਿੱਖ ਭਾਵੇਂ ਗਿਣਤੀ ਵਿੱਚ ਦੁਰਾਨੀ ਫੌਜਾਂ ਦੇ ਮੁਕਾਬਲੇ ਬਹੁਤ ਥੋੜ੍ਹੇ ਸਨ, ਪਰ ਸਾਰੇ ਸਿਰਲੱਥ ਯੋਧੇ ਸਨ। ਉਹ ਸ਼ੇਰ ਵਾਂਗ ਦੁਸ਼ਮਣ ਫੌਜਾ ਉਤੇ ਝਪਟ ਪਏ। ਬਾਬਾ ਦੀਪ ਸਿੰਘ ਦੇ ਇੱਕ ਸਾਥੀ ਭਾਈ ਦਿਆਲ ਸਿੰਘ ਨੇ 500 ਸਿੱਖਾਂ ਨਾਲ ਜਰਨੈਲ ਜਹਾਨ ਖਾਂ ਉਤੇ ਹਮਲਾ ਕੀਤਾ ਅਤੇ ਉਸਨੂੰ ਮਾਰ ਮੁਕਾਇਆ। ਉਧਰ ਬਾਬਾ ਦੀਪ ਸਿੰਘ ਦਾ ਦੂਸਰੇ ਮੁਗ਼ਲ ਜਰਨੈਲ ਅਮਾਨ ਖਾਂ ਨਾਲ ਸਾਹਮਣਾ ਹੋਇਆ। ਦੋਹਾਂ ਯੋਧਿਆਂ ਦਾ ਸ਼ਾਂਝਾ ਵਾਰ ਹੋਇਆ ਅਤੇ ਦੋਹਾਂ ਦੇ ਸਿਰ ਧੜ ਨਾਲੋਂ ਵੱਖ ਹੋ ਗਏ।

ਜਿਵੇਂ ਇਤਿਹਾਸ ਵਿੱਚ ਦਰਜ ਹੈ ਕਿ ਉਸ ਵੇਲੇ ਬਾਬਾ ਦੀਪ ਸਿੰਘ ਦੇ ਇੱਕ ਸਾਥੀ ਨੇ ਕਿਹਾ, ਉਦੀਪ ਸਿੰਘਾ,ਤੂੰ ਤਾਂ ਦਰਬਾਰ ਸਾਹਿਬ ਜਾ ਕੇ ਸੀਸ ਭੇਂਟ ਕਰਨ ਦੀ ਅਰਦਾਸ ਕੀਤੀ ਸੀ, ਇਹ ਕੀ ਹੋ ਗਿਆ ਹੈ'? ਬਾਬਾ ਦੀਪ ਸਿੰਘ ਨੇ ਉਸ ਵੇਲੇ ਆਪਣੇ ਖੱਬੇ ਹੱਥ ਉਤੇ ਸੀਸ ਟਿਕਾਇਆ ਅਤੇ ਸੱਜੇ ਹੱਥ ਵਿੱਚ ਖੰਡਾ ਥੰਮ੍ਹ ਕੇ ਦੁਸ਼ਮਣ ਫੌਜਾਂ ਉਤੇ ਬਿਜਲੀ ਵਾਂਗ ਟੁੱਟ ਕੇ ਪੈ ਗਏ। ਇਹ ਮੰਜ਼ਰ ਵੇਖ ਕੇ ਦੁਰਾਨੀ ਫੌਜਾਂ ਨੂੰ ਭਾਜੜਾਂ ਪੈ ਗਈਆਂ। ਉਨ੍ਹਾਂ ਦੇ ਦੋ ਜਰਨੈਲ ਪਹਿਲਾਂ ਹੀ ਮੌਤ ਦੀ ਗੋਦ ਵਿੱਚ ਜਾ ਚੁੱਕੇ ਸਨ। ਦੁਰਾਨੀ ਫੌਜੀ ਜ਼ਾਨਾਂ ਬਚਾਉਣ ਲਈ ਇਧਰ ਉਧਰ ਭੱਜ ਗਏ ਅਤੇ ਸਿੱਖ ਫੌਜਾਂ ਦੀ ਜਿੱਤ ਹੋਈ। ਬਾਬਾ ਦੀਪ ਸਿੰਘ ਆਪਣਾ ਪ੍ਰਣ ਨਿਭਾਉਂਦਿਆਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਪੁੱਜ ਗਏ ਅਤੇ ਪਵਿੱਤਰ ਸਰੋਵਰ ਦੀ ਪਰਿਕਰਮਾਂ ਵਿੱਚ ਸੱਚ ਖੰਡ ਸਿਧਾਰ ਗਏ।

# ਪੰਜਾਬੀ ਲੇਖਕ ਅਤੇ ਚਿਰਾਗ਼ ਦੇ ਅੰਕ ਲੋਕ-ਅਰਪਣ









**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ ਪ੍ਰਧਾਨ ਜਸਬੀਰ ਸਿੰਘ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸਭਾ ਦੇ ਸਰਪ੍ਰਸਤ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ।ਸ਼ੁਰੂਆਤ ਵਿਚ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਾਰੇ ਮੈਂਬਰਾਂ ਨੂੰ ਨਵੇਂ ਵਰ੍ਹੇ ਦੀਆਂ ਸ਼ੁਭ ਕਾਮਨਾਵਾਂ ਦਿੰਦੇ ਹੋਏ ਪਿਛਲੇ ਵਰ੍ਹੇ ਦੀ ਕਾਰਗੁਜ਼ਾਰੀ ਸਾਂਝੀ ਕੀਤੀ।

ਸਭਾ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਬੁਲਾਰਾ 'ਪੰਜਾਬੀ ਲੇਖਕ' ਅਤੇ ਮੈਗਜ਼ੀਨ 'ਚਿਰਾਗ਼' ਦੇ ਨਵੇਂ ਅੰਕ ਲੋਕ ਅਰਪਣ ਕੀਤੇ ਗਏ।ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ 'ਪੰਜਾਬੀ ਲੇਖਕ' ਅੰਕ ਵਿਚ ਕੇਂ-ਦਰੀ ਸਭਾ ਦੀਆਂ ਇੱਕ ਸਾਲ ਦੀਆਂ ਗਤੀਵਿਧੀਆਂ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਲਈ ਕੀਤੀਆਂ ਕੋਸ਼ਿਸ਼ਾਂ ਦੀਆਂ ਰਿਪੋਰਟਾਂ ਸਾਂਝੀਆਂ ਕੀਤੀਆਂ ਗਈਆਂ ਹਨ।ਇਸ ਅੰਕ ਦੀ ਛਪਾਈ ਲਈ ਉਹਨਾਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਅਮਰੀਕਾ ਹੁਰਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਵਿਦੇਸ਼ੀ ਧਰਤੀ ਤੇ ਬੈਠੇ ਹੋਏ ਵੀ ਆਪਣੀ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਵਿਚ ਵੱਧ ਚੜ੍ਹ ਕੇ ਯੋਗਦਾਨ ਪਾ ਰਹੇ ਹਨ।ਸ਼ਾਇਰ ਮਦਨਵੀਰਾ ਨੇ ਕੇਂਦਰੀ ਸਭਾ ਵਲੋਂ 19,20 ਅਤੇ 21 ਫਰਵਰੀ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਆਲਮੀ ਪੰਜਾਬੀ ਕਾਨਫਰੰਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਤੋਂ ਬਾਅਦ ਰਚਨਾਵਾਂ ਦਾ ਦੌਰ ਸ਼ੁਰੂ ਹੋਇਆ ਜਿਸ ਵਿਚ ਸਤੀਸ਼ ਕੁਮਾਰ, ਕੁਲਤਾਰ ਸਿੰਘ ਕੁਲਤਾਰ, ਮਦਨ ਵੀਰਾ, ਡਾ. ਮਨਮੋਹਨ ਸਿੰਘ ਤੀਰ, ਡਾ. ਜਸਵੰਤ ਰਾਏ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਅਜੀਤ ਸਿੰਘ ਜੱਬਲ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਸਤਵੰਤ ਕਲੋਟੀ, ਅਵਤਾਰ ਸਿੰਘ ਹੋਠੀ, ਸੁਰਿੰਦਰ ਸਿੰਘ ਕੰਗਵੀ, ਪ੍ਰੀਤ ਨੀਤਪੁਰ, ਗੌਰਵ ਕਾਲੀਆ, ਯੋਧਾ ਮੱਲ, ਸੁਰਜੀਤ ਸਿੰਘ ਹੁਰਾਂ ਨੇ ਕਵਿਤਾ, ਕਹਾਣੀ ਅਤੇ ਨਜ਼ਮਾਂ ਨਾਲ ਹਾਜ਼ਰੀ ਲਗਵਾਈ।

ਪ੍ਰਧਾਨਗੀ ਭਾਸ਼ਣ ਵਿਚ ਪੜ੍ਹੀਆਂ ਗਈਆਂ ਰਚਨਾਵਾਂ ਤੇ ਟਿਪਣੀ ਕਰਦਿਆਂ ਸ਼ਾਇਰ ਜਸਬੀਰ ਧੀਮਾਨ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ। ਇਸ ਸਮੇਂ ਹੋਰ ਵੀ ਬਹੁਤ ਸਾਰੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**ਜਨਰਲ ਸਕੱਤਰ**
**ਪੰਜਾਬੀ ਸਾਹਿਤ ਸਭਾ, ਹੁਸ਼ਿਆਰਪੁਰ**

## ਖਿਦਰਾਣੇ ਦੀ ਢਾਬ ਉਤੇ!

ਤਰਲੋਚਨ ਸਿੰਘ ਦੁਪਾਲਪੁਰ
001-408-915-1268



ਮੇਲੇ ਮਾਘੀ ਦੇ ਲਾ ਲਾ ਪੰਡਾਲ ਬੈਠੇ
ਆਪੋ ਆਪਣਾ 'ਤਾਣ' ਦਿਖਾਲਿਆ ਜੀ
ਕਈ ਆਗੂਆਂ ਤੋਲਿਆ ਕੁਫਰ ਉਥੇ
ਸੂਝਵਾਨਾਂ ਦੇ ਦਿਲਾਂ ਨੂੰ ਜਾਲਿਆ ਜੀ।
'ਰਾਖੇ' ਧਰਮ ਦੇ ਬਣਦਿਆਂ ਪੇਸ਼ ਆਏ
ਬੇੜਾ ਪ੍ਰਾਂਤ ਦਾ ਜਿਨ੍ਹਾਂ ਬਹਾਲਿਆ ਜੀ
ਉਨ੍ਹਾਂ ਲੋਕਾਂ ਦੇ ਸਿਦਕ ਨੂੰ ਕਰੋ ਸਿਜਦਾ
ਕੌਮੀ ਫਰਜ਼ਾਂ ਨੂੰ ਜਿਨ੍ਹਾਂ
ਨੇ ਪਾਲਿਆ ਜੀ
ਠੋਕਰ ਮਾਰ ਕੇ ਨਸ਼ੇ
ਜਾਂ ਲਾਲਚਾਂ ਨੂੰ
ਤਰਸ ਕਰਦਿਆਂ ਪਿਆਰੇ ਪੰਜਾਬ ਉਤੇ
ਬੰਨ੍ਹ ਕਾਫਲੇ ਤੁਰੇ ਸੀ 'ਆਮ' ਲੋਕੀ
ਪਹੁੰਚੇ 'ਆਪ' ਖਿਦਰਾਣੇ ਦੀ ਢਾਬ ਉਤੇ!

## "ਧੀ"

ਬਸੰਤ ਕੁਮਾਰ "ਸ਼ਾਯਦ"
91-98551-78626



ਧੀ ਰੋਂਦੀ ਏ ਕੁਰਲਾਉਂਦੀ ਏ
ਜਦੋਂ ਮਾਪਿਆਂ ਦੇ ਘਰੋਂ ਜਾਂਦੀ ਏ,
ਵਰ੍ਹਿਆਂ ਸਾਥ ਨੂੰ ਛੱਡ ਕੇ ਓਹ
ਕੁੱਝ ਪੱਲ ਚ ਗੈਰ ਹੋ ਜਾਂਦੀ ਏ,
ਧੀ ਬਾਦ ਵਿਆਹ ਤੋਂ ਮਾਪਿਆਂ ਦੇ
ਘਰ ਆਉਂਦੀ ਜਾਂਦੀ ਰਹਿੰਦੀ ਏ,
ਸਭ ਕੁੱਝ ਤਾਂ ਅਜੇ ਵੀ ਓਹੀ ਏ
ਭਰ ਫਿਰ ਵੀ ਓਹ ਗੱਲ ਨਾ ਰਹਿੰਦੀ ਏ,
ਯਾਦ ਆਉਂਦੇ ਜਦੋਂ ਦਿਨ ਬੱਚਪਨ ਦੇ
ਉਦੋਂ ਅੱਖ ਓਹਦੀ ਭਰ ਜਾਂਦੀ ਏ,
ਵਰ੍ਹਿਆਂ ਦੇ_ _ _

ਫਿਰ ਧੀ ਦੇ ਲਈ ਘਰ ਮਾਪਿਆਂ ਦਾ
ਇਕ ਸੁਪਨਾ ਬਣ ਕੇ ਰਹਿ ਜਾਂਦਾ,
ਜਿੰਨ੍ਹ ਹੋਲੀ ਹੋਲੀ
ਭੁੱਲ ਜਾਂਦੀ
ਜਦੋਂ ਘਰ ਦਾ ਬੋੌਝ ਸਿਰ ਪੈ ਜਾਂਦਾ,
ਭਰ ਮਾਪਿਆਂ ਤੇ ਤੀਆਂ ਦੀ ਯਾਦ
ਓਹਨੂੰ ਅੰਦਰੋਂ-ਅੰਦਰੀਂ ਖ਼ਾਂਦੀ ਏ,
ਵਰ੍ਹਿਆਂ ਦੇ_ _

ਰੱਬ ਨੇ ਇੰਝ ਧੀ ਦੇ ਲੇਖ ਲਿਖੇ
ਜੰਮਦੀ ਏ ਕਿਤੇ ਤੇ ਮਰੇ ਕਿਤੇ,
ਮਾਪਿਆਂ ਦੇ ਘਰ ਦੀ ਰਾਣੀ ਸੀ
ਜੋ ਦੁੱਖ ਜ਼ਰਦੀ ਰੱਬ ਜ਼ਰੇ ਕਿਤੇ,
"ਸ਼ਾਯਦ"ਵੇ ਰੱਬ ਇਹ ਕੀ ਜਾਣੇ
ਧੀ ਕਿੰਝ ਮੰਨ ਨੂੰ ਸੱਮਝਾਉਂਦੀ ਏ,
ਵਰ੍ਹਿਆਂ ਦੇ_ _ _

## ਹਿੰਦੀ ਕਹਾਣੀ

ਸੂਰਜ ਬੜਤੀਆ

# ਕਬੀਰਕ



ਮਨੋਹਰ ਲਾਲ
ਪੰਜਾਬੀ ਯੂਨੀਵਰਸਿਟੀ ਪਟਿਆਲਾ
91-99141-91857

ਉਹ ਅਕਸਰ ਹੀ ਸੁਮੇਧ ਨੂੰ ਟਰੇਨ 'ਚ ਦਿਖ ਜਾਂਦੀ ਸੀ। ਕਦੀ ਉਹ ਆਪਣੇ ਸਮੂਹ 'ਚ ਹੁੰਦੀ ਅਤੇ ਕਦੀ ਇਕੱਲੀ। ਸੁਮੇਧ ਉਸ ਨੂੰ ਵੇਖ ਆਪਣੇ ਕੋਲ ਬੁਲਾ ਲੈਂਦਾ ਜਾਂ ਉਹ ਖ਼ੁਦ ਵੀ ਚਲੀ ਆਉਂਦੀ ਸੀ। ਐਂਵੇ ਲੱਗਦਾ ਸੀ ਜਿਵੇਂ ਕਿ ਉਹ ਉਸ ਨੂੰ ਚੰਗੀ ਤਰ੍ਹਾਂ ਪਹਿਚਾਣਦੀ ਹੋਵੇ।ਸੁਮੇਧ ਨੇ ਵੀ ਕਈ ਵਾਰ ਸੋਚਿਆ ਕਿ ਉਸ ਦੇ ਬਾਰੇ 'ਚ ਜਾਣਿਆ ਜਾਵੇ, ਪ੍ਰੰਤੂ ਸਮੇਂ ਦੀ ਘਾਟ ਤੇ ਸਰਵਜਨਕ ਥਾਂ ਨੇ ਕਦੀ ਵੀ ਅਜਿਹਾ ਮੌਕਾ ਹੀ ਨਹੀਂ ਦਿੱਤਾ ਕਿ ਉਸ ਨੂੰ ਚੰਗੀ ਤਰ੍ਹਾਂ ਸਕੇ। ਉਹ ਬਹੁਤ ਹੀ ਸੋਹਣੀ ਸੀ ਅਤੇ ਗਾਉਂਦੀ ਵੀ ਕਮਾਲ ਦਾ ਸੀ। ਟਰੇਨ ਦੀ ਫ਼ਿਜ਼ਾ 'ਚ ਉਸ ਦੀ ਸੁਰੀਲੀ ਆਵਾਜ਼ ਨਾਲ ਸਮੇਧ ਦੇ ਅੰਦਰ ਕੁਝ ਰਾਗ ਛਿੜਨ ਲੱਗਦਾ। ਉਸ ਦੀ ਅਵਾਜ਼ 'ਚ ਕਿੰਨੀ ਮਨਮੋਹਕ ਗਹਿਰਾਈ ਸੀ-'ਬਨਾ ਕੇ ਕਿਉਂ ਬਿਗਾੜੇ ਰੇ
ਬਿਗਾੜਾ ਰੇ ਨਸੀਬਾ, ਉਪਰ ਵਾਲੇ, ਉਪਰ ਵਾਲੇ।'

ਉਸਦੇ ਬੋਲਾਂ 'ਚ ਕਿੰਨਾ ਦਰਦ ਹੁੰਦਾ ਸੀ। ਭਾਵੇਂ ਕਿ ਉਹ ਹੱਸਦੀ ਸੀ, ਮੁਸਕਰਾਉਂਦੀ ਸੀ, ਪਰ ਦਰਦ ਦਾ ਪੂਰਾ ਦਰਿਆ ਉਸ ਦੀਆਂ ਅੱਖਾਂ 'ਚ ਉੱਛਲ ਰਿਹਾ ਹੁੰਦਾ ਜਿਵੇਂ ਕਿ ਉਹ ਦਰਿਆ ਥੋੜ੍ਹਾ ਜਿਹਾ ਭਾਵੁਕ ਹੋਣ 'ਤੇ ਵਹਿਣ ਲੱਗੇਗਾ।

ਕਦੀ-ਕਦੀ ਕਿਸੇ ਦੁਆਰਾ ਘਟੀਆ ਮਜ਼ਾਕ ਜਾਂ ਵਿਅੰਗ ਕਰਨ 'ਤੇ ਉਸ ਦਾ ਚਿਹਰਾ ਇਕ ਪਲ ਤਾਂ ਲਾਲ ਹੋ ਜਾਂਦਾ, ਪ੍ਰੰਤੂ ਦੂਸਰੇ ਹੀ ਪਲ ਸਹਿਜ ਹੋ ਕੇ ਹੱਸ ਵੀ ਪੈਂਦੀ। ਉਸ ਦਾ ਇਸ ਤਰ੍ਹਾਂ ਹੱਸਣ 'ਤੇ ਗਹਿਰਾ ਵਿਅੰਗ ਹੁੰਦਾ ਸੀ, ਜਿਵੇਂ ਕਿ ਓਹ ਇਸ ਹੈਵਾਨੀ ਸਿਸਟਮ 'ਤੇ ਹੱਸ ਰਹੀ ਹੋਵੇ।

ਉਸਦਾ ਹਿਜ਼ੜੀ (ਹਿਜ਼ੜਿਆਂ 'ਚ ਔਰਤ ਅਤੇ ਮਰਦ ਹਿਜ਼ੜੇ ਦੋਵੇਂ ਹੁੰਦੇ ਹਨ) ਹੋਣਾ ਇਸ ਮਾਨਵਤਾ 'ਤੇ ਕਲੰਕ ਸੀ। ਉਸ ਦੀ ਸਖ਼ਸ਼ੀਅਤ ਬਹੁਤ ਹੀ ਅਕਰਸ਼ਿਤ ਸੀ ਅਤੇ ਉਹ ਮੋਨੋਲਿਸਾ ਵਾਂਗ ਸੋਹਣੀ ਦਿਖਾਈ ਦਿੰਦੀ। ਕਠੋਰ ਸਿਧੀ ਨੱਕ, ਨੱਕ ਦੇ ਦੋਨੋਂ ਗੱਲਾਂ ਦੇ ਬਿਲਕੁਲ ਹੇਠਾਂ ਗੁਲਾਬੀ ਬੁੱਲ੍ਹ, ਤਿੱਖੀ ਠੋਡੀ, ਅੱਖਾਂ 'ਚ ਹਮੇਸ਼ਾਂ ਇੱਕ ਉਦਾਸ ਚਮਕ ਤੈਰਦੀ ਦਿਖਾਈ ਦਿੰਦੀ ਰਹਿੰਦੀ...। ਸੁਮੇਧ ਨੂੰ ਉਸ 'ਚ ਆਪਣਾਪਨ ਦਿਖਾਈ ਦਿੰਦਾ, ਅਕਰਸ਼ਿਤ, ਮੋਹ ਭਰਿਆ ਆਪਣਾਪਨ।

ਸੁਮੇਧ ਨੂੰ ਚੰਡੀਗੜ੍ਹ ਆਏ ਹੋਏ ਨੂੰ ਪੰਜ ਸਾਲ ਲੰਘ ਚੁੱਕੇ ਸੀ। ਉਸ ਨੇ ਸਮੇਂ ਨੂੰ ਇਕ ਸਜ਼ਾ ਦੀ ਤਰ੍ਹਾਂ ਗੁਜ਼ਾਰਿਆ। ਉਹ ਯੂਨੀਵਰਸਿਟੀ 'ਚ ਨੌਕਰੀ ਕਰਦਾ ਸੀ। ਪੜਾਉਂਦਾ-ਪੜਾਉਂਦਾ ਅਕਸਰ ਹੀ ਸ਼ਾਮ ਨੂੰ ਉਹ ਲੰਮੀ ਵਿਰਾਨ ਸੜਕ ਨੂੰ ਮਾਪਣ ਲਈ ਨਿਕਲ ਪੈਂਦਾ। ਕਦੀ ਕਿਸੀ ਬਜ਼ਾਰ ਨੂੰ ਨਿਹਾਰਦਾ। ਸ਼ਹਿਰ ਚੰਗਾ ਅਤੇ ਵਿਵਸਥਿਤ ਢੰਗ ਨਾਲ ਵਸਾਇਆ ਹੋਇਆ ਸੀ। ਪਰ ਇਹ ਕਿਸੀ ਮਨੂ ਨਕਸ਼ਾਗੋ ਦੀ ਕ੍ਰੀਏਸ਼ਨ ਨਹੀਂ ਸੀ। ਨਹੀਂ ਤਾਂ ਇਹ ਸ਼ਹਿਰ ਵੀ ਚਾਰ ਵਰਣਾ ਦੀ ਤਰ੍ਹਾਂ ਚਾਰ ਹਿੱਸਿਆ 'ਚ ਵੰਡਿਆ ਹੁੰਦਾ। ਜਾਂ ਫਿਰ ਕੇਂਦਰ ਅਤੇ ਸੀਮਾਵਾਂ ਦੀ ਵਰਗ ਮਾਨਸਿਕਤਾ ਨਾਲ ਬਣਿਆ ਹੋਇਆ। ਮੰਨਿਆ ਜਾਂਦਾ ਹੈ ਕਿ ਇਸ ਸ਼ਹਿਰ ਦਾ ਨਕਸ਼ਾ ਫਰਾਂਸੀਸੀ ਜਾਂ ਜਰਮਨੀ ਨਕਸ਼ਾਗੋ ਲੀ ਕਰ ਬੁਜ਼ੀਅਰ ਦੁਆਰਾ ਬਣਾਇਆ ਗਿਆ ਜਾਂ ਡਿਜ਼ਾਇਨ ਕੀਤਾ ਗਿਆ ਹੈ। ਇਕ ਚੌੜ੍ਹੀ ਸੜਕ, ਸੜਕ ਦੇ ਨਾਲ ਰਿਕਸ਼ਾ ਤੇ ਸਾਇਕਲ ਚਲਾਉਣ ਲਈ ਇੱਕ ਵੱਖਰੀ ਪ੍ਰੰਤੂ ਬੜੀਆਂ ਸੜਕਾਂ ਦੇ ਬਰਾਬਰ ਛੋਟੀ ਸੜਕਾਂ। ਸੜਕ ਦੇ ਦੋਨਾਂ ਕਿਨਾਰਿਆਂ 'ਤੇ ਸੰਘਣੇ ਦਰੱਖ਼ਤ, ਪਾਰਕ, ਖੁੱਲ੍ਹੇ ਵਿਹੜਿਆਂ ਵਾਲੇ ਘਰ, ਸਰਕਾਰੀ ਦਫ਼ਤਰ। ਬਾਜ਼ਾਰ ਦੇ ਲਈ ਪੂਰੀ-ਪੂਰੀ ਥਾਂ ਸਭ ਕੁਝ ਯੋਜਨਾ ਮੁਤਾਬਕ। ਐਵੇਂ ਲਗਦਾ ਹੈ ਕਿ ਜਿਵੇਂ ਸ਼ਹਿਰ ਦੀ ਵਿਵਸਥਾ ਨੂੰ ਲੀ ਕਰ ਬਜ਼ੀਅਰ ਨੇ ਵਿਵਸਥਿਤ ਕਰ ਦਿਤਾ ਹੋਵੇ ਅਤੇ ਸ਼ਹਿਰ ਦੇ ਲੋਕਾਂ ਦੇ ਦਿਮਾਗ ਨੂੰ ਗੁਰੂਆਂ ਦੇ ਉਪਦੇਸ਼ਾਂ ਨੇ। ਤਾਂ ਹੀ ਭਾਰਤ ਦੇ ਹੋਰਨਾਂ ਸ਼ਹਿਰਾਂ ਦੇ ਮੁਕਾਬਲੇ ਜਾਤੀ ਦਾ ਘਮੰਡੀ ਹੰਕਾਰ ਇਥੇ ਬਹੁਤ ਹੀ ਘੱਟ ਦਿਖਾਈ ਦਿੰਦਾ ਹੈ। ਕਦੀ-ਕਦੀ ਸੁਮੇਧ ਨੂੰ ਲੱਗਦਾ ਕਿ ਪੂਰੀ ਦੁਨੀਆਂ ਦਾ ਨਕਸ਼ਾ ਲੀ ਕਰ ਬਜੀਅਰ ਦੁਆਰਾ ਬਣਾਇਆ ਜਾਣਾ ਚਾਹੀਦਾ ਸੀ ਅਤੇ ਲੋਕਾਂ ਦੇ ਦਿਮਾਗ 'ਚ ਸੰਤ-ਗੁਰੂਆਂ ਦੇ ਉਪਦੇਸ਼ਾਂ ਦੀ ਮਹਿਕ ਵਸੀ ਰਹਿੰਦੀ ਤਾਂ ਇਹ ਭੇਦਭਾਵ ਨਾ ਰਹਿੰਦਾ।

ਸਮੇਧ ਨੂੰ ਹਿਜ਼ੜਿਆਂ ਨਾਲ ਗ਼ਹਿਰਾ ਅਪਣਾਪਨ ਲੱਗਦਾ। ਉਸ ਨੂੰ ਉਹ ਵੀ ਹਾਸ਼ੀਏ ਤੇ ਧੱਕੇ ਘੁਮੰਤਰੂ, ਨਗਰ-ਪਿੰਡ, ਸ਼ਹਿਰ ਤੋਂ ਬੇਦਖ਼ਲ ਕੀਤੇ ਹੋਏ ਲੱਗਦੇ। ਭਾਂਵੇ ਕਿਤੇ ਵੀ ਹੋਵੇ ਉਹ ਬੜ੍ਹੇ ਹੀ ਧਿਆਨ ਨਾਲ ਉਹਨਾਂ ਨੂੰ ਪਹਿਚਾਣਦਾ, ਕੁਝ ਲੱਭਦਾ ਅਤੇ ਉਹਨਾਂ ਦੇ ਚਿਹਰਿਆਂ ਦੇ ਹਾਵ-ਭਾਵ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦਾ ਰਹਿੰਦਾ। ਇਸ ਦੌਰਾਨ ਬੇਚੈਨੀ ਦਾ ਵਾ-ਵਰੋਲਾ ਉਸ ਦੇ ਅੰਦਰ ਉੱਠਦਾ ਰਹਿੰਦਾ। ਉਸਦੇ ਦੋਸਤ ਉਸਨੂੰ ਪਾਗ਼ਲ ਅਤੇ ਸਨਕੀ ਸਮਝਦੇ।

ਉਸ ਨੂੰ ਯਾਦ ਹੈ ਕਿ ਜਦੋਂ ਉਹ ਦਸਵੀਂ 'ਚ ਸੀ ਤਾਂ ਸਕੂਲ 'ਚ ਇੱਕ ਲੜਕੀ ਗਾਉਣ ਲਈ ਆਈ ਸੀ। ਉਹ ਉਸਨੂੰ ਦੇਖਦਾ ਹੀ ਰਹਿ ਗਿਆ ਸੀ ਕਿਉਂਕਿ ਉਹ ਅਤਿ ਦੀ ਖ਼ੂਬਸੂਰਤ ਸੀ। ਉਸਨੇ ਕੋਲ ਬੈਠੀ ਨਿਹਾਲੀ ਨੂੰ ਕਿਹਾ- "ਕਿੰਨੀ ਸੋਹਣੀ ਕੁੜੀ ਹੈ ਨਾ ? ਜਿੰਨੀ ਓਹ ਸੋਹਣੀ ਹੈ ਓਨ੍ਹੀ ਹੀ ਮਧੁਰ ਅਵਾਜ਼ ਹੈ..।"

ਨਿਹਾਲੀ ਉਸ ਵੱਲ ਵੇਖ ਕੇ ਹੱਸ ਪਈ, "ਬੇਵਕੂਫ ਇਹ ਲੜਕੀ ਨਹੀਂ ਬਲਕਿ ਹਿਜ਼ੜੀ ਹੈ।" ਸੁਮੇਧ ਨੂੰ ਬਿਲਕੁਲ ਵੀ ਵਿਸ਼ਵਾਸ ਨਹੀਂ ਹੋਇਆ ਕਿ ਕੋਈ ਹਿਜ਼ੜੀ ਇੰਨੀ ਖ਼ੂਬਸੂਰਤ ਵੀ ਹੋ ਸਕਦੀ ਹੈ...? ਫਿਰ ਉਹ ਹਿਜ਼ੜੀ -ਗਾਉਂਦੀ-ਗੁਣਗੁਣਾਉਂਦੀ ਹੋਈ ਨੱਚਣ ਲੱਗੀ। ਉਸ ਨੂੰ ਨਿਹਾਲੀ ਦੀ ਗੱਲ 'ਤੇ ਵਿਸ਼ਵਾਸ ਨਹੀਂ ਹੋਇਆ ਸੀ। ਘਰ ਆ ਕੇ ਉਸ ਨੇ ਮਾਂ ਨੂੰ ਇਹ ਸਾਰੀ ਘਟਨਾ ਦੱਸੀ। ਮਾਂ ਸੁਣ ਕੇ ਪ੍ਰੇਸ਼ਾਨ ਜਿਹੀ ਹੋ ਗਈ। ਮਾਂ ਨੇ ਸੁਮੇਧ ਨੂੰ ਆਪਣੀ ਗੋਦੀ 'ਚ ਬਿਠਾ ਕੇ ਕਿਹਾ-ਉਹਾਂ ਬੇਟਾ, ਕੁਝ ਹਿਜ਼ੜੇ ਬਹੁਤ ਹੀ ਸੋਹਣੇ ਹੁੰਦੇ ਹਨ" ਇਹ ਸੁਣਾਉਂਦੇ ਹੋਏ ਮਾਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। "ਕੁਝ ਜਨਮ ਤੋਂ ਹੀ ਅਜਿਹੇ ਹੁੰਦੇ ਹਨ, ਤੇ ਕੁਝ ਬਾਅਦ 'ਚ ਜੋਰ-ਜ਼ਬਰਦਸਤੀ ਨਾਲ ਬਣਾਏ ਵੀ ਜਾਂਦੇ ਹਨ।" ਉਪਰ ਮਾਂ, ਉਹ ਇੰਨੀ ਸੋਹਣੀ ਤੇ ਉਸਦੀ ਆਵਾਜ਼....।" ਗੱਲ-ਬਾਤ ਦੌਰਾਨ, ਸੁਮੇਧ ਨੇ ਦੇਖਿਆ ਕਿ ਮਾਂ ਦੀਆਂ ਅੱਖਾਂ ਦੇ ਦੋਨੋਂ ਕੋਰਾਂ 'ਚੋਂ ਹੰਝੂ ਡੁੱਲ੍ਹ ਰਹੇ ਸੀ। ਉਹ ਚੁੱਪ ਹੋ ਗਿਆ।

ਸੁਮੇਧ ਨੇ ਪੁਛਿਆ "ਕੀ ਹੋਇਆ ਮਾਂ ?"

"ਕੁਝ ਨਹੀਂ ਬੇਟਾ...। ਬਸ ਐਂਵੇ ਹੀ"- ਕਹਿ ਕੇ ਓਥੋਂ ਉੱਠ ਕੇ ਚਲੀ ਗਈ।

ਕਈ ਵਾਰ ਸੁਮੇਧ ਨੇ ਉਸ ਸੋਹਣੀ ਹਿਜ਼ੜੀ ਨੂੰ ਆਪਣੀ ਬਸਤੀ 'ਚ ਵੀ ਸਮੂਹ ਦੇ ਨਾਲ ਨੱਚਦੇ-ਗਾਉਂਦੇ ਹੋਏ ਦੇਖਿਆ। ਕਦੀ-ਕਦੀ ਤਾਂ ਉਹ ਹਿਜ਼ੜੀ ਉਹਨਾਂ ਦੇ ਘਰ ਵੀ ਚਲੀ ਆਉਂਦੀ ਸੀ। ਇਕ ਵਾਰ ਉਸਨੇ ਵੇਖਿਆ ਕਿ ਮਾਂ ਨੇ ਇਕ ਹਿਜ਼ੜੀ ਨੂੰ ਆਪਣੇ ਗਲ਼ ਨਾਲ ਲਾ ਰੱਖਿਆ ਹੈ, ਅਤੇ ਦੋਨੋਂ ਰੋ ਰਹੀਆਂ ਹਨ। ਸੁਮੇਧ ਨੂੰ ਨੇੜੇ ਆਉਂਦਾ ਦੇਖ ਕੇ ਦੋਨੋਂ ਛੇਤੀ ਨਾਲ ਅਲੱਗ ਹੋ ਗਈਆਂ। ਹਿਜ਼ੜੀ ਨੇ ਸੁਮੇਧ ਨੂੰ ਪਿਆਰ ਕੀਤਾ, ਸਿਰ 'ਤੇ ਹੱਥ ਫੇਰਿਆ, ਸੁਮੇਧ ਨੂੰ ਰੁਪਏ ਦੇਣੇ ਚਾਹੇ, ਪਰ ਉਸਨੇ ਨਾਂਹ ਕਰ ਦਿੱਤੀ। ਫਿਰ ਉਹ ਚਲੀ ਗਈ। ਉਸਨੇ ਮਾਂ ਵੱਲ ਅੱਖਾਂ 'ਚ ਪੈਦਾ ਹੋਏ ਸਵਾਲਾਂ ਨਾਲ ਦੇਖਿਆ। ਮਾਂ ਉਸਨੂੰ ਟਾਲ਼ ਕੇ ਆਪਣੇ ਕੰਮ 'ਚ ਰੁੱਝ ਗਈ। ਹੁਣ ਉਹ ਅਕਸਰ ਹੀ ਉਸ ਹਿਜੜੀ ਨੂੰ ਆਪਣੇ ਪਿੰਡ 'ਚ ਦੇਖਦਾ। ਉਹ ਵੀ ਜਦੋਂ ਉਸਨੂੰ ਦੇਖਦੀ ਤਾਂ ਉਸ ਕੋਲ ਚਲੀ ਆਉਂਦੀ ਤੇ ਉਸ ਨਾਲ ਗੱਲ-ਬਾਤ ਵੀ ਕਰਦੀ। ਪ੍ਰੰਤੂ ਸਮੁੇਧ ਉਸ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰਦਾ। ਸੁਮੇਧ ਨੂੰ ਉਸ ਬਸਤੀ ਅਤੇ ਪਿੰਡ ਦੇ ਮੁੰਡੇ ਖਿਝਾਉਂਣ ਲੱਗ ਪਏ ਸੀ। ਕੋਈ ਕਹਿੰਦਾ- "ਹਿਜ਼ੜੀ ਨੇ ਤੈਨੂੰ ਪਸੰਦ ਕਰ ਲਿਆ ਹੈ, ਹੁਣ ਇਹ ਤੈਨੂੰ ਵੀ ਆਪਣੇ 'ਚ ਸ਼ਾਮਿਲ ਕਰਨਗੇ।" ਕੋਈ ਕਹਿੰਦਾ- "ਕੀ ਤੇਰਾ ਕੋਈ ਰਿਸ਼ਤਾ ਹੈ ਇਸ ਹਿਜ਼ੜੀ ਨਾਲ? ਤੈਨੂੰ ਦੇਖਦੇ ਹੀ ਭੱਜ ਕੇ ਮਿਲਣ ਆਉਂਦੀ ਹੈ। ਇਸਨੂੰ ਤੇਰੇ ਨਾਲ ਪਿਆਰ ਹੋ ਗਿਆ।" ਉਸ ਨੂੰ ਖਿਝ ਚੜਦੀ, ਗੁੱਸਾ ਆਉਂਦਾ ਤੇ ਡਰ ਵੀ ਲੱਗਦਾ।

ਸੁਮੇਧ ਦੇ ਪਿਤਾ ਜੀ ਸਫਾਈ ਦਾ ਕੰਮ ਕਰਦੇ ਸੀ। ਸਵੇਰੇ ਘਰ ਤੋਂ ਸੋਫੀ ਜਾਂਦੇ ਸੀ ਤੇ ਦੇਰ ਰਾਤ ਨੂੰ ਸ਼ਰਾਬੀ ਹੋ ਕੇ ਹੀ ਵਾਪਸ ਆਉਂਦੇ ਸੀ। ਪਤਾ ਨਹੀਂ ਪਿੰਡ 'ਚ ਕਿੰਨੀ ਗੰਦਗੀ ਸੀ, ਜਿਹੜੀ ਉਸਨੂੰ ਰੋਜ ਸਾਫ਼ ਕਰਨੀ ਹੀ ਪੈਂਦੀ ਸੀ, ਪਰ ਘੱਟ ਨਾ ਹੋਣ ਦਾ ਨਾ ਹੀ ਨਹੀਂ ਲੈਂਦੀ ਸੀ। ਸੁਮੇਧ ਨੇ ਪਿਤਾ ਨੂੰ ਕਈ ਵਾਰ ਕਿਹਾ ਵੀ ਸੀ- "ਪਿਤਾ ਜੀ, ਤੁਸੀਂ ਸ਼ਾਰਬ ਨਾ ਪੀਆ ਕਰੋ... ਮੈਨੂੰ ਚੰਗਾ ਨਹੀਂ ਲੱਗਦਾ..।"

ਪਰ ਪਿਤਾ ਜੀ ਦਾ ਰਟਾ-ਰਟਾਇਆ ਇਕੋ ਹੀ ਡਾਇਲਾਗ ਹੁੰਦਾ- "ਪੁੱਤਰ, ਸਾਰੇ ਪਿੰਡ ਦਾ ਮਲ-ਮੂਤਰ ਸਾਫ਼ ਕਰਦੇ-ਕਰਦੇ ਆਪਣੇ ਹੀ ਪਿੰਡੇਂ ਚੋਂ ਮੁਸ਼ਕ ਮਾਰਨ ਲੱਗ ਪੈਂਦੀ ਹੈ...। ਸਾਲੇ ਆਪਣਾ ਗੰਦ ਵੀ ਸਾਡੇ ਤੋਂ ਹੀ ਸਾਫ਼ ਕਰਾਉਂਦੇ ਨੇ...। ਅਸੀਂ ਹੀ ਇਹਨਾਂ ਦਾ ਗੰਦ ਸਾਫ਼ ਕਰਦੇ ਹਾਂ ਤੇ ਸਾਨੂੰ ਹੀ ਗੰਦੇ ਕਹਿੰਦੇ ਨੇ।ਦਾਰੂ ਤੋਂ ਬਿਨਾਂ ਮੈਂ ਇਹ ਕੰਮ ਨਹੀਂ ਕਰ ਸਕਦਾ ਹਾਂ...।" ਸੁਣ ਕੇ ਉਹ ਚੁੱਪ ਹੋ ਜਾਂਦਾ। ਉਸਨੂੰ ਗੁੱਸਾ ਆਉਂਦਾ। ਉਹ ਚਾਹੁੰਦਾ ਸੀ ਕਿ ਪਿਤਾ ਜੀ ਇਹ ਕੰਮ ਨਾ ਕਰੇ ਪਰ ?

ਮਾਤਾ-ਪਿਤਾ ਦਾ ਸੁਪਨਾ ਸੀ ਕਿ ਸੁਮੇਧ ਪੜ੍ਹ-ਲਿਖ ਜਾਵੇ ਤਾਂ ਜੋ ਉਹਨਾਂ ਨੂੰ ਇਸ 'ਦਲਿਦਰਤਾ' ਤੋਂ ਮੁਕਤੀ ਮਿਲੇ ਸਕੇ। ਉਹ ਖ਼ੂਬ ਮਨ ਲਾ ਕੇ ਪੜ੍ਹਦਾ। 'ਮਾਤਾ-ਪਿਤਾ ਨੂੰ ਇਸ ਦਲਿਦਰਤਾ ਤੋਂ ਮੁਕਤੀ ਦੁਆਉਂਣੀ ਹੈ ਤਾਂ ਪੜ੍ਹਨਾ ਹੋਵੇਗਾ।' ਉਹ ਮਨ ਲਾ ਕੇ ਪੜ੍ਹਦਾ ਗਿਆ ਤੇ ਅੱਜ ਚੰਡੀਗੜ੍ਹ ਯੂਨੀਵਰਸਿਟੀ 'ਚ ਇਤਿਹਾਸ ਦਾ ਪ੍ਰੋਫ਼ੈਸਰ ਲੱਗ ਗਿਆ ਸੀ। ਹਫ਼ਤੇ ਦੇ ਅੰਤ 'ਚ ਆਪਣੇ ਮਾਤਾ-ਪਿਤਾ ਕੋਲ ਪਿੰਡ ਆਉਂਦਾ। ਉਸ ਨੇ ਪਿਤਾ ਕੋਲੋਂ ਸਫ਼ਾਈ ਦਾ ਕੰਮ ਛੁਡਵਾ ਦਿੱਤਾ। ਉਹ ਸਮੇਂ ਤੋਂ ਪਹਿਲਾਂ ਹੀ ਬੁੱਢੇ ਹੋ ਗਏ ਸਨ। ਪਿਤਾ ਦੀ ਹੀ ਉਮਰ ਦੇ ਕਈ ਲੋਕਾਂ ਨੂੰ ਉਹ ਚੰਡੀਗੜ੍ਹ ਅਤੇ ਪਿੰਡ 'ਚ ਦੇਖਦਾ, ਉਹਨਾਂ ਦੇ ਚਿਹਰਿਆਂ ਦੀ ਲਾਲੀ ਬਣੀ ਹੋਈ ਸੀ। ਸਰੀਰ ਦੀ ਬਣਾਵਟ 'ਚ ਬਹੁਤ ਫ਼ਰਕ ਨਹੀਂ ਆਇਆ ਸੀ। ਚਾਲ 'ਚ ਜਾਤੀ ਹੰਕਾਰ ਦੂਰ ਤੋਂ ਹੀ ਉਹਨਾਂ ਦੀ ਪ੍ਰਸਨੈਲੀਟੀ 'ਚ ਨਜ਼ਰ ਆਉਂਦਾ ਸੀ। ਪਰ ਉਸ ਦੇ ਮਾਤਾ-ਪਿਤਾ ਸਮੇਂ ਤੋਂ ਪਹਿਲਾਂ ਹੀ ਬੁੱਢੇ ਹੋ ਗਏ ਸਨ। ਇਹ ਕੇਵਲ ਸਰੀਰ ਦਾ ਬੋਦਾ ਹੋਣਾ ਹੀ ਨਹੀਂ ਸੀ, ਉਹਨਾਂ ਦੇ ਸੁਪਨਿਆਂ ਦਾ, ਚਾਹਤਾਂ ਦਾ, ਅਭਿਲਾਸ਼ਾਵਾਂ ਦਾ ਅਤੇ ਇਕ ਪੂਰੀ ਪੀੜ੍ਹੀ ਦੇ ਸੁਨਹਿਰੇ ਭੱਵਿਖ ਦਾ ਮਰ ਜਾਣਾ ਵੀ ਸੀ। ਸੁਮੇਧ ਨੂੰ ਹਮੇਸ਼ਾਂ ਲਗੱਦਾ ਕਿ ਇਹ ਜਾਤੀ ਵਿਵਸਥਾ ਉਹਨਾਂ ਵਰਗੇ ਕਿਰਤ ਕਰਨ ਵਾਲਿਆਂ ਦੀ ਹੱਥਿਆਰੀ ਹੈ।

ਸੁਮੇਧ ਨੇ ਨੌਕਰੀ ਲੱਗਣ ਤੋਂ ਬਾਅਦ ਕਈਂ ਵਾਰ ਆਪਣੇ ਮਾਤਾ-ਪਿਤਾ ਨੂੰ ਕਿਹਾ ਵੀ ਸੀ ਕਿ, ਉਹ ਚੰਡੀਗੜ੍ਹ ਚਲਣ, ਪਰ ਉਹ ਨਹੀਂ ਮੰਨੇ- ਮਾਂ ਨੇ ਕਿਹਾ "ਬੇਟਾ ਜਦੋਂ ਸਾਡੀ ਸਾਰੀ ਜਿੰਦਗੀ ਇੱਥੇ ਹੀ ਲੰਘ ਗਈ ਹੈ ਤਾਂ ਅਸੀਂ ਓਥੇ ਜਾ ਕੇ ਕੀ ਕਰਾਂਗੇ।" ਇਕ ਦਿਨ ਉਸ ਨੇ ਮਾਂ ਨੂੰ ਕਿਹਾ ਕਿ ਉਹ ਜਿਹੜੀ ਹਿਜ਼ੜੀ ਉਹਨਾਂ ਦੀ ਬਸਤੀ 'ਚ ਆਉਂਦੀ ਸੀ, ਓਸੇ ਵਰਗੀ ਸ਼ਕਲ ਦੀ ਮੈਨੂੰ ਟ੍ਰੇਨ 'ਚ ਨਜ਼ਰ ਆ ਜਾਂਦੀ ਹੈ। ਉਸਨੇ ਮਾਂ ਦੇ ਚਿਹਰੇ ਦੇ 'ਤੇ ਛਾਈ ਹੋਈ ਪ੍ਰੇਸ਼ਾਨੀ ਨੂੰ ਸਾਫ਼-ਸਾਫ਼ ਦੇਖਿਆ। ਉਹ ਸੁਮੇਧ ਵੱਲ ਧਿਆਨ ਨਾਲ ਵੇਖਦੀ ਹੀ ਰਹੀ। ਉਕੀ ਹੋਇਆ ਮਾਂ?" ਮਾਂ ਕੁਝ ਨਹੀਂ ਬੋਲੀ, ਪਰ ਉਹ ਓਥੋਂ ਉੱਠ ਕੇ ਚਲੀ ਗਈ। ਸੁਮੇਧ ਸਮਝ ਗਿਆ ਸੀ ਕਿ ਹੁਣ ਮਾਂ ਦੀਆਂ ਅੱਖਾਂ ਦਰਿਆ ਬਣ ਕੇ ਵਹਿਣ ਵਾਲੀਆਂ ਹਨ। ਮਾਂ ਕਦੀ ਵੀ ਕਿਸੇ ਦੇ ਸਾਹਮਣੇ ਰੋਈ ਨਹੀਂ ਸੀ। ਜਦੋਂ ਵੀ ਉਹ ਭਾਵੁਕ ਹੁੰਦੀ ਤਾਂ ਉੱਠ ਕੇ ਚਲੀ ਜਾਂਦੀ। ਮਾਂ ਦਾ ਗੋਰੇ ਰੰਗ ਦਾ ਚਿਹਰਾ ਲਾਲ ਹੋ ਜਾਂਦਾ। ਕਦੀ-ਕਦੀ ਉਹ ਕਲਪਨਾ ਕਰਦਾ ਕਿ ਉਸ ਹਿਜ਼ੜੀ ਦੇ ਲਾਲ ਤੇ ਬੇਚੈਨ ਚਿਹਰੇ ਅਤੇ ਮਾਂ ਦੇ ਚਿਹਰੇ 'ਚ ਕੀ ਕੋਈ ਸਮਾਨਤਾ ਸੀ ? ਉਸਨੇ ਇਹ ਗੱਲ ਪਿਤਾ ਜੀ ਨੂੰ ਦੱਸੀ ਤਾਂ ਉਹ ਵੀ ਬੇਚੈਨ ਹੋ ਕੇ ਉੱਠ ਕੇ ਚਲੇ ਗਏ। ਇਹ ਕਿਵੇਂ ਦਾ ਅਜੀਬ ਦਹਿਸ਼ਤ ਭਰਿਆ ਜ਼ਿਕਰ ਸੀ ਕਿ ਸੁਣ ਕਿ ਮਾਤਾ-ਪਿਤਾ...?

ਹਫ਼ਤੇ ਦੇ ਅੰਤ 'ਚ ਉਹ ਚੰਡੀਗੜ੍ਹ ਤੋਂ ਕਰਨਾਲ ਆਪਣੇ ਘਰ ਆਉਂਦਾ। ਉਹ ਅਕਸਰ ਹੀ ਜਿਸ ਟ੍ਰੇਨ 'ਚ ਆਉਂਦਾ, ਤਾਂ ਹਿਜੜਿਆਂ ਦਾ ਉਹ ਸਮੂਹ ਵੀ ਹੁੰਦਾ ਤੇ ਉਹਨਾਂ 'ਚ ਉਹ ਮਧੁਰ ਗਾਣੇ ਗਾਉਣ ਵਾਲੀ ਹਿਜੜੀ ਵੀ ਹੁੰਦੀ। ਇਕ ਵਾਰ ਉਹ ਟ੍ਰੇਨ ਦੇ ਡੱਬੇ 'ਚ ਬੈਠਾ ਹੋਇਆ ਸੀ, ਭੀੜ ਵੀ ਘੱਟ ਸੀ। ਉਸ 'ਚ ਇਕੱਲੇ-ਦੁਕੱਲੇ ਲੋਕ ਹੀ ਆ ਜਾ ਰਹੇ ਸਨ। ਉਹ ਵੀ ਉਸੇ ਡੱਬੇ 'ਚ ਸੀ ਤੇ ਉਸ ਦੇ ਗਾਣੇ ਦੀ ਅਵਾਜ਼ ਆ ਰਹੀ ਸੀ। ਸੁਮੇਧ ਨੇ ਫ਼ੈਸਲਾ ਕੀਤਾ ਕਿ ਅੱਜ ਉਹ ਉਸ ਨਾਲ ਪੱਕਾ ਹੀ ਗੱਲ ਕਰੇਗਾ।

ਸੁਮੇਧ ਨੇ ਸੋਚਿਆ 'ਕੀ ਸਿਰਫ ਇਹ ਇਕ ਸੰਯੋਗ ਸੀ, ਜਿਹੜਾ ਅਕਸਰ ਹੀ ਉਸ ਨਾਲ ਮੁਲਾਕਾਤ ਹੋ ਜਾਂਦੀ ਹੈ। ਸੰਯੋਗ, ਸਿਰਫ ਸੰਯੋਗ ਤਾਂ ਨਹੀਂ ਹੁੰਦੇ। ਲਗਾਤਾਰ ਹੋ ਰਹੇ ਸੰਯੋਗਾਂ ਦਾ ਕਾਰਨ, ਕੋਈ ਨਾ ਕੋਈ ਰਿਸ਼ਤਾ ਤਾਂ ਜਰੂਰ ਹੀ ਹੋਵੇਗਾ।' ਜਦੋਂ ਉਹ ਹਿਜੜੀ ਉਸ ਦੇ ਕੋਲ ਆਈ ਤਾਂ ਸੁਮੇਧ ਨੇ ਕਿਹਾ- "ਤੁਸੀ ਮੈਨੂੰ ਪਹਿਚਾਣਿਆ" ਸੁਣ ਕੇ ਘਬਰਾ ਗਈ....। ਉਸ ਦੇ ਕੰਨ ਇੰਨੇ ਤਹਿਜ਼ੀਬ ਭਰੇ ਸ਼ਬਦ ਸੁਣਨ ਦੇ ਆਦੀ ਨਹੀਂ ਸਨ। ਉਸ ਨੇ ਸੁਮੇਧ ਵੱਲ ਬੜੇ ਹੀ ਧਿਆਨ ਨਾਲ ਵੇਖਿਆ। ਸੁਮੇਧ ਉਸ ਦੇ ਚਿਹਰੇ 'ਤੇ ਪੈਦਾ ਹੋਏ ਸਵਾਲਾਂ ਨੂੰ ਚੰਗੀ ਤਰ੍ਹਾਂ ਪੜ੍ਹ ਸਕਦਾ ਸੀ। "ਮੈਂ ਓਹੀ ਹਾਂ... ਤੂੰ ਸਾਡੇ ਪਿੰਡ, ਬਸਤੀ, ਤੇ ਸਾਡੇ ਘਰ 'ਚ ਆਉਂਦੀ ਹੁੰਦੀ ਸੀ। ਸ਼ਾਇਦ ਤੂੰ ਮੈਨੂੰ ਪਹਿਚਾਣਿਆ ਨਹੀਂ, ਪਰ ਮੈਂ ਤੇਰੀ ਅਵਾਜ਼ ਅਤੇ ਸ਼ਕਲ ਨੂੰ ਭੁੱਲਿਆ ਨਹੀਂ ਹਾਂ। ਮੈਂ ਓਹੀ...?" ਕਹਿ ਕੇ ਸੁਮੇਧ ਚੁੱਪ ਹੋ ਗਿਆ। ਸੁਮੇਧ ਨੇ ਉਸ ਦੇ ਚਿਹਰੇ 'ਤੇ ਉੱਗੇ ਸਵਾਲਾਂ ਦੀ ਫ਼ਸਲ ਨੂੰ ਕੱਟ ਦਿੱਤਾ ਸੀ, ਪਰ ਹੈਰਾਨੀ ਇਹ ਸੀ ਕਿ ਉਸ ਦੇ ਗੋਰੇ ਚਿਹਰੇ 'ਤੇ ਲਾਲੀ ਦੀ ਨਵੀਂ ਫ਼ਸਲ ਲਹਿਰਾਉਣ ਲੱਗੀ ਸੀ। "ਤੁਸੀਂ ? ਤੁਹਾਡੇ ਮਾਤਾ ਜੀ ਕਿਵੇਂ ਹਨ ? ਘਰ 'ਚ ਸਭ ਕਿਵੇਂ ਹਨ ? ਪਿਤਾ ਜੀ ?" ਬੋਲਦੇ ਹੋਏ ਸ਼ਬਦ ਕੰਬਣ ਲੱਗੇ ਸੀ ਅਤੇ ਜਿਵੇਂ ਉਸ ਦੇ ਨਾਲ ਸ਼ਬਦ, ਫ਼ਿਜ਼ਾ ਅਤੇ ਸਾਰੀਆਂ ਵਸਤੂਆਂ ਘਬਰਾਅ ਕੇ ਹਟਕੋਰੇ ਲੈਣ ਲੱਗੀਆਂ ਹੋਣ। ਉਹ ਉਸ ਦੇ ਨੇੜੇ ਵਾਲ਼ੀ ਸੀਟ 'ਤੇ ਬੈਠ ਗਈ। ਆਪਣੇ ਆਪ ਨੂੰ ਨਾਕਾਮ ਸਾਬਿਤ ਕਰਦੇ ਹੋਏ ਸ਼ਬਦ ਜਿਵੇਂ ਕਿਸੇ ਗਹਿਰੇ ਖ਼ੂਹ ਨਾਲ ਟਕਰਾ ਕੇ ਵਾਪਸ ਆਏ ਹੋਣ- "ਤੁਸੀਂ ਇਥੇ ਕਿਵੇਂ ਬਾਬੂ ਜੀ? ਸਾਲ ਹੋ ਗਿਆ ਉਹ ਸ਼ਹਿਰ ਛੱਡਿਆਂ, ਵੈਸੈ ਵੀ ਸਾਡਾ ਓਥੇ ਆਪਣਾ ਹੈ ਹੀ ਕੌਣ ਜਿਹਦੇ ਲਈ ਅਸੀਂ ਓਥੇ ਰੁਕੀਏ, ਐਵੇਂ ਹੀ ਗਾਂਦੇ, ਵਜਾਂਦੇ, ਨੱਚਦੇ ਜਿੱਥੇ ਪੇਟ ਲੈ ਜਾਂਦਾ ਹੈ, ਚਲੇ ਜਾਂਦੇ ਹਾਂ।" ਸੁਮੇਧ ਨੇ ਉਸ ਦੇ ਚਿਹਰੇ 'ਤੇ ਨਿਗ੍ਹਾ ਟਿਕਾਉਂਦੇ ਹੋਏ ਕਿਹਾ- "ਮੈਂ ਇਥੇ ਯੂਨੀਵਰਸਿਟੀ 'ਚ ਪੜ੍ਹਾਉਂਦਾ ਹਾਂ" 'ਪੜ੍ਹਾਉਂਦੇ ਹੋ?' ਉਸ ਦੀ ਅਵਾਜ਼ 'ਚ ਸੁੱਖਮਈ ਹੈਰਾਨੀ ਦਾ ਅਹਿਸਾਸ ਸੀ, ਜਿਵੇਂ ਕਿਸੇ ਆਪਣੇ ਦੀ ਖੁਸ਼ੀ 'ਚ ਸ਼ਰੀਕ ਹੋਈ ਹੋਵੇ। ਫਿਰ ਉਸ ਦੇ ਸਮੂਹ ਦੇ ਹੋਰ ਹਿਜੜੇ ਵੀ ਉਥੇ ਆ ਗਏ। ਨਾ ਚਾਹੁੰਦੇ ਹੋਏ ਵੀ ਉਹ ਜਾਣ ਲੱਗੀ, ਸੁਮੇਧ ਨੇ ਕੁਛ ਪੇਸੈ ਦੇਣੇ ਚਾਹੇ ਤਾਂ ਉਸ ਨੇ ਨਾਂਹ ਕਰ ਦਿਤੀ ਤੇ ਉਥੋਂ ਚਲੀ ਗਈ। ਘਰ ਪਹੁੰਚ ਕੇ ਸੁਮੇਧ ਨੇ ਅੱਜ ਹੋਈ ਮੁਲਾਕਾਤ ਅਤੇ ਗੱਲ-ਬਾਤ ਦੀ ਸੂਚਨਾ ਮਾਤਾ-ਪਿਤਾ ਦੋਨਾਂ ਨੂੰ ਦਿਤੀ। ਸੁਮੇਧ ਨੇ ਦੋਨਾਂ ਦੇ ਚਿਹਰੇ ਤੇ ਉਦਾਸੀ ਅਤੇ ਚਿੰਤਾਂ ਨੂੰ ਗੰਭੀਰਤਾ ਨਾਲ ਵੇਖਿਆ। (ਚਲਦਾ)

# ਹਰ ਸੰਗੀਤ ਪ੍ਰੇਮੀ ਦੇ ਦਿੱਲ 'ਚ ਵਸਣ ਦੀ ਤਾਂਘ ਰੱਖਦਾ ਹੈ- ਗਾਇਕ ਪਾਲੀ ਸਰਾਂ



ਗੁਰਪ੍ਰੀਤ ਬੱਲ (ਰਾਜਪੁਰਾ)
91-98553-25903

ਨਿੱਕੀ ਉਮਰੇ ਸੰਗੀਤ ਜਗਤ ਦੇ ਖੇਤਰ ਚ ਪੈਰ ਰੱਖਣ ਵਾਲਾ ਸੋਹਣਾ ਸੁਨੱਖਾ ਗੱਭਰੂ ਜੋ ਸੱਭਿਆਚਾਰਕ ਗਾਇਕੀ, ਕੰਨ ਰਸ ਪੈਦਾ ਕਰਨ ਵਾਲੇ ਸੰਗੀਤ ਅਤੇ ਆਪਣੀ ਮਿੱਠੀ ਦਿਲਕਸ਼ ਅਵਾਜ ਸਦਕਾ ਲੱਖਾਂ ਹੀ ਸੰਗੀਤ ਪ੍ਰੇਮੀਆਂ ਦੇ ਦਿੱਲਾਂ ਤੇ ਜਾਦੂ ਬਿਖੇਰ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਕੇ ਹਰ ਸਰੋਤੇ ਦੇ ਦਿੱਲ ਚ ਵਸਣ ਦੀ ਇੱਛਾ ਰੱਖਦਾ ਹੈ।

ਅੱਜ ਅਸੀਂ ਗੱਲ ਕਰ ਰਹੇ ਹਾਂ ਰਾਜਸਥਾਨ ਦੇ ਜਿਲਾ ਹਨੂੰਮਾਨਗੜ ਦੀ ਕੁੱਖ ਚ ਵੱਸਦੇ ਪਿੰਡ ਮਾਣਕਸਰ ਦੇ ਜੰਮਪਲ ਉਸ ਨੌਜਵਾਨ ਗਾਇਕ ਪਾਲੀ ਸਰਾਂ ਦੀ ਜੋ ਬਚਪਨ ਤੋਂ ਹੀ ਸੰਗੀਤ ਨੂੰ ਪਿਆਰ ਕਰਨ ਵਾਲਾ ਸਕੂਲਾਂ, ਕਾਲਜਾਂ, ਸੱਭਿਆਚਾਰਕ ਮੇਲਿਆਂ ਚ ਗਾਉਂਦਾ ਜਵਾਨ ਹੋਇਆ ਉੱਘੇ ਕਵੀਸ਼ਰ ਪਿਤਾ ਗਿਆਨੀ ਲਾਲ ਸਿੰਘ ਅਤੇ ਮਾਤਾ ਬਲਜੀਤ ਕੌਰ ਦੇ ਘਰ ਜੰਨਮਿਆ ਪਾਲੀ ਬਚਪਨ ਤੋਂ ਹੀ ਆਪਣੇ ਗਾਇਕੀ ਦੇ ਸੋਂਕ ਦੇ ਚੱਲਦਿਆਂ ਜਿੱਥੇ ਸਕੂਲੀ ਪੜ੍ਹਾਈ ਮੋਕੇ ਸੱਭ ਦਾ ਚਹੇਤਾ ਰਿਹਾ ਉਥੇ ਹੀ ਕਾਲਜ਼, ਯੂਨੀਵਰਸਿਟੀ ਵਿੱਚ ਵੀ ਅਪਣੀ ਗਾਇਕੀ ਦੇ ਰੰਗ ਬਿਖੇਰਦੇ ਹੋਏ ਮਾਣ ਸਨਮਾਨ ਪ੍ਰਾਪਤ ਕਰ ਚੁੱਕੇ ਪਾਲੀ ਨੇ ਸੰਗੀਤ ਦੀ ਬਾਰੀਕੀਆਂ ਤੇ ਡੂੰਘਾਈ ਨੂੰ ਪੂਰਨ ਰੂਪ ਵਿੱਚ ਸਮਝਣ ਲਈ ਸਾਲ 2008 ਚ ਸ਼ਾਹੀ ਸ਼ਹਿਰ ਪਟਿਆਲਾ ਵਿੱਖੇ ਆ ਕੇ ਸ੍ਰੀ ਉਜਾਗਰ ਅੰਟਾਲ ਆਰੀਅਨ ਮਿਊਜ਼ੀਕਲ ਅਕੈਡਮੀ ਸਪੁੱਤਰ ਪ੍ਰੋ: ਤਾਰਾ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਅਪਣਾ ਉਸਤਾਦ ਧਾਰਿਆ। ਇਸ ਸਫਰ ਚ ਪਾਲੀ ਜਿਸ ਨੂੰ ਵੱਡੇ ਭਰਾਵਾਂ ਤੋਂ ਵੱਧਕੇ ਮੰਨਦਾ ਹੈ ਪੰਜਾਬ ਦੇ ਉਘੇ ਗਾਇਕ ਕੰਵਰ ਗਰੇਵਾਲ ਨੇ ਉਸਦਾ ਭਰਭੂਰ ਸਹਿਯੋਗ ਤੇ ਸਾਥ ਦਿੱਤਾ। ਸੰਗੀਤ ਨੂੰ ਹਦੋਂ ਵੱਧ ਪਿਆਰ ਕਰਨ



ਵਾਲਾ ਪਾਲੀ ਸੰਗੀਤ ਨੂੰ ਕੁਦਰਤ ਦੀ ਦੇਣ ਤੇ ਰੂਹ ਦੀ ਖੁਰਾਕ ਮੰਨਦਾ ਹੋਇਆ ਆਪਣੀ ਕਲਾ ਨੂੰ ਪੂਰਨ ਤੋਰ ਤੇ ਸਮਰਪਿਤ ਹੈ।

ਪਾਲੀ ਦੇ ਗਾਏ ਹੋਏ ਗੀਤ: ਵਿਰਸਾ, ਜਿਸ ਨੇ ਵੱਖ ਵੱਖ ਟੀ. ਵੀ. ਚੈਨਲਾਂ, ਫੇਸਬੁੱਕ, ਯੂ-ਟਿਊਬ ਉੱਤੇ ਧੂੰਮਾਂ ਪਾਇਆਂ ਨੂੰ ਦੇਸ਼ਾਂ- ਵਿਦੇਸ਼ਾਂ ਚ ਵਸਦੇ ਸਰੋਤਿਆਂ ਵੱਲੋਂ ਭਰਭੂਰ ਪਿਆਰ ਮਿਲਿਆ ਪੰਜਾਬੀ ਮਾਂ ਬੋਲੀ ਅਤੇ ਵਿਰਸੇ ਨੂੰ ਜੀ-ਜਾਨ ਨਾਲ ਪਿਆਰ ਕਰਨ ਵਾਲੇ ਪਾਲੀ ਨੇ ਆਪਣੇ ਗਾਏ ਗੀਤ "ਪਿੰਡ ਦੀ ਯਾਦ" ਸਣੇ ਹੋਰ ਅਨੇਕਾਂ ਗਾਏ ਗੀਤਾਂ ਰਾਹੀਂ ਵੀ ਚੰਗੀ ਵਾਹ-ਵਾਹ ਖੱਟੀ ਹੈ। ਲੱਚਰ ਅਤੇ ਅਸ਼ਲੀਲ ਗਾਇਕੀ ਤੋਂ ਦੂਰ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਮਾਂ ਬੋਲੀ ਨਾਲ ਜੁੜਿਆ ਪਾਲੀ ਕੁੱਝ ਵੱਖਰਾ ਕਰਨ ਦੇ ਮੰਤਵ ਨਾਲ ਸਰੋਤਿਆਂ ਦੀ ਝੋਲੀ ਵਿੱਚ ਅਜਿਹੀ ਐਲਬਮ ਪਾਉਣ ਦਾ ਚਾਹਵਾਨ ਹੈ ਜੋ ਮੁੱੜ ਸਰੋਤਿਆਂ ਨੂੰ ਆਪਣੇ ਵਿਰਸੇ ਤੇ ਸੱਭਿਆਚਾਰਕ ਗਾਇਕੀ ਦੀ ਅਮੀਰ ਪਰੰਪਰਾ ਨਾਲ ਜੋੜੇ।ਇਸੇ ਤਹਿਤ ਪਾਲੀ ਆਪਣੀ ਨਵੀਂ ਐਲਬਮ ਲਈ ਦਿਲਜਾਨ ਲਾ ਮਿਹਨਤ ਕਰ ਰਿਹਾ ਹੈ। ਜੋ ਛੇਤੀ ਹੀ ਸਰੋਤਿਆਂ ਦੇ ਰੂਬਰੂ ਕੀਤੀ ਜਾਵੇਗੀ।

ਸ਼ਾਲਾ ਪਾਲੀ ਸਰਾਂ ਪੰਜਾਬੀ ਗਾਇਕੀ ਵਿੱਚ ਨਵੇਂ ਪੂਰਨੇ ਪਾਉਂਦਿਆਂ ਪੰਜਾਬੀ ਮਾਂ-ਬੋਲੀ ਤੇ ਸੱਭਿਆਚਾਰ ਦਾ ਮਾਣ ਬਣ ਗਾਇਕੀ ਦੇ ਖੇਤਰ ਚ ਮੱਲਾਂ ਮਾਰ ਆਕਾਸ਼ ਦੀਆਂ ਬੁਲੰਦੀਆਂ ਨੂੰ ਛੂਹੇ ਤੇ ਧਰੂ ਤਾਰੇ ਵਾਂਗ ਚਮਕ।

# ਗਾਥਾ ਇਕ ਮ੍ਰਿਤਕ ਸਰੀਰ ਦੀ



**ਮੇਘ ਰਾਜ ਮਿੱਤਰ**
ਬਾਨੀ ਤਰਕਸ਼ੀਲ ਸੁਸਾਇਟੀ,
91-98887-87440

18 ਸਤੰਬਰ 2006 ਨੂੰ ਜਦੋਂ ਧਰਤੀ ਦੇ ਪੰਜਾਬ ਵਾਲੇ ਖਿੱਤੇ ਵਿਚ ਸੂਰਜ ਨੇ ਆਪਣੀ ਲਾਲੀ ਵਿਖੇਰਨੀ ਸ਼ੁਰੂ ਕੀਤੀ ਸੀ ਤਾਂ ਉਸੇ ਵੇਲੇ ਸਾਡੇ ਘਰ ਵਿਚ ਹਨੇਰ ਛਾ ਗਿਆ ਸੀ। ਇਸ ਦਿਨ ਮੇਰੇ ਪਿਤਾ ਜੀ 91ਵੇਂ ਸਾਲ ਦੀ ਉਮਰ ਵਿਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮਰਨ ਤੋਂ ਲਗਭਗ 10 ਵਰ੍ਹੇ ਪਹਿਲਾਂ ਉਨ੍ਹਾਂ ਨੇ ਆਪਣੀ ਲਿਖਤੀ ਵਸੀਅਤ ਰਾਹੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਤਾਕੀਦ ਕੀਤੀ ਸੀ ਕਿ ਮਰਨ ਤੋਂ ਬਾਅਦ ਉਨ੍ਹਾਂ ਦਾ ਸਰੀਰ ਕਿਸੇ ਮੈਡੀਕਲ ਕਾਲਜ ਨੂੰ ਸੌਂਪ ਦਿਤਾ ਜਾਵੇ ਤਾਂ ਜੋ ਡਾਕਟਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੀ ਖੋਜ ਪੜਤਾਲ ਵਿਚ ਕੰਮ ਆ ਸਕੇ। ਇਸ ਤੋਂ ਪਹਿਲਾਂ ਮੈਂ ਮੈਡੀਕਲ ਕਾਲਜਾਂ ਨੂੰ ਇਹ ਕਹਿੰਦੇ ਸੁਣਿਆ ਸੀ, "ਅਸੀਂ ਭਾਰਤੀ ਵਧੀਆ ਡਾਕਟਰ ਕਿਵੇਂ ਪੈਦਾ ਕਰ ਸਕਦੇ ਹਾਂ, ਜਦੋਂਕਿ ਸਾਨੂੰ ਤਾਂ ਸਿਰਫ਼ ਮਿੱਟੀ ਤੇ ਸੁਆਹ ਹੀ ਪ੍ਰਾਪਤ ਹੁੰਦੀ ਹੈ। ਮੁਸਲਮ ਧਰਮ ਦੇ ਪੈਰੋਕਾਰ ਆਪਣੇ ਮੁਰਦਿਆਂ ਨੂੰ ਦਫ਼ਨ ਕਰ ਦਿੰਦੇ ਹਨ, ਜਿਹੜੇ ਮਿੱਟੀ ਹੋ ਜਾਂਦੇ ਹਨ। ਹਿੰਦੂ ਧਰਮ ਦੇ ਪੈਰੋਕਾਰ ਆਪਣੇ ਮ੍ਰਿਤਕਾਂ ਨੂੰ ਜਲਾ ਦਿੰਦੇ ਹਨ, ਜੋ ਸੁਆਹ ਬਣ ਜਾਂਦੇ ਹਨ। ਹੁਣ ਮਿੱਟੀ ਤੇ ਸੁਆਹ ਨਾਲ ਕੀ ਸਾਡੇ ਡਾਕਟਰ ਮਾਹਰ ਬਣ ਸਕਦੇ ਹਨ?''

ਮੈਨੂੰ ਇਸ ਡਾਕਟਰ ਦੀ ਇਹ ਗੱਲ ਵਧੀਆ ਲੱਗੀ। ਉਂਝ ਵੀ ਤਰਕਸ਼ੀਲ ਸੁਸਾਇਟੀ ਸਵਰਗ-ਨਰਕ ਆਦਿ ਵਿਚ ਯਕੀਨ ਨਹੀਂ ਕਰਦੀ। ਇਸ ਲਈ ਮੈਂ ਆਪਣੇ ਪਿਤਾ ਜੀ ਦੀ ਲਿਖਤੀ ਵਸੀਅਤ ਨੂੰ ਅਮਲੀਜਾਮਾ ਪਹਿਨਾਉਣ ਦਾ ਸੰਕਲਪ ਲਿਆ। ਮੈਂ ਜਾਣਦਾ ਸਾਂ ਕਿ ਮੇਰੇ ਭੈਣ-ਭਰਾ ਜੋ ਕਾਫ਼ੀ ਹੱਦ ਤਕ ਧਾਰਮਕ ਹਨ, ਮੈਨੂੰ ਇਸ ਗੱਲ ਦੀ ਸੌਖੇ ਢੰਗ ਨਾਲ ਇਜਾਜ਼ਤ ਨਹੀਂ ਦੇਣਗੇ। ਮੈਂ ਪਿਤਾ ਜੀ ਦੀ ਮ੍ਰਿਤਕ ਦੇਹ ਨੂੰ ਘਰ ਲਿਆਉਣ ਲਈ ਰੁਝ ਗਿਆ ਅਤੇ ਆਪਣੇ ਸਪੁਤਰ ਨੂੰ ਪਿਤਾ ਜੀ ਦੀ ਵਸੀਅਤ ਦੀਆਂ ਦੋ ਸੌ ਕੁ ਕਾਪੀਆਂ ਫ਼ੋਟੋਸਟੇਟ ਕਰਵਾਉਣ ਲਈ ਕਿਹਾ ਤਾਂ ਜੋ ਸਾਰੇ ਰਿਸ਼ਤੇਦਾਰਾਂ ਅਤੇ ਭੈਣਾ-ਭਰਾਵਾਂ ਨੂੰ ਮਨੋਂ ਤਿਆਰ ਕਰਨ ਲਈ ਯਤਨ ਤੇਜ਼ ਹੋ ਸਕਣ। ਮੈਂ ਇਹ ਵੀ ਜਾਣਦਾ ਸਾਂ ਕਿ ਕਿਸੇ ਮਰ ਰਹੇ ਵਿਅਕਤੀ ਦੀ ਵਸੀਅਤ 'ਤੇ ਅਮਲ ਨਾ ਕਰਨਾ ਨੈਤਿਕ ਅਤੇ ਕਾਨੂੰਨੀ ਤੌਰ 'ਤੇ ਗ਼ਲਤ ਹੁੰਦਾ ਹੈ। ਵਸੀਅਤ ਦੀ ਕਾਪੀ ਨੂੰ ਪੜ੍ਹ ਕੇ ਸਾਰੇ ਜਣੇ ਕਹਿਣ ਲੱਗੇ ਕਿ ਉਨ੍ਹਾਂ ਨੇ ਤਾਂ ਆਪਣਾ ਫ਼ੈਸਲਾ ਸੁਣਾ ਦਿਤਾ ਹੈ। ਇਸ 'ਤੇ ਅਮਲ ਹੋਣਾ ਚਾਹੀਦਾ ਹੈ।

ਮ੍ਰਿਤਕ ਦੇਹ ਲਈ ਪ੍ਰਚੱਲਤ ਕੁੱਝ ਸਮਾਜਕ ਰਸਮਾਂ ਘਰ ਵਿਚ ਰੱਖ ਕੇ ਹੀ ਪੂਰੀਆਂ ਕੀਤੀਆਂ ਗਈਆਂ। ਉਸ ਤੋਂ ਬਾਅਦ ਐਂਬੂਲੈਂਸ ਮੰਗਵਾਈ ਗਈ ਤਾਂ ਜੋ ਪਿਤਾ ਜੀ ਦੀ ਮ੍ਰਿਤਕ ਦੇਹ ਦਿਆਨੰਦ ਮੈਡੀਕਲ ਕਾਲਜ ਲੁਧਿਆਣਾ ਨੂੰ ਸੌਂਪ ਦਿੱਤੀ ਜਾਵੇ। ਸਾਡੇ ਆਲੇ-ਦੁਆਲੇ ਵਿਚ ਕਿਸੇ ਨੇ ਵੀ ਇਸ ਤਰ੍ਹਾਂ ਹੁੰਦਾ ਨਹੀਂ ਸੀ ਵੇਖਿਆ। ਇਸ ਲਈ ਬਹੁਤ ਸਾਰੇ ਰਿਸ਼ਤੇਦਾਰ ਅਤੇ ਭੈਣ-ਭਰਾ ਉਨ੍ਹਾਂ ਦੀ ਦੇਹ ਹਸਪਤਾਲ ਨੂੰ ਸੌਂਪਣ ਜਾਣ ਲਈ ਤਿਆਰ ਹੋ ਗਏ। ਸਾਡੀਆਂ ਗੱਡੀਆਂ ਦਾ ਕਾਫ਼ਲਾ ਹਸਪਤਾਲ ਦੇ ਅਨਾਟਮੀ ਵਿਭਾਗ ਵਿਚ ਪੁੱਜ ਗਿਆ। ਭਾਵੇਂ ਹਸਪਤਾਲ ਵਾਲਿਆਂ ਨੂੰ ਅਸੀਂ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ, ਪਰ ਸਾਨੂੰ ਬੜੀ ਨਿਰਾਸ਼ਾ ਹੋਈ ਕਿ ਹਸਪਤਾਲ ਦਾ ਇਕ ਵੀ ਡਾਕਟਰ ਮ੍ਰਿਤਕ ਦੇਹ ਨੂੰ ਪ੍ਰਾਪਤ ਕਰਨ ਲਈ ਉਥੇ ਹਾਜ਼ਰ ਨਹੀਂ ਸੀ। ਅਸੀਂ ਮੋਰਚਰੀ ਵਿਚ ਸਰੀਰ ਨੂੰ ਰੱਖ ਕੇ ਨਿਰਾਸ਼ਾ ਦੀ ਹਾਲਤ ਵਿਚ ਘਰ ਨੂੰ ਚੱਲ ਪਏ। ਸ਼ਾਮ ਨੂੰ ਸਾਡਾ ਪਰਿਵਾਰ ਇਕੱਠਾ ਬੈਠ ਗਿਆ। ਪਿਤਾ ਜੀ ਬਾਰੇ ਗੱਲਾਂ ਹੋਣ ਲੱਗ ਪਈਆਂ। ਹਰ ਕੋਈ ਪਿਤਾ ਜੀ ਨਾਲ ਹੰਢਾਈਆਂ ਯਾਦਾਂ ਦਾ ਉਲੇਖ ਕਰ ਰਿਹਾ ਸੀ। ਮੈਂ ਚਾਹੁੰਦਾ ਸੀ ਕਿ ਪਿਤਾ ਜੀ ਦਾ ਸ਼ਰਧਾਂਜਲੀ ਪ੍ਰੋਗਰਾਮ ਵੀ ਪਰੰਪਰਾ ਤੋਂ ਹੱਟ ਕੇ ਵਿਲੱਖਣ ਢੰਗ ਨਾਲ ਹੋਵੇ। ਮੈਂ ਸਾਰੇ ਪਰਿਵਾਰਕ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਪਿਤਾ ਜੀ ਜਿਹੋ-ਜਿਹੇ ਵੀ ਸਨ, ਬਾਰੇ ਹਰ ਜੀਅ ਇਕ-ਦੋ ਸਫ਼ੇ ਜ਼ਰੂਰ ਲਿਖੇ ਜਾਂ ਲਿਖਵਾਏ ਤਾਂ ਜੋ ਉਨ੍ਹਾਂ ਦੇ ਸ਼ਰਧਾਂਜਲੀ ਪ੍ਰੋਗਰਾਮ ਸਮੇਂ ਹਾਜ਼ਰ ਹੋਣ ਵਾਲੇ ਵਿਅਕਤੀਆਂ ਨੂੰ ਲੱਡੂ ਜਾਂ ਪਤਾਸੇ ਦੇਣ ਦੀ ਵਜਾਏ ਉਨ੍ਹਾਂ ਦੀ ਯਾਦ ਵਿਚ ਛਪੀ ਕਿਤਾਬ ਭੇਂਟ ਕੀਤੀ ਜਾ ਸਕੇ। ਦਸ ਕੁ ਪਰਿਵਾਰਕ ਮੈਂਬਰਾਂ ਨੇ ਇਸ ਗੱਲ ਨੂੰ ਅਮਲੀਜਾਮਾ ਪਹਿਨਾ ਦਿੱਤਾ।

ਪਹਿਲੀ ਅਕਤੂਬਰ 2006 ਨੂੰ ਅਸੀਂ ਸ਼ਰਧਾਂਜਲੀ ਸਮਾਗਮ ਰੱਖ ਲਿਆ ਅਤੇ ਦਿਆਨੰਦ ਮੈਡੀਕਲ ਕਾਲਜ ਦੇ ਪ੍ਰੋਫ਼ੈਸਰਾਂ ਨੂੰ ਵੀ ਇਸ ਵਿਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ। ਬਹੁਤ ਸਾਰੇ ਵਿਅਕਤੀ ਇਸ ਦਿਨ ਆਏ। ਸਮਾਗਮ ਵਿਚ ਪਹੁੰਚੇ ਸੱਤ-ਅੱਠ ਬੁਲਾਰਿਆਂ ਨੇ ਵੀ ਪਿਤਾ ਜੀ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਹਸਪਤਾਲ ਦੇ ਡਾਕਟਰ ਅਜੇ ਨੇ ਉਨ੍ਹਾਂ ਦੀ ਪ੍ਰਯੋਗਸ਼ਾਲਾ ਲਈ ਮ੍ਰਿਤਕ ਦੇਹਾਂ ਦੀ ਘਾਟ ਦਾ ਜ਼ਿਕਰ ਕੀਤਾ ਅਤੇ ਨਾਲ ਹੀ ਦੱਸਿਆ ਕਿ ਮੈਡੀਕਲ ਕਾਲਜ ਨੂੰ ਪਿਛਲੇ 40 ਸਾਲਾਂ ਵਿਚ ਮਿਲਣ ਵਾਲੀ ਇਹ ਪਹਿਲੀ ਮ੍ਰਿਤਕ ਦੇਹ ਹੈ। ਇਸ ਪ੍ਰੋਗਰਾਮ ਦੌਰਾਨ ਸਾਡੇ ਪਰਿਵਾਰ ਵਲੋਂ ਪਿਤਾ ਜੀ ਦੀਆਂ ਯਾਦਾਂ ਬਾਰੇ ਪ੍ਰਕਾਸ਼ਤ ਕੀਤੀ ਕਿਤਾਬ 'ਇਕ ਵਗਦਾ ਦਰਿਆ' ਵੀ ਵੰਡ ਗਈ। ਸ਼ਰਧਾਂਜਲੀ ਪ੍ਰੋਗਰਾਮ ਤੋਂ ਬਾਅਦ ਡਾਕਟਰ ਸਾਹਿਬ ਸਾਨੂੰ ਕਹਿਣ ਲੱਗੇ ਕਿ ਸਰੀਰ ਦਾਨ ਕਰਨ ਦੀ ਪਰੰਪਰਾ ਨੂੰ ਅੱਗੇ ਵਧਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਹੋਰ ਸੁਝਾਵਾਂ ਤੋਂ ਇਲਾਵਾ ਮੈਂ ਉਨ੍ਹਾਂ ਨੂੰ ਕਿਹਾ ਕਿ ਜਿਸ ਦਿਨ ਅਸੀਂ ਦੇਹ ਲੈ ਕੇ ਤੁਹਾਡੇ ਕੋਲ ਪੁੱਜੇ ਸਾਂ ਵਧੀਆ ਗੱਲ ਹੁੰਦੀ ਜੇ ਦੋ-ਤਿੰਨ ਡਾਕਟਰ ਉਸ ਸਮੇਂ ਉਥੇ ਹਾਜ਼ਰ ਹੁੰਦੇ ਅਤੇ ਮ੍ਰਿਤਕ ਦੇਹ ਨੂੰ ਸਤਿਕਾਰ ਸਹਿਤ ਪ੍ਰਾਪਤ ਕਰਦੇ। ਇਸ ਨਾਲ ਇਸ ਰਿਵਾਇਤ ਨੂੰ ਅੱਗੇ ਤੋਰਨ ਲਈ ਮ੍ਰਿਤਕ ਦੇਹ ਛੱਡਣ ਆਏ ਵਿਅਕਤੀਆਂ ਨੂੰ ਬਲ ਮਿਲਦਾ ਹੈ। ਡਾਕਟਰ ਨੇ ਅਜਿਹਾ ਕਰਨ ਦਾ ਵਾਅਦਾ ਕੀਤਾ।

ਮਹਿਲਾ ਕਲਾਂ ਐਕਸ਼ਨ ਕਮੇਟੀ ਦੇ ਕਨਵੀਨਰ ਨਰੈਣ ਦੱਤ ਜੀ ਦੇ ਪਿਤਾ ਜੀ ਵੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਮ੍ਰਿਤਕ ਦੇਹ ਦਾਨ ਕਰਨ ਲਈ ਆਪਣੇ ਭੈਣਾਂ-ਭਰਾਵਾਂ ਨੂੰ ਰਜ਼ਾਮੰਦ ਕਰ ਲਿਆ। ਉਨ੍ਹਾਂ ਦੇ ਪਰਿਵਾਰ ਸਮੇਤ ਅਸੀਂ ਸਾਰੇ ਹਸਪਤਾਲ ਪੁੱਜ ਗਏ। ਸਾਨੂੰ ਸੰਤੁਸ਼ਟੀ ਹੋਈ ਕਿ ਡਾਕਟਰਾਂ ਦੀ ਟੀਮ ਨੇ ਉਸ ਦੇਹ ਨੂੰ ਸਤਿਕਾਰ ਨਾਲ ਪ੍ਰਾਪਤ ਕੀਤਾ ਅਤੇ ਉਸ ਤੋਂ ਬਾਅਦ ਸਾਨੂੰ ਸਾਰਿਆਂ ਨੂੰ ਇਕ ਕਾਨਫ਼ਰੰਸ ਰੂਮ ਵਿਚ ਲੈ ਗਏ। ਚਾਹ-ਪਾਣੀ ਦੇ ਨਾਲ ਉਨ੍ਹਾਂ ਨੇ ਐਮ.ਬੀ.ਬੀ.ਐਸ. ਵਿਦਿਆਰਥੀਆਂ ਨੂੰ ਉਸ ਮੌਕੇ ਇਕੱਠਾ ਕੀਤਾ ਹੋਇਆ ਸੀ। ਡਾਕਟਰਾਂ ਸਮੇਤ ਸਾਡੇ ਵਿਚੋਂ ਕਈ ਬੁਲਾਰੇ ਇਸ ਛੋਟੇ ਜਿਹੇ ਪ੍ਰੋਗਰਾਮ 'ਤੇ ਬੋਲੇ। ਹਰ ਇਕ ਦਾ ਵਿਸ਼ਾ ਇਹ ਸੀ ਕਿ ਇਸ ਰਿਵਾਇਤ ਨੂੰ ਹੋਰ ਅੱਗੇ ਕਿਵੇਂ ਤੋਰਿਆ ਜਾਵੇ? ਮੈਡੀਕਲ ਕਾਲਜ ਦੇ ਪ੍ਰਬੰਧਕਾਂ ਵਲੋਂ ਇਸ ਮੌਕੇ ਕੁੱਝ ਐਲਾਨ ਵੀ ਕੀਤੇ ਗਏ। ਪਹਿਲੀ ਗੱਲ ਜੋ ਉਨ੍ਹਾਂ ਨੇ ਕਹੀ ਕਿ ਅੱਜ ਤੋਂ ਬਾਅਦ ਜੋ ਵੀ ਪਰਿਵਾਰ ਮ੍ਰਿਤਕ ਦੇਹ ਦਾਨ ਵਿਚ ਦੇਵੇਗਾ, ਉਸ ਨੂੰ ਹਸਪਤਾਲ ਦੇ ਖ਼ਰਚੇ ਵਿਚੋਂ ਕੁੱਝ ਡਿਸਕਾਊਂਟ ਮਿਲਿਆ ਕਰੇਗਾ। ਪਰ ਅਸੀਂ ਇਸ ਗੱਲ ਨੂੰ ਰੱਦ ਕਰ ਦਿੱਤਾ, ਕਿਉਂਕਿ ਸਾਡੇ ਸਾਰੇ ਪਰਿਵਾਰ ਮ੍ਰਿਤਕ ਦੇਹਾਂ ਦਾਨ ਕਰਨ ਲਈ ਕੋਈ ਵੀ ਸੁਵਿਧਾ ਪ੍ਰਾਪਤ ਕਰਨੀ ਨਹੀਂ ਚਾਹੁੰਦੇ ਸੀ। ਹਸਪਤਾਲ ਵਾਲਿਆਂ ਨੇ ਇਹ ਵੀ ਐਲਾਨ ਕੀਤਾ ਕਿ ਅਗਾਹਾਂ ਤੋਂ ਮ੍ਰਿਤਕ ਦੇਹਾਂ ਅਸੀਂ ਖ਼ੁਦ ਆ ਕੇ ਪ੍ਰਾਪਤ ਕਰਿਆ ਕਰਾਂਗੇ। ਹਸਪਤਾਲ ਦੀ ਵੈਨ ਜਾਵੇਗੀ, ਦੇਹ ਨੂੰ ਲੈ ਕੇ ਆਵੇਗੀ।

ਕੁੱਝ ਦਿਨਾਂ ਬਾਅਦ ਹੀ ਜੋਧਪੁਰ ਦੇ ਸਾਬਕਾ ਸਰਪੰਚ ਕਾਮਰੇਡ ਅਮਰਜੀਤ ਦੀ ਮੌਤ ਹੋ ਗਈ। ਉਸ ਦਾ ਪੁੱਤਰ ਬਾਹਰਲੇ ਦੇਸ਼ ਵਿਚ ਸੀ। ਪਰਿਵਾਰ ਦਾ ਫ਼ੈਸਲਾ ਸੀ ਕਿ ਅਮਰਜੀਤ ਦੀ ਮ੍ਰਿਤਕ ਦੇਹ ਉਸ ਦੇ ਪੁੱਤਰ ਦੇ ਆਉਣ 'ਤੇ ਹੀ ਹਸਪਤਾਲ ਨੂੰ ਸੌਂਪੀ ਜਾਵੇਗੀ। ਇਸ ਲਈ ਦੇਹ ਨੂੰ ਕੁੱਝ ਦਿਨਾਂ ਵਾਸਤੇ ਫ਼ਰੀਜ਼ਰ ਵਿਚ ਰੱਖਣਾ ਪਿਆ। ਇਸ ਲਈ ਪਰਿਵਾਰ ਨੂੰ ਲੱਖਾਂ ਰੁਪਏ ਖ਼ਰਚ ਕਰਨੇ ਪਏ। ਹਸਪਤਾਲ ਵਾਲਿਆਂ ਨੂੰ ਸੂਚਿਤ ਕਰ ਦਿੱਤਾ ਗਿਆ। ਉਨ੍ਹਾਂ ਨੇ ਦੇਹ ਲਿਜਾਣ ਲਈ ਵੈਨ ਵੀ ਭੇਜ ਦਿੱਤੀ, ਪਰ ਪਰਿਵਾਰ ਦਾ ਫ਼ੋਨ ਆ ਗਿਆ ਕਿ ਸਾਡੇ ਪਰਿਵਾਰ ਦਾ ਸਭ ਤੋਂ ਮੁੱਖ ਬੰਦਾ ਮਰਿਆ ਹੋਵੇ ਤੇ ਉਸ ਦੇ ਸਰੀਰ ਨੂੰ ਅਸੀਂ ਟੁੱਟੀ ਜਿਹੀ ਵੈਨ ਵਿਚ ਪਾ ਕੇ ਰਵਾਨਾ ਕਰ ਦਈਏ ਇਹ ਗੱਲ ਸਾਨੂੰ ਸੋਭਾ ਨਹੀਂ ਦਿੰਦੀ। ਇਸ ਲਈ ਤੁਸੀਂ ਖ਼ੁਦ ਨਵੀਂ ਗੱਡੀ ਦਾ ਪ੍ਰਬੰਧ ਕਰ ਕੇ ਭੇਜੋ ਤਾਂ ਜੋ ਦੇਹ ਹਸਪਤਾਲ ਵਿਚ ਪਹੁੰਚਾਈ ਜਾਵੇ। ਸੋ ਇੰਝ ਹੀ ਕੀਤਾ ਗਿਆ ਅਤੇ ਤਰੁਟੀ ਹਸਪਤਾਲ ਵਾਲਿਆਂ ਦੇ ਧਿਆਨ ਵਿਚ ਵੀ ਲਿਆ ਦਿੱਤੀ। ਉਨ੍ਹਾਂ ਨੇ ਵਾਅਦਾ ਕੀਤਾ ਕਿ ਅਗਾਹਾਂ ਤੋਂ ਵਧੀਆ ਗੱਡੀ ਭੇਜੀ ਜਾਇਆ ਕਰੇਗੀ।

ਸੁਸਾਇਟੀ ਦੇ ਮੁੱਢਲੇ ਮੈਂਬਰਾਂ ਵਿਚੋਂ ਇਕ ਤੇਜਾ ਸਿੰਘ ਰੌਂਤੇ ਦੀ ਸੁਪਤਨੀ ਵੀ ਚੱਲ ਵਸੀ। ਉਹ ਕਹਿਣ ਲੱਗਿਆ ਕਿ ਮੈਂ ਇਹ ਦੇਹ ਹਸਪਤਾਲ ਨੂੰ ਦੇਣੀ ਤਾਂ ਚਾਹੁੰਦਾ ਹਾਂ, ਪਰ ਮੈਨੂੰ ਇਸ ਗੱਲ ਦਾ ਖ਼ਦਸਾ ਹੈ ਕਿ ਮੇਰੇ ਪੁੱਤਰਾਂ-ਧੀਆਂ ਨੂੰ ਕੋਈ ਇਸ ਗੱਲ ਦਾ ਨਹੋਰਾ ਨਾ ਮਾਰੇ ਕਿ ਅਸੀਂ ਤੁਹਾਡੀ ਮਾਂ ਨੂੰ ਨੰਗੀ ਹਾਲਤ ਵਿਚ ਦੇਖਿਆ ਹੈ। ਹਸਪਤਾਲ ਵਾਲਿਆਂ ਤੋਂ ਇਹ ਵਾਅਦਾ ਲਵੋ ਕਿ ਇਸ ਦੀ ਸ਼ਨਾਖ਼ਤ ਗੁਪਤ ਰੱਖੀ ਜਾਵੇ। ਸੋ ਅਜਿਹਾ ਹੀ ਕੀਤਾ ਗਿਆ। ਅਜਿਹਾ ਕਰਨ ਤੋਂ ਬਾਅਦ ਉਹ ਦੇਹ ਵੀ ਹਸਪਤਾਲ ਵਾਲਿਆਂ ਦੇ ਸਪੁਰਦ ਹੋ ਗਈ।

ਸਾਡੀ ਸੁਸਾਇਟੀ ਦਾ ਇਕ ਆਗੂ ਮਹਿਤਪੁਰ ਦਾ ਰਾਜਕੁਮਾਰ ਹੈ। ਉਸ ਦੀ ਮਾਤਾ ਜੀ ਵੀ ਸਦੀਵੀ ਵਿਛੋੜਾ ਦੇ ਗਏ। ਸਮੂਹ ਪਰਿਵਾਰ ਨੇ ਆਪਣੀ ਰਜ਼ਾਮੰਦੀ ਨਾਲ ਅੰਮ੍ਰਿਤਸਰ ਮੈਡੀਕਲ ਕਾਲਜ ਨੂੰ ਇਹ ਦੇਹ ਸੌਂਪ ਦਿੱਤੀ। ਦੂਸਰੇ ਦਿਨ ਹੀ ਮਹਿਤਪੁਰ ਦਾ ਫ਼ੋਨ ਆ ਗਿਆ। ਕਹਿਣ ਲੱਗਿਆ, "ਮਾਂ ਦੀ ਮੌਤ ਤੋਂ ਬਾਅਦ ਮੇਰਾ ਛੋਟਾ ਭਰਾ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਗਿਆ ਹੈ ਅਤੇ ਹਰ ਵੇਲੇ ਇਹ ਹੀ ਕਹਿ ਰਿਹਾ ਹੈ ਕਿ ਮੈਂ ਤਾਂ ਸਸਕਾਰ ਕਰਨਾ ਹੈ।'' ਉਸ ਦੀ ਮਾਨਸਿਕ ਉਲਝਣ ਕਿਵੇਂ ਦਰੁਸਤ ਕੀਤੀ ਜਾਵੇ। ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਮੈਂ ਮੈਡੀਕਲ ਕਾਲਜ ਦੇ ਮੁਖੀ ਨੂੰ ਇਹ ਦੇਹ ਵਾਪਸ ਭੇਜਣ ਦੀ ਬੇਨਤੀ ਕੀਤੀ। ਤਾਂ ਉਨ੍ਹਾਂ ਕਿਹਾ,"ਦਾਨ ਕੀਤੀ ਹੋਈ ਕੋਈ ਚੀਜ਼ ਕੋਈ ਵਿਅਕਤੀ ਕਦੇ ਵਾਪਸ ਨਹੀਂ ਮੰਗਦਾ। ਤੁਸੀਂ ਅਜਿਹੇ ਪਹਿਲੇ ਸਖ਼ਸ਼ ਹੋ।'' ਮੈਂ ਉਨ੍ਹਾਂ ਨੂੰ ਮਜ਼ਬੂਰੀ ਦੱਸੀ ਤਾਂ ਉਨ੍ਹਾਂ ਨੇ ਮ੍ਰਿਤਕ ਦੇਹ ਵਾਪਸ ਦੇਣ ਦਾ ਵਾਅਦਾ ਕੀਤਾ।

ਤਰਕਸ਼ੀਲ ਸੁਸਾਇਟੀ ਦੇ ਆਗੂ ਹਰਮੇਸ਼ ਛੀਨੀਵਾਲੀਆ ਦੀ ਨੂੰਹ ਗਰਭਵਤੀ ਸੀ। ਕਿਸੇ ਕਾਰਨ ਹਸਪਤਾਲ ਵਿਚ ਗਰਭ ਵਿਚਲੇ ਬੱਚੇ ਦੀ ਸੱਤਵੇਂ ਮਹੀਨੇ ਵਿਚ ਹੀ ਮੌਤ ਹੋ ਗਈ। ਉਹ ਵੀ ਕਹਿਣ ਲੱਗਿਆ ਕਿ ਵਧੀਆ ਹੋਵੇਗਾ ਜੇ ਅਸੀਂ ਇਸ ਬੱਚੇ ਦਾ ਸਰੀਰ ਵੀ ਹਸਪਤਾਲ ਨੂੰ ਸੌਂਪ ਸਕੀਏ। ਡਾਕਟਰਾਂ ਨੇ ਕਿਹਾ ਕਿ ਸਾਡੇ ਲਈ ਤਾਂ ਇਹ ਬਹੁਤ ਫ਼ਾਇਦੇਮੰਦ ਹੋਵੇਗਾ। ਸੋ ਇਹ ਦੇਹ ਵੀ ਅਸੀਂ ਹਸਪਤਾਲ ਨੂੰ ਦੇ ਆਏ। ਗੱਲ ਇਥੇ ਹੀ ਨਹੀਂ ਮੁਕਦੀ ਇਕ ਨਿਹੰਗ ਅਤੇ ਨਿਹੰਗਣੀ ਮੇਰੇ ਕੋਲ ਘਰ ਆਏ। ਕਹਿਣ ਲੱਗੇ, "ਅਸੀਂ ਦੋਵਾਂ ਨੇ ਫ਼ੈਸਲਾ ਕੀਤਾ ਹੈ ਕਿ ਸਾਡੇ ਵਿਚੋਂ ਜੋ ਵੀ ਪਹਿਲਾਂ ਮਰੇਗਾ, ਦੂਸਰਾ ਉਸ ਦਾ ਸਰੀਰ ਹਸਪਤਾਲ ਨੂੰ ਸੌਂਪੇਗਾ।'' ਮੈਂ ਉਨ੍ਹਾਂ ਦੀ ਇਸ ਇੱਛਾ ਦੀ ਪ੍ਰਸੰਸਾ ਕੀਤੀ। ਤਿੰਨ ਕੁ ਮਹੀਨਿਆਂ ਬਾਅਦ ਉਹ ਆਪਣੇ ਸਾਲ ਕੁ ਭਰ ਦੇ ਬੱਚੇ ਦਾ ਮ੍ਰਿਤਕ ਸਰੀਰ ਲੈ ਕੇ ਰਾਤ ਦੇ 9 ਵਜੇ ਮੇਰੇ ਘਰ ਆ ਗਏ। ਕਹਿਣ ਲੱਗੇ ਕਿ ਅਸੀਂ ਇਸ ਦਾ ਸਰੀਰ ਵੀ ਹਸਪਤਾਲ ਨੂੰ ਦਾਨ ਕਰਨਾ ਹੈ। ਬੱਚੇ ਦੀ ਮੌਤ ਹੋਈ ਨੂੰ ਅੱਠ ਘੰਟੇ ਤੋਂ ਉਪਰ ਸਮਾਂ ਹੋ ਚੁੱਕਿਆ ਸੀ ਅਤੇ ਅਗਾਹਾਂ ਵੀ ਰਾਤ ਉਪਰ ਪਈ ਸੀ। ਜਦੋਂ ਹਸਪਤਾਲ ਵਾਲਿਆਂ ਨਾਲ ਗੱਲ ਕੀਤੀ ਤਾਂ ਉਨ੍ਹਾ ਨੇ ਇਸ ਸਰੀਰ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਸੋ, ਬੱਚੇ ਦੀ ਲਾਸ਼ ਨੂੰ ਦਫ਼ਨਾਉਣਾ ਉਨ੍ਹਾਂ ਦੀ ਮਜ਼ਬੂਰੀ ਸੀ। ਦੋ ਕੁ ਸਾਲ ਬਾਅਦ ਜਦੋਂ ਇੱਕ ਦਿਨ ਮੈਂ ਬਰਨਾਲਾ ਸਟੇਸ਼ਨ 'ਤੇ ਗੱਡੀ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਉਹ ਨਿਹੰਗਣੀ ਮੈਨੂੰ ਵੇਖ ਕੇ ਮੇਰੇ ਕੋਲ ਆ ਗਈ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਬੰਦ ਹੋਣ ਦਾ ਨਾਮ ਨਹੀਂ ਲੈ ਰਹੇ ਸਨ। ਦਸ ਕੁ ਮਿੰਟ ਰੋਣ ਮਗਰੋਂ ਉਹ ਕੁੱਝ ਸ਼ਾਂਤ ਹੋਈ। ਮੈਂ ਉਸ ਨੂੰ ਰੋਣ ਦਾ ਕਾਰਨ ਪੁੱਛਿਆ। ਉਹ ਕਹਿਣ ਲੱਗੀ, "ਮੈਂ ਬਿਹਾਰ ਗਈ ਸਾਂ। ਪਿੱਛੋਂ ਨਿਹੰਗ ਚੱਲ ਵਸਿਆ। ਮੈਨੂੰ ਉਸ ਦੇ ਜਾਣ ਦਾ ਇਨ੍ਹਾਂ ਦੁੱਖ ਨਹੀਂ, ਜਿਨ੍ਹਾਂ ਇਸ ਗੱਲ ਦਾ ਹੈ ਕਿ ਮੈਂ ਉਸ ਨਾਲ ਕੀਤਾ ਸਰੀਰ ਦਾਨ ਕਰਨ ਦਾ ਵਾਅਦਾ ਪੂਰਾ ਨਾ ਕਰ ਸਕੀ।'' ਅੰਮ੍ਰਿਤਸਰ ਦੇ ਪਿੰਡ ਸ਼ੇਰੋਂ ਵਿਖੇ ਤਰਕਸ਼ੀਲ ਆਗੂ ਭਗਵਾਨ ਸਿੰਘ ਖਹਿਰਾ ਨੇ ਆਪਣੇ ਪਿੰਡ ਸ਼ੇਰੋਂ ਵਿਖੇ ਸਮਾਰੋਹ ਕਰਵਾ ਇਆ ਅਤੇ ਐਲਾਨ ਕੀਤਾ ਕਿ ਉਸ ਦੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਸਰੀਰ ਦਾਨ ਕਰਨ ਦਾ ਪ੍ਰਣ ਕੀਤਾ ਹੈ। ਦੇਹ ਦਾਨ ਦੀ ਇਹ ਪਰੰਪਰਾ ਅੱਜ ਲੋਕਾਂ ਵਿਚ ਏਨੀ ਪ੍ਰਚੱਲਤ ਹੋ ਗਈ ਹੈ ਕਿ ਅੱਜ ਪੰਜਾਬ ਦੇ ਸਾਰੇ ਮੈਡੀਕਲ ਕਾਲਜ ਵਿਚ ਮ੍ਰਿਤਕ ਦੇਹਾਂ ਸਮਰੱਥਾ ਨਾਲੋਂ ਵੱਧ ਹਨ। ਹੁਣ ਤਾਂ ਅਜਿਹੀਆਂ ਉਦਾਹਰਣਾਂ ਵੀ ਪ੍ਰਾਪਤ ਹੋਣ ਲੱਗ ਪਈਆਂ ਹਨ ਕਿ ਇਕ ਪਤੀ ਅਤੇ ਪਤਨੀ ਦੋਵਾਂ ਦੀ ਮ੍ਰਿਤਕ ਦੇਹ ਚੰਡੀਗੜ੍ਹ ਪੀ.ਜੀ.ਆਈ. ਵਿਚ ਪਈ ਹੈ। ਇਹ ਕਾਰਨਾਮਾ ਰਣਜੀਤ ਝੁਨੇਰ ਦੇ ਪਰਿਵਾਰ ਵਲੋਂ ਕੀਤਾ ਗਿਆ ਹੈ। ਅਸੀਂ ਇਸ ਪਰੰਪਰਾ ਨੂੰ ਅੱਗੇ ਵਧਾਉਣ ਲਈ ਬਾਹਰਲੇ ਸੂਬਿਆਂ ਵਿਚ ਵੀ ਮ੍ਰਿਤਕ ਦੇਹਾਂ ਭੇਜਣ ਦਾ ਉਪਰਾਲਾ ਕਰ ਰਹੇ ਹਾਂ। ਭਾਵੇਂ ਸੂਬਿਆਂ ਦੀਆਂ ਸਰਹੱਦਾਂ 'ਤੇ ਮ੍ਰਿਤਕ ਦੇਹਾਂ ਲਿਜਾਣ ਲਈ ਕਾਫ਼ੀ ਝੰਝਟ ਹੈ। ਇਸ ਤਰ੍ਹਾਂ ਸਰੀਰ ਦਾਨ ਦੀ ਇਹ ਪਰੰਪਰਾ ਅੱਜ ਘਰ-ਘਰ ਪਹੁੰਚ ਰਹੀ ਹੈ।

# 'ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ'



**ਮੇਜਰ ਸਿੰਘ ਨਾਭਾ**
91-94635-53962

'ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ' ਇਹ ਮਾਟੋ ਭਾਰਤੀ ਨਾਰੀ ਲਈ ਅੱਜ ਦੇ ਸਾਇੰਸ ਯੁੱਗ ਵਿੱਚ ਮਹੱਤਵਪੂਰਨ ਥਾਂ ਰੱਖਦਾ ਹੈ। ਭਾਰਤੀ ਨਾਰੀ ਦਾ ਗਹਿਣਿਆਂ ਨਾਲ ਲੱਦੇ ਜਾਣਾ ਪੁਰਾਤਨ ਰਵਾਇਤਾਂ ਅਨੁਸਾਰ ਅੱਜ ਵੀ ਪੜੇ ਲਿਖੇ ਯੁੱਗ ਵਿਚ ਪ੍ਰਚੱਲਤ ਹੈ। ਕੀ ਸੁੰਦਰਤਾ ਸਿਰਫ ਗਹਿਣਿਆਂ ਨਾਲ ਸ਼ਿੰਗਾਰ ਕਰਕੇ ਹੀ ਹੁੰਦੀ ਹੈ? ਇਹ ਪ੍ਰਸ਼ਨ ਅੱਜ ਦੀ ਨਾਰੀ ਸਾਹਮਣੇ ਵਿਚਾਰਨਯੋਗ ਹੈ। ਜਦੋਂ ਕਿ ਤੇਜ਼ ਰਫਤਾਰ ਯੁੱਗ ਵਿਚ ਬਾਹਰਲੇ ਦੇਸ਼ ਅਗਾਂਹ ਲੰਘ ਚੁੱਕੇ ਹਨ। ਗਹਿਣਿਆਂ ਦੇ ਜ਼ਿਆਦਾ ਨੁਕਸਾਨ ਹੀ ਹਨ, ਫਾਇਦੇ ਤਾਂ ਸ਼ਾਇਦ ਹੀ ਕੋਈ ਹੋਣ। ਗਹਿਣਿਆਂ ਦੇ ਸਿਲਸਿਲੇ ਵਿਚ ਪਰਿਵਾਰ ਦੀ ਆਰਥਿਕ ਦਸ਼ਾ ਕਮਜ਼ੋਰ ਹੋ ਜਾਂਦੀ ਹੈ। ਵਿਆਹ ਨੂੰ ਲੜਕੀ ਲਈ ਦੋਹਾਂ ਪਾਸਿਆਂ ਤੋਂ ਗਹਿਣੇ ਪਾਏ ਜਾਂਦੇ ਹਨ। ਇਸ ਤਰ੍ਹਾਂ ਪੈਸੇ ਦੀ ਬਰਬਾਦੀ ਹੁੰਦੀ ਹੈ। ਲੜਕੀ ਵਾਲੇ 'ਨੱਕ ਰੱਖਣ' ਕਰਕੇ ਆਪਣੇ ਵਿਤੋਂ ਬਾਹਰ ਹੋ ਕੇ ਗਹਿਣੇ ਬਣਵਾਉਂਦੇ ਹਨ। ਪਿੰਡਾਂ ਵਿਚ ਤਾਂ ਜ਼ਿਮੀਂਦਾਰ ਜ਼ਮੀਨਾਂ ਗਹਿਣੇ ਕਰਕੇ ਜਾਂ ਵੇਚ ਕੇ ਵਿਆਹ ਉਪਰ ਰੀਸੋ-ਰੀਸ ਇਕ ਦੂਜੇ ਤੋਂ ਵੱਧ ਪੈਸਾ ਖਰਚਦੇ ਹਨ ਜਿਹੜਾ ਕਿ ਜਿਆਦਾ ਗਹਿਣਿਆਂ ਉੱਪਰ ਖਰਚਿਆ ਜਾਂਦਾ ਹੈ। ਗਹਿਣੇ ਬਣਵਾ ਕੇ ਉਨ੍ਹਾਂ ਨੂੰ ਸੰਭਾਲਣ ਲਈ ਸਮੱਸਿਆ ਪੈਦਾ ਹੋ ਜਾਂਦੀ ਹੈ। ਅਗਰ ਕਿਸੇ ਕੋਲ ਜ਼ਿਆਦਾ ਕੀਮਤੀ ਗਹਿਣੇ ਹਨ ਤਾਂ ਉਸ ਨੂੰ ਰਾਤ ਨੂੰ ਚੋਰੀ ਦੇ ਡਰ ਕਾਰਨ ਨੀਂਦ ਵੀ ਨਹੀਂ ਆਉਂਦੀ । ਬਾਹਰ ਰਸਤੇ ਵਿਚ ਸਫਰ ਕਰਦੇ ਸਮੇਂ ਹਮੇਸ਼ਾ ਮਨ ਅੰਦਰ ਇਹੋ ਡਰ ਰਹੇਗਾ। ਬੱਸਾਂ, ਮੇਲਿਆਂ, ਭੀੜ-ਭੜੱਕੇ ਵਾਲੀਆਂ ਥਾਵਾਂ ਅੰਦਰ ਅਕਸਰ ਜ਼ਨਾਨੀਆਂ ਦੀਆਂ ਚੇਨੀਆਂ, ਗਲ ਦੇ ਹਾਰ, ਕੰਨਾਂ ਦੇ ਵਾਲੇ ਆਦਿ ਅੱਖ ਝਮਕਦਿਆਂ ਲਾਹੁਣ ਜਾਂ ਭੀੜ ਕਾਰਨ ਡਿੱਗਣ ਦੀਆਂ ਘਟਨਾਵਾਂ ਸਾਡੇ ਸਾਹਮਣੇ ਆਮ ਵਾਪਰਦੀਆਂ ਹਨ। ਗਹਿਣੇ ਅਕਸਰ ਭੁੱਖੇ ਮਰ ਰਹੇ ਬੰਦੇ ਨੂੰ ਚੋਰੀ ਅਤੇ ਲੁੱਟ ਲਈ ਉਕਸਾਉਂਦੇ ਹਨ । ਕਈ ਜ਼ਨਾਨੀਆਂ ਗਿਰੋਹ ਬਣਾ ਕੇ ਅਕਸਰ ਬੱਸਾਂ ਅਤੇ ਹੋਰ ਜਨਤਕ ਥਾਵਾਂ ਅੰਦਰ ਗਹਿਣੇ ਚੁਰਾਉਣ ਜਾਂ ਲਾਹੁਣ ਦੀ ਭਾਲ ਵਿਚ ਫਿਰਦੀਆਂ ਰਹਿੰਦੀਆਂ ਹਨ। ਸਾਨੂੰ ਆਪਣੇ ਅੰਦਰ ਝਾਤ ਮਾਰ ਕੇ ਵੇਖਣਾ ਚਾਹੀਦਾ ਹੈ ਕਿ ਕੀ ਅਸੀਂ ਚੋਰ ਅਤੇ ਲੁਟੇਰੇ ਬਣਾਉਣ ਵਿਚ ਜ਼ਿੰਮੇਵਾਰ ਤਾਂ ਨਹੀਂ?

ਗਹਿਣੇ ਪਾਉਣ ਨਾਲ ਕੰਮ-ਕਾਰ ਕਰਨ ਵਿਚ ਰੁਕਾਵਟ ਪੈਂਦੀ ਹੈ। ਇਕ ਸਾਦਾ ਇਸਤਰੀ ਫੈਕਟਰੀ ਵਿਚ ਜਾਂ ਕਿਤੇ ਵੀ ਹੱਥ ਨਾਲ ਕੰਮ ਕਰਨ ਸਮੇਂ ਲਾਜ਼ਮੀ ਵੱਧ ਕੰਮ ਕਰੇਗੀ। ਗਹਿਣੇ ਮਨ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ। ਗਹਿਣੇ ਛਣਕਦੇ ਰਹਿਣ ਕਾਰਨ ਦਫਤਰੀ ਕੰਮ-ਕਾਰ ਵਿਚ ਵਿਘਨ ਪੈਂਦਾ ਹੈ । ਦੂਸਰਿਆਂ ਦਾ ਧਿਆਨ ਵੀ ਖਿੱਚਿਆ ਜਾਂਦਾ ਹੈ। ਮਰਦ ਮੁਲਾਜ਼ਮਾਂ ਨੂੰ ਗਹਿਣਿਆਂ ਦੇ ਛਣਕਣ ਦੀ ਆਵਾਜ਼ ਮੱਲੋ-ਮੱਲੀ ਉਕਸਾਉਂਦੀ ਹੈ ਜਿਸ ਨਾਲ ਕੰਮ 'ਚ ਰੁਕਾਵਟ ਪੈਦਾ ਹੁੰਦੀ ਹੈ। ਹਰ ਸਮੇਂ ਗਹਿਣੇ ਪਾਉਣ ਨਾਲ ਇਹ ਘਸਦੇ ਰਹਿੰਦੇ ਹਨ। ਕਈ ਵਾਰੀ ਟੁੱਟ ਵੀ ਜਾਂਦੇ ਹਨ। ਇਸ ਤਰ੍ਹਾਂ ਦੁਬਾਰਾ- ਦੁਬਾਰਾ ਬਣਾਉਣ ਨਾਲ ਇਹ ਸੁਨਿਆਰੇ ਜੋਗੇ ਹੀ ਰਹਿ ਜਾਂਦੇ ਹਨ। ਇਨ੍ਹਾਂ ਦੀ ਕੀਮਤ ਤੇ ਵਜ਼ਨ ਘੱਟ ਜਾਂਦਾ ਹੈ। ਅੱਜ-ਕੱਲ੍ਹ ਸੋਨੇ ਦੇ ਗਹਿਣਿਆਂ ਦੀ ਨਕਲ ਵੀ ਚੱਲ ਪਈ ਹੈ। ਨਕਲੀ ਅਤੇ ਅਸਲੀ ਦਾ ਪਤਾ ਨਹੀਂ ਲਗਦਾ ਤੇ ਕਈ ਵਾਰੀ ਹੇਰਾ-ਫੇਰੀ ਵੀ ਹੋ ਜਾਂਦੀ ਹੈ। ਗਹਿਣਿਆਂ'ਤੇ ਹਰ ਕੋਈ ਅੱਖ ਰੱਖਦਾ ਹੈ। ਅਖਬਾਰਾਂ ਵਿਚ ਅਕਸਰ ਜ਼ਨਾਨੀਆਂ ਤੋਂ ਪਾਂਡੇ, ਜੋਤਸ਼ੀ ਅਤੇ ਸਿਆਣਿਆਂ ਵੱਲੋਂ ਗਹਿਣੇ ਲੁੱਟ ਕੇ ਫਰਾਰ ਹੋਣ ਦੀਆਂ ਖਬਰਾਂ ਪੜ੍ਹਦੇ ਹਾਂ। ਭੋਲੀਆਂ ਜ਼ਨਾਨੀਆਂ ਗੱਲਾਂ ਵਿਚ ਆ ਕੇ ਸਾਰੇ ਗਹਿਣੇ ਉਤਾਰ ਕੇ ਜਾਂ ਅੰਦਰੋਂ ਕੱਢ ਕੇ ਬਾਬੇ ਨੂੰ ਦੇ ਦਿੰਦੀਆਂ ਹਨ । ਬਾਬਾ ਦੁੱਗਣਾ ਕਰਨ ਦਾ ਲਾਲਚ ਦੇ ਕੇ ਰਫੂ-ਚੱਕਰ ਹੋ ਜਾਂਦਾ ਹੈ। ਬਾਅਦ ਵਿਚ ਇਹੋ ਜਿਹਿਆਂ ਜ਼ਨਾਨੀਆਂ ਫਿਕਰ ਵਿਚ ਮਾਨਸਿਕ ਰੋਗਾਂ ਦੀ ਜਕੜ ਵਿਚ ਆ ਜਾਂਦੀਆਂ ਹਨ।

ਬੱਚਿਆਂ ਅੰਦਰ ਗਹਿਣਿਆਂ ਦਾ ਸ਼ੌਕ ਵੱਡਿਆਂ ਨੂੰ ਦੇਖ ਕੇ ਕੁਦਰਤੀ ਹੋ ਜਾਂਦਾ ਹੈ। ਕਈ ਮਾਪੇ ਸਕੂਲੀ ਬੱਚਿਆਂ ਨੂੰ ਲਾਡ-ਲਾਡ ਵਿਚ ਗਹਿਣੇ ਪਾਉਣ ਦੀ ਆਦਤ ਪਾ ਦਿੰਦੇ ਹਨ। ਇਹ ਬੱਚੇ ਪਹਿਲਾਂ ਤਾਂ ਫੈਸ਼ਨ ਮੁਤਾਬਿਕ ਡੁਪਲੀਕੇਟ ਗਹਿਣੇ ਪਾਉਂਦੇ ਹਨ ਪਰ ਬਾਅਦ ਵਿਚ ਅਸਲੀ ਗਹਿਣੇ ਮੰਗਣ ਲੱਗ ਪੈਂਦੇ ਹਨ। ਇਹੋ ਜਿਹੇ ਰੁਝਾਨ ਕਾਰਨ ਪੜ੍ਹਾਈ ਵੱਲੋਂ ਉਨ੍ਹਾਂ ਬੱਚਿਆਂ ਦਾ ਧਿਆਨ ਪਾਸੇ ਚਲਾ ਜਾਂਦਾ ਹੈ। ਅਗਰ ਸਕੂਲ ਅਧਿਆਪਕਾਂ ਦੇ ਗਹਿਣੇ ਪਾਏ ਹੋਣਗੇ, ਸੁਭਾਵਿਕ ਹੀ ਬੱਚੇ ਉੱਪਰ ਇਸ ਦਾ ਪ੍ਰਭਾਵ ਪਵੇਗਾ। ਬੱਚਿਆਂ ਦਾ ਧਿਆਨ ਵੀ ਪੜ੍ਹਾਈ ਵਿਚ ਨਹੀਂ ਲੱਗੇਗਾ।

ਸਾਦਗੀ ਗਹਿਣਿਆਂ ਨਾਲੋਂ ਕਿਤੇ ਵੱਧ ਪ੍ਰਭਾਵਿਤ ਕਰਦੀ ਹੈ ਬਸ਼ਰਤੇ ਕਿ ਔਰਤ ਬਾਕੀ ਗੁਣਾਂ ਨਾਲ ਮਾਲੋ-ਮਾਲ ਹੋਵੇ । ਤਿੱਖੇ ਨੈਣ-ਨਕਸ਼, ਗੋਰਾ ਰੰਗ, ਸੁਹੱਪਣਤਾ ਦਾ ਜ਼ਰੂਰ ਪ੍ਰਤੀਕ ਹਨ ਪਰ ਸ਼ਖਸੀਅਤ ਦਾ ਪ੍ਰਭਾਵ ਅੰਦਰਲੇ ਗੁਣਾਂ ਕਰਕੇ ਹੀ ਪੈਂਦਾ ਹੈ। ਨੈਣ-ਨਕਸ਼ ਤੇ ਰੰਗ-ਰੂਪ ਜੋ ਕੁਦਰਤ ਨੇ ਦਿੱਤੇ ਹਨ ਉਨ੍ਹਾਂ ਨੂੰ ਹੀ ਸਵੀਕਾਰ ਕਰਨਾ ਚਾਹੀਦਾ ਹੈ ਨਾ ਕਿ ਬਿਊਟੀ ਪਾਰਲਰਾਂ ਵਿਚ ਜਾ ਕੇ ਉਨ੍ਹਾਂ ਵਿਚ ਤਬਦੀਲੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਬਾਅਦ ਵਿਚ ਸਮਾਂ ਬੀਤਣ ਨਾਲ ਚਿਹਰੇ ਦੀ ਚਮੜੀ ਹੋਰ ਵੀ ਖਰਾਬ ਹੋ ਜਾਂਦੀ ਹੈ। ਇਹੋ ਜਿਹੀਆਂ ਆਦਤਾਂ ਪਾਉਣਾ ਜ਼ਿੰਦਗੀ ਨੂੰ ਨੀਰਸ ਬਣਾਉਣ ਤੋਂ ਸਿਵਾਏ ਕੁਝ ਪੱਲੇ ਨਹੀਂ ਪਾਉਂਦੀਆਂ। ਸਾਦਗੀ ਵਿਚ ਰਹਿ ਰਹੀਆਂ ਔਰਤਾਂ ਮਾਨਸਿਕ ਸ਼ਾਂਤੀ ਦਾ ਆਨੰਦਮਈ ਜੀਵਨ ਬਤੀਤ ਕਰਦੀਆਂ ਹਨ। ਪਹਿਰਾਵਾ, ਗੱਲਬਾਤ ਦਾ ਢੰਗ, ਸੁਭਾਅ ਅਤੇ ਕਿੱਤਾ ਆਦਿ ਸ਼ਖਸੀਅਤ ਨੂੰ ਚੰਗਾ ਬਣਾਉਣ ਲਈ ਸਹਾਈ ਹੁੰਦੇ ਹਨ ਨਾ ਕਿ ਗਹਿਣੇ ।

# ਖਡੂਰ ਸਾਹਿਬ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਦੀ ਪ੍ਰਕਿਰਿਆ ਆਰੰਭ ਹੋਈ

**ਚੰਡੀਗੜ੍ਹ-** ਪੰਜਾਬ ਦੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਲਈ ਨਾਮਜ਼ਦਗੀ ਪੱਤਰ 20 ਜਨਵਰੀ ਤੋਂ ਦਾਖਲ ਅਰੰਭ ਹੋ ਗਏ ਹਨ। ਚੋਣ ਕਮਿਸ਼ਨ ਵੱਲੋਂ ਭਲਕੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ ਤੇ ਉਮੀਦਵਾਰ 11 ਵਜੇ ਤੋਂ 3 ਵਜੇ ਤੱਕ ਕਾਗਜ਼ ਦਾਖਲ ਕਰ ਸਕਣਗੇ। ਨਾਮਜ਼ਦ-ਗੀਆਂ ਦਾਖ਼ਲ ਕਰਨ ਦੀ ਅੰਤਿਮ ਮਿਤੀ 27 ਜਨਵਰੀ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 28 ਜਨਵਰੀ ਨੂੰ ਕੀਤੀ ਜਾਵੇਗੀ। ਕਾਗਜ਼ ਵਾਪਸ ਲੈਣ ਦੀ ਅੰਤਿਮ ਮਿਤੀ 30 ਜਨਵਰੀ ਹੋਵੇਗੀ। ਇਸ ਹਲਕੇ ਤੋਂ ਵਿਧਾਇਕ ਦੀ ਚੋਣ ਲਈ 13 ਫਰਵਰੀ ਨੂੰ ਵੋਟਾਂ ਪੈਣਗੀਆਂ ਤੇ 16 ਫਰਵਰੀ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਕਮਿਸ਼ਨ ਦੇ ਬੁਲਾਰੇ ਅਨੁਸਾਰ ਵੋਟਿੰਗ ਦਾ ਸਮਾਂ ਸਵੇਰੇ 8 ਵਜੇ ਤੋਂ ਲੈਕੇ ਸ਼ਾਮ 5 ਵਜੇ ਤੱਕ ਹੋਵੇਗਾ। ਨਾਮਜ਼ਦਗੀਆਂ ਉਪ ਮੰਡਲ ਮੈਜਿਸਟਰੇਟ ਖਡੂਰ ਸਾਹਿਬ, ਜੋ ਕਿ ਖਡੂਰ ਸਾਹਿਬ ਅਸੈਂਬਲੀ ਹਲਕੇ ਦੇ ਰਿਟਰਨਿੰਗ ਅਧਿਕਾਰੀ ਵੀ ਹਨ, ਕੋਲ 20 ਤੋਂ 27 ਜਨਵਰੀ ਤੱਕ ਜਨਤਕ ਛੁੱਟੀ ਛੱਡ ਕੇ ਕਿਸੇ ਵੀ ਦਿਨ ਸਵੇਰੇ 11 ਵਜੇ ਤੋਂ ਦੁਪਹਿਰ ਤਿੰਨ ਵਜੇ ਤੱਕ ਦਾਖ਼ਲ ਕੀਤੀਆਂ ਜਾ ਸਕਦੀਆਂ ਹਨ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਿੱਤੇ ਕਾਂਗਰਸ ਦੇ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਵੱਲੋਂ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਇਸ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਕਰਵਾਈ ਜਾ ਰਹੀ ਹੈ।

# ਇੱਕ ਸੁਆਲ : ਅਰਦਾਸ ਪੂਰੀ ਕਿਉਂ ਨਹੀਂ ਹੁੰਦੀ?



ਜਸਵੰਤ ਸਿੰਘ 'ਅਜੀਤ'
91-98827-19890

ਕੁਝ ਸਮਾਂ ਹੋਇਐ, ਸਿੱਖ ਧਰਮ ਦੇ ਇਕ ਪ੍ਰਮੁੱਖ ਵਿਦਵਾਨ ਪ੍ਰਚਾਰਕ ਅਤੇ ਗੁਰ-ਸ਼ਬਦ ਦੇ ਵਿਆਖਿਆਕਾਰ ਇਕ ਨਿਜੀ ਟੀਵੀ ਚੈਨਲ 'ਤੇ ਗੁਰ-ਸ਼ਬਦ ਦੀ ਵਿਆਖਿਆ ਕਰ ਰਹੇ ਸਨ। ਉਨ੍ਹਾਂ ਗੁਰ-ਸ਼ਬਦ ਦੀ ਵਿਆਖਿਆ ਕਰਦਿਆਂ ਅਚਾਨਕ ਹੀ ਇਹ ਸੁਆਲ ਉਠਾ ਦਿੱਤਾ ਕਿ ਬੀਤੇ ਛੇ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਹਰ ਇਤਿਹਾਸਕ, ਗੈਰ-ਇਤਿਹਾਸਕ (ਸਿੰਘ ਸਭਾ) ਗੁਰਦੁਆਰੇ ਅਤੇ ਹਰ ਸਿੱਖ ਘਰ ਵਿੱਚ, ਰੋਜ਼ ਘਟੋ-ਘਟ ਦੋ ਵਾਰ, ਸਵੇਰੇ ਅਤੇ ਸ਼ਾਮ ਇਹ ਅਰਦਾਸ ਕੀਤੀ ਜਾਂਦੀ ਚਲੀ ਆ ਰਹੀ ਹੈ ਕਿ 'ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ!' ਕਈ ਵਾਰ ਇਹ ਅਰਦਾਸ ਦੋ ਵਾਰ ਤੋਂ ਵੱਧ ਵੀ ਕੀਤੀ ਜਾਂਦੀ ਹੈ। ਉਨ੍ਹਾਂ ਪੁਛਿਆ ਕਿ ਇਹ ਅਰਦਾਸ ਇਤਨੇ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਹੈ, ਫਿਰ ਵੀ ਇਹ ਪੂਰੀ ਕਿਉਂ ਨਹੀਂ ਹੋ ਰਹੀ? ਜਦਕਿ ਸਿੱਖ ਧਰਮ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਅਕਾਲ ਪੁਰਖ ਦੇ ਚਰਨਾਂ ਵਿੱਚ ਵਿਸ਼ਵਾਸ, ਸ਼ੁਭ ਭਾਵਨਾ ਨਾਲ ਅਤੇ ਸੱਚੇ ਦਿਲੋਂ ਕੀਤੀ ਜਾਂਦੀ ਹਰ ਅਰਦਾਸ ਪੂਰੀ ਹੁੰਦੀ ਹੈ। ਫਿਰ ਉਨ੍ਹਾਂ ਆਪ ਹੀ ਆਪਣੇ ਇਸ ਸੁਆਲ ਦਾ ਜੁਆਬ ਦਿੰਦਿਆਂ ਕਿਹਾ ਕਿ ਸਾਡਾ ਕੰਮ ਅਰਦਾਸ ਕਰਨਾ ਹੈ, ਉਸਨੂੰ ਪੂਰਿਆਂ ਕਰਨਾ ਜਾਂ ਨਾ ਕਰਨਾ ਅਕਾਲ ਪੁਰਖ ਦੇ ਆਪਣੇ ਹੱਥ ਵਿੱਚ ਹੈ। ਉਨ੍ਹਾਂ ਦੇ ਇਸ ਸੁਆਲ ਅਤੇ ਜੁਆਬ ਨਾਲ ਮਨ ਨੂੰ ਤਸਲੀ ਨਹੀਂ ਹੋਈ ਤੇ ਇਸ ਸਬੰਧੀ ਭਰਮ ਬਣਿਆ ਰਿਹਾ। ਇਸੇ ਕਾਰਣ ਉਨ੍ਹਾਂ ਦੇ ਸੁਆਲ ਅਤੇ ਜੁਆਬ ਦੇ ਸਬੰਧ ਵਿੱਚ ਕੁਝ ਧਾਰਮਕ ਨਿਸ਼ਠਾ ਰਖਣ ਵਾਲੇ ਸਜਣਾਂ ਨਾਲ ਗਲ ਕੀਤੀ ਗਈ ਤਾਂ ਉਨ੍ਹਾਂ ਦਸਿਆ ਕਿ ਪੂਰੇ ਵਿਸ਼ਵਾਸ, ਨਿਸ਼ਠਾ ਅਤੇ ਸ਼ੁਭ ਭਾਵਨਾ ਨਾਲ ਕੀਤੀ ਜਾਂਦੀ ਅਰਦਾਸ ਕਦੀ ਵੀ ਬਿਰਥੀ ਨਹੀਂ ਜਾਂਦੀ। ਉਹ ਜ਼ਰੂਰ ਪੂਰੀ ਹੁੰਦੀ ਹੈ, ਕਿਉਂਕਿ ਸਤਿਗੁਰਾਂ ਦਾ ਆਪਣਾ ਬਚਨ ਹੈ : 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ'। ਉਨ੍ਹਾਂ ਦੇ ਇਹ ਵਿਚਾਰ ਸੁਣ, ਉਨ੍ਹਾਂ ਕੋਲੋਂ ਇਹ ਪੁਛੇ ਬਿਨਾਂ ਰਿਹਾ ਨਾ ਜਾ ਸਕਿਆ ਕਿ ਤਾਂ ਫਿਰ ਬੀਤੇ ਛੇ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਹਰ ਗੁਰਦੁਆਰੇ ਅਤੇ ਹਰ ਸਿੱਖ ਘਰ ਰੋਜ਼ ਦੋ ਵਾਰ ਤੋਂ ਵੀ ਵੱਧ ਵਾਰ ਕੀਤੀ ਜਾ ਰਹੀ ਇਹ ਅਰਦਾਸ ਕਿ 'ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ!' ਕਿਉਂ ਪੂਰੀ ਨਹੀਂ ਹੋ ਰਹੀ?

ਇਹ ਸੁਆਲ ਸੁਣ, ਉਹ ਕਾਫੀ ਦੇਰ ਚੁਪ ਰਹਿ ਸੋਚਾਂ ਵਿੱਚ ਡੁਬੇ ਰਹੇ। ਇਉਂ ਜਾਪਦਾ ਸੀ ਜਿਵੇਂ ਉਹ ਆਪਣੇ ਦਿਲ ਵਿੱਚ ਵਿਚਾਰਾਂ ਦਾ ਮੰਥਨ ਕਰ, ਸੁਆਲ ਦਾ ਜੁਆਬ ਤਲਾਸ਼ ਰਹੇ ਹਨ। ਕੁਝ ਸਮੇਂ ਬਾਅਦ ਉਨ੍ਹਾਂ ਆਪਣੀ ਚੁਪ ਤੋੜੀ ਤੇ ਕਹਿਣਾ ਸ਼ੁਰੂ ਕੀਤਾ ਕਿ ਜੇ ਗੰਭੀਰਤਾ ਨਾਲ ਸੋਚੀਏ ਤਾਂ ਇਹ ਗਲ ਪ੍ਰਤੱਖ ਹੋ ਜਾਂਦੀ ਹੈ ਕਿ ਇਹ ਅਰਦਾਸ ਸਿੱਖੀ ਜੀਵਨ ਵਿੱਚ ਇਕ ਅਜਿਹੀ ਰਸਮ ਜਿਹੀ ਬਣ ਗਈ ਹੋਈ ਹੈ, ਜੋ ਸਾਡੇ ਲਈ ਅਰਦਾਸ ਕਰਦਿਆਂ ਨਿਭਾਉਣੀ ਬਹੁਤ ਜ਼ਰੂਰੀ ਹੋ ਗਈ ਹੋਈ ਹੈ। ਕੋਈ ਮੌਕਾ ਹੋਵੇ, ਖੁਸ਼ੀ ਦਾ ਹੋਵੇ ਜਾਂ ਗ਼ਮੀਂ ਦਾ, ਅਰਦਾਸ ਕਰਦਿਆਂ ਇਹ ਰਸਮ ਜ਼ਰੂਰ ਪੂਰੀ ਕੀਤੀ ਜਾਂਦੀ ਹੈ। ਹਰ ਕੋਈ ਸਹਿਜੇ ਹੀ ਸਮਝ ਸਕਦਾ ਹੈ ਕਿ ਰਸਮੀ ਤੌਰ ਤੇ ਕੀਤੀ ਗਈ ਅਰਦਾਸ ਜਾਂ ਬੇਨਤੀ ਕਦੀ ਪ੍ਰਵਾਨ ਨਹੀਂ ਹੋ ਸਕਦੀ। ਜੇ ਅਰਦਾਸ ਪ੍ਰਵਾਨ ਹੀ ਨਹੀਂ ਹੋ ਰਹੀ ਤਾਂ ਫਿਰ ਪੂਰਿਆਂ ਕਿਵੇਂ ਹੋ ਸਕੇਗੀ?

ਉਨ੍ਹਾਂ ਵਿਚੋਂ ਹੀ ਇਕ ਸੱਜਣ ਨੇ ਦਸਿਆ ਕਿ ਕਾਫ਼ੀ ਸਮਾਂ ਹੋਇਐ, ਪੰਜਾਬ ਦੇ ਉਸ ਸਮੇਂ ਦੇ ਤੇ ਹੁਣ ਦੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਸ ਸਮੇਂ ਦੇ ਪ੍ਰਧਾਨ ਅਤੇ ਵਰਤਮਾਨ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਜਦੋਂ ਪਾਕਿਸਤਾਨ ਗਏ ਸਨ ਤਾਂ ਉਨ੍ਹਾਂ ਪਾਕਿਸਤਾਨੀ ਅਧਿਕਾਰੀਆਂ ਨਾਲ ਗਲ ਕਰਦਿਆਂ, ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਸੀ। ਜਿਸਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚੋਂ ਹੀ ਇੱਕ ਨੇ ਮੁਸਕੁਰਾਉਂਦਿਆਂ ਜਵਾਬ ਦਿਤਾ ਕਿ ਭਾਰਤ ਵਿਚਲੇ ਜਿਹੜੇ ਗੁਰਦੁਆਰੇ ਤੁਹਾਡੇ ਪ੍ਰਬੰਧ ਹੇਠ ਹਨ, ਉਨ੍ਹਾਂ ਦਾ ਪ੍ਰਬੰਧ ਤਾਂ ਤੁਹਾਡੇ ਪਾਸੋਂ ਚੰਗੀ ਤਰ੍ਹਾਂ ਹੁੰਦਾ ਨਹੀਂ। ਉਨ੍ਹਾਂ ਦੇ ਹੀ ਪ੍ਰਬੰਧ ਤੇ ਸੇਵਾ-ਸੰਭਾਲ ਦੇ ਮੁੱਦੇ ਨੂੰ ਲੈ ਕੇ ਤੁਸੀਂ ਆਪੋ ਵਿੱਚ ਲੜਦੇ-ਭਿੜਦੇ ਰਹਿੰਦੇ ਹੋ। ਪਾਕ ਵਿਚਲੇ ਗੁਰਦੁਆਰਿਆਂ ਦਾ ਵੀ ਪ੍ਰਬੰਧ ਲੈ, ਕਿਉਂ ਆਪਣੇ ਲਈ ਨਵੀਂ ਲੜਾਈ ਸਹੇੜਨਾ ਚਾਹੁੰਦੇ ਹੋ? ਦਸਿਆ ਗਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੀ ਇਸ ਗਲ ਦਾ ਕੋਈ ਜੁਆਬ ਨਹੀਂ ਦੇ ਸਕੇ। ਉਨ੍ਹਾਂ ਨੇ ਇਹ ਗਲ ਦਸ ਕੇ ਕਿਹਾ ਕਿ ਇਸ ਗਲ ਵਿਚ ਕਿਤਨੀ-ਕੁ ਸੱਚਾਈ ਹੈ, ਇਸ ਬਾਰੇ ਸ. ਪ੍ਰਕਾਸ਼ ਸਿੰਘ ਬਾਦਲ ਜਾਂ ਪਾਕਿਸਤਾਨ ਦੇ ਸਬੰਧਤ ਅਧਿਕਾਰੀ ਹੀ ਦਸ ਸਕਦੇ ਹਨ, ਪਰ ਇਸ ਵਿਚ ਪਾਕਿਸਤਾਨ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾ ਸੌਂਪੇ ਜਾਣ ਦੇ ਸਬੰਧ ਵਿਚ ਜੋ ਦਲੀਲ ਦਿਤੀ ਗਈ ਦਸੀ ਜਾ ਰਹੀ ਹੈ, ਉਸ ਵਿਚਲੀ ਸੱਚਾਈ ਨੂੰ ਤਾਂ ਨਕਾਰਿਆ ਨਹੀਂ ਜਾ ਸਕਦਾ।

ਇਸਦੇ ਨਾਲ ਹੀ ਉਨ੍ਹਾਂ ਕਿਹਾ, ਕਿ ਜੇ ਇਸ ਗਲ ਨੂੰ ਇਕ ਪਾਸੇ ਵੀ ਰਖ ਦਿੱਤਾ ਜਾਏ ਤਾਂ ਵੀ ਵਿਚਾਰਨ ਵਾਲੀ ਗਲ ਇਹ ਹੈ ਕਿ ਅਰਦਾਸ ਵਿੱਚ ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾਂਦੀ ਚਲੀ ਆ ਰਹੀ ਹੈ। ਇਹ ਮੰਗ ਕਰਦਿਆਂ ਸ਼ਾਇਦ ਕਿਸੇ ਦਾ ਧਿਆਨ ਇਸ ਪਾਸੇ ਨਹੀਂ ਜਾਂਦਾ ਕਿ 'ਦਰਸ਼ਨ-ਦੀਦਾਰ' ਤੇ 'ਸੇਵਾ-ਸੰਭਾਲ' ਦੀ ਜ਼ਿਮੇਂਦਾਰੀ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਸੁਆਲ ਉਠਦਾ ਹੈ ਕਿ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਕਿਸੇ ਹੋਰ ਧਾਰਮਕ ਸਿੱਖ ਜਥੇਬੰਦੀ ਦੇ ਮੁੱਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੀਨੇ ਤੇ ਹੱਥ ਰਖ ਕੇ, ਦਾਅਵੇ ਦੇ ਨਾਲ ਕਹਿ ਸਕਦੇ ਹਨ ਕਿ ਉਹ ਸੱਚੇ-ਸੁੱਚੇ ਅਤੇ ਸਥਾਪਤ ਕਸੌਟੀ ਪੁਰ ਪੂਰੇ ਉਤਰ ਸਕਣ ਵਾਲੇ 'ਖਾਲਸਾ' ਹਨ?

ਸਿੱਖਾਂ ਦੀਆਂ ਦੋ ਸਭ ਤੋਂ ਵੱਡੀਆਂ ਧਾਰਮਕ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਨ, ਇਨ੍ਹਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਦਹਾਕਿਆਂ ਤੋਂ ਇਕੋ ਜਥੇਬੰਦੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਚਲੀ ਆ ਰਹੀ ਹੈ, ਪ੍ਰੰਤੂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਬਦਲਦੀ ਰਹਿੰਦੀ ਹੈ, ਜਿਵੇਂ ਤਿੰਨ-ਕੁ ਸਾਲ ਪਹਿਲਾਂ ਤਕ ਇਸਦੀ ਸੱਤਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਹਥਾਂ ਵਿੱਚ ਰਹੀ। ਹੁਣ ਇਸਦੀ ਸੱਤਾ ਪੁਰ ਬਾਦਲ ਅਕਾਲੀ ਦਲ ਹੀ ਕਾਬਜ਼ ਹੋ ਗਿਆ ਹੋਇਆ ਹੈ। ਇਨ੍ਹਾਂ ਦੋਹਾਂ ਅਕਾਲੀ ਦਲਾਂ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੁੱਖੀਆਂ ਦੀ ਸੁਰ ਆਪੋ ਵਿੱਚ ਨਹੀਂ ਮਿਲਦੀ, ਕਿਉਂਕਿ ਉਨ੍ਹਾਂ ਦੀ ਰਾਜਸੀ ਸੋਚ ਵੱਖੋ-ਵੱਖ ਹੈ, ਜਿਸ ਕਾਰਣ ਦੋਵੇਂ ਧਿਰਾਂ ਸਮੇਂ-ਸਮੇਂ ਇਕ-ਦੂਜੇ ਦੀ ਲਾਹ-ਪਾਹ ਕਰਦੀਆਂ ਅਤੇ ਇਕ-ਦੂਜੇ ਨੂੰ ਨੀਵਾਂ ਵਿਖਾਣ ਲਈ ਸਰਗਰਮ ਬਣੀਆਂ ਰਹਿੰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਸੱਤਾ ਪੁਰ ਕਬਜ਼ਾ ਕਰਨ ਅਤੇ ਕਬਜ਼ਾ ਬਣਾਈ ਰਖਣ ਲਈ ਜੋ ਹਥਕੰਡੇ ਵਰਤੇ ਜਾਂਦੇ ਹਨ, ਉਨ੍ਹਾਂ ਪੁਰ ਕੋਈ ਵੀ ਸਿੱਖ ਮਾਣ ਨਹੀਂ ਕਰ ਸਕਦਾ। ਇਸ ਉਦੇਸ਼ ਲਈ ਵਰਤੇ ਜਾਂਦੇ ਹਥ-ਕੰਡਿਆਂ ਨੂੰ ਵੇਖ-ਸੁਣ ਕੇ ਨਾ ਕੇਵਲ ਹਰ ਸਿੱਖ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਸਗੋਂ ਗ਼ੈਰ-ਸਿੱਖਾਂ ਦੀਆਂ ਨਜ਼ਰਾਂ ਵਿਚ ਵੀ ਸਮੁਚੀ ਕੌਮ ਦੀ ਸਥਿਤੀ ਹਾਸੋ-ਹੀਣੀ ਬਣ ਜਾਂਦੀ ਹੈ। ਇਹ ਸਭ ਕੁਝ ਸਮਝਦਿਆਂ-ਬੁਝਦਿਆਂ ਹੋਇਆਂ ਵੀ ਕਿਸੇ ਨੂੰ ਕੋਈ ਚਿੰਤਾ ਨਹੀਂ।

ਇਤਨਾ ਕੁਝ ਕਹਿਣ ਤੋਂ ਬਾਅਦ ਉਨ੍ਹਾਂ ਆਪ ਹੀ ਜਵਾਬੀ ਸੁਆਲ ਕਰਦਿਆਂ ਕਿਹਾ ਕਿ ਅਜਿਹੀ ਸਥਿਤੀ ਵਿਚ ਅਰਦਾਸ ਕਰ ਕੇ ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ, ਜੋ ਬੀਤੇ ਛੇ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਕੀਤੀ ਜਾਂਦੀ ਚਲੀ ਆ ਰਹੀ ਹੈ ਅਤੇ ਹੁਣ ਤਕ ਲਖਾਂ ਨਹੀਂ ਕਰੋੜਾਂ ਵਾਰ ਕੀਤੀ ਜਾ ਚੁਕੀ ਹੈ। ਅਗੋਂ ਵੀ ਲਗਾਤਾਰ ਕੀਤੀ ਜਾਂਦੀ ਰਹੇਗੀ, ਬਾਰੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ-ਆਪ ਤੋਂ ਹੀ ਪੁੱਛ ਵੇਖੋ ਕਿ ਇਸ ਅਰਦਾਸ ਰਾਹੀਂ ਕੀਤੀ ਜਾ ਰਹੀ ਇਸ ਮੰਗ ਨੂੰ ਪੂਰਿਆਂ ਕਰਨ ਲਈ, ਉਹ ਕਿਹੜਾ 'ਖਾਲਸਾ' ਹੈ, ਜਿਸਨੂੰ ਅਕਾਲ ਪੁਰਖ ਇਨ੍ਹਾਂ ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ-ਦੀਦਾਰ ਅਤੇ ਸੇਵਾ-ਸੰਭਾਲ ਦੀ ਜ਼ਿਮੇਂਦਾਰੀ ਦੀ ਬਖਸ਼ਸ਼ ਕਰੇ?

ਸਿੱਖੀ ਵਿਚ ਕੇਸਾਂ ਦੀ ਮਹਤੱਤਾ : ਦਸਿਆ ਜਾਂਦਾ ਹੈ ਕਿ ਜਦੋਂ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਸਿੱਖੀ ਵਿੱਚ ਕੇਸਾਂ ਦੀ ਮਹਤੱਤਾ ਪੁਰ ਅਧਾਰਤ ਸਿੱਖ ਦੀ ਪ੍ਰੀਭਾਸ਼ਾ ਦੇ ਸੁਆਲ ਨੂੰ ਲੈ ਕੇ ਚਰਚਾ ਚਲ ਰਹੀ ਸੀ ਤਾਂ ਵਿਦਵਾਨ ਜੱਜਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਸਹਾਮਣੇ ਇਹ ਸੁਆਲ ਰਖਿਆ ਕਿ ਕੇਸਾਂ ਦੀ ਮਹਤੱਤਾ ਪੁਰ ਅਧਾਰਤ ਸਿੱਖ ਦੀ ਪ੍ਰੀਭਾਸ਼ਾ ਬਾਰੇ ਉਨ੍ਹਾਂ ਨੂੰ ਸੰਤੁਸ਼ਟ ਕੀਤਾ ਜਾਏ। ਉਨ੍ਹਾਂ ਦੇ ਇਸ ਸੁਆਲ ਨੇ ਸਮੁਚੇ ਸਿੱਖ ਜਗਤ ਦੇ ਸਾਹਮਣੇ ਇਕ ਗੰਭੀਰ ਚੁਨੌਤੀ ਲਿਆ ਖੜੀ ਕਰ ਦਿੱਤੀ।

ਇਸ ਸੁਆਲ ਦਾ ਜੁਆਬ ਤਲਾਸ਼ਣ ਲਈ ਕਿਸੇ ਨੇ ਧਾਰਮਕ ਤੇ ਇਤਿਹਾਸਕ ਪੁਸਤਕਾਂ ਦੀ ਛਾਣ-ਬੀਣ ਕੀਤੀ ਤੇ ਕਿਸੇ ਨੇ ਕਾਨੂੰਨੀ ਕਿਤਾਬਾਂ ਦੀ। ਜਦਕਿ ਚਾਹੀਦਾ ਇਹ ਸੀ ਕਿ ਇਤਨੀ ਛਾਣਬੀਣ ਕਰਨ ਦੀ ਬਜਾਏ, ਹਰ ਰੋਜ਼ ਘਟੋ-ਘਟ ਦੋ ਵਾਰ ਕੀਤੀ ਜਾ ਰਹੀ ਅਰਦਾਸ ਦੀ ਹੀ ਘੋਖ ਕਰ ਲਈ ਜਾਂਦੀ ਤਾਂ ਇਨ੍ਹਾਂ ਸ਼ਬਦਾਂ ਵਿਚ ਇਸ ਸੁਆਲ ਦਾ ਜੁਆਬ ਸਹਿਜੇ ਹੀ ਮਿਲ ਜਾਂਦਾ : 'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਉਤਰਵਾਈਆਂ, ਚਰਖੜੀਆਂ ਤੇ ਚੜ੍ਹਾਏ ਗਏ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਸਿੱਖੀ 'ਕੇਸਾਂ' ਸੁਆਸਾਂ ਸੰਗ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਖਾਲਸਾ ਜੀ ਬੋਲੋ ਜੀ ਵਾਹਿਗੁਰੂ'। ਜੇ ਕਿਸੇ ਨੂੰ ਸਿੱਖੀ 'ਕੇਸਾਂ' ਸਵਾਸਾਂ ਸੰਗ ਨਿਬਾਹੁਣ ਲਈ ਕੀਤੀਆਂ ਗਈਆਂ ਕੁਰਬਾਨੀਆਂ ਭਰੇ ਇਸ ਇਤਿਹਾਸ ਨਾਲ 'ਸਿੱਖੀ ਵਿਚ ਕੇਸਾਂ ਦੀ ਮਹਤੱਤਾ' ਬਾਰੇ ਉਠਾਏ ਗਏ ਸੁਆਲ ਦਾ ਜੁਆਬ ਨਹੀਂ ਮਿਲਦਾ ਜਾਂ ਇਸ ਨਾਲ ਉਸਦੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਉਹ ਕਿਸੇ ਵੀ ਤਰ੍ਹਾਂ ਸੰਤੁਸ਼ਟ ਨਹੀਂ ਹੋ ਸਕਦਾ।

ਅਤੇ ਅੰਤ ਵਿੱਚ : ਬੀਤੇ ਦਿਨੀਂ ਇਕ ਸੀਨੀਅਰ ਅਕਾਲੀ ਨੇਤਾ ਨਾਲ ਅਚਾਨਕ ਮੁਲਾਕਾਤ ਹੋ ਗਈ, ਉਨ੍ਹਾਂ ਦੀ ਕੇਸਰੀ ਦਸਤਾਰ ਵੇਖ, ਉਨ੍ਹਾਂ ਨੂੰ ਇਕ ਸੁਆਲ ਕਰ ਬੈਠਾ ਕਿ ਸਿੰਘ ਸਾਹਿਬ ਅਕਾਲੀ ਦਲ ਦੀ ਸਥਾਪਨਾ ਸਮੇਂ ਤਾਂ ਅਕਾਲੀਆਂ ਲਈ ਕਾਲੀ ਪੱਗ ਬੰਨ੍ਹਣੀ ਜ਼ਰੂਰੀ ਹੁੰਦੀ ਸੀ। ਹੁਣ ਅਕਾਲੀਆਂ ਨੇ ਕਾਲੀ ਛਡ ਕੇ ਨੀਲੀ ਜਾਂ ਕੇਸਰੀ ਪੱਗ ਬੰਨ੍ਹਣੀ ਕਿਉਂ ਸ਼ੁਰੂ ਕਰ ਦਿਤੀ ਹੈ? ਉਹ ਸਜਣ ਕੁਝ ਵਧੇਰੇ ਹੀ ਮੂੰਹ ਫਟ ਨਿਕਲੇ। ਉਨ੍ਹਾਂ ਝਟ ਹੀ ਹਸਦਿਆਂ ਜੁਆਬ ਦਿਤਾ ਕਿ ਉਸ ਸਮੇਂ ਅਕਾਲੀਆਂ ਦੇ ਦਿਲ ਸਾਫ ਹੋਇਆ ਕਰਦੇ ਸਨ ਅਤੇ ਪਗੜੀਆਂ ਕਾਲੀਆਂ, ਪਰ ਹੁਣ ਦੇ ਅਕਾਲੀ ਇਹ ਮੰਨਦੇ ਹਨ ਕਿ ਦਿਲ ਕਾਲੇ ਹੋਣੇ ਚਾਹੀਦੇ ਹਨ, ਪੱਗ ਭਾਂਵੇਂ ਕਿਸੇ ਵੀ ਰੰਗ ਦੀ ਹੋਵੇ, ਚਲ ਜਾਇਗੀ।

# ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਗਦਰੀ ਬਾਬੂ ਮੰਗੂ ਰਾਮ ਮੂੱਗੋਵਾਲੀਆ ਦੀ ਕਰਨੀ ਨੂੰ



ਕੁਲਦੀਪ ਚੰਦ
91-94175-63054

ਭਾਰਤ ਲੰਬਾ ਸਮਾਂ ਗੁਲਾਮ ਰਿਹਾ ਹੈ। ਇਸ ਦੇਸ਼ ਦੀ ਸਮਾਜਿਕ ਬਣਤਰ ਕਾਰਨ ਸਮਾਜ ਦੇ ਕੁੱਝ ਵਰਗਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਵੀ ਸ਼ਿਕਾਰ ਹੋਣਾ ਪਿਆ ਹੈ। ਭਾਰਤੀ ਸਮਾਜ ਵਿੱਚ ਫੈਲੀ ਜਾਤ ਪਾਤ ਦੀ ਪ੍ਰਥਾ ਨੂੰ ਖਤਮ ਕਰਨ ਅਤੇ ਸਭ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਸਮਾਜ ਦੇ ਰਹਿਵਰਾਂ ਨੇ ਅੰਦੋਲਨ ਚਲਾਏ ਹਨ ਇਨ੍ਹਾਂ ਮਹਾਂ-ਪੁਰਖਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਅੱਜ ਦੇ ਦਿਨ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ। ਬਾਬੂ ਜੀ ਦੇ ਮਾਤਾ ਦਾ ਨਾਮ ਅਤਰੀ ਅਤੇ ਪਿਤਾ ਜੀ ਦਾ ਨਾਮ ਹਰਨਾਮ ਦਾਸ ਸੀ ਅਤੇ ਉਨ੍ਹਾਂ ਦਾ ਪਰਿਵਾਰ ਚਮੜੇ ਦੇ ਧੰਦੇ ਨਾਲ ਜੁੜ੍ਹਿਆ ਹੋਇਆ ਸੀ। ਸਮਾਜ ਦੀ ਅਖੌਤੀ ਵਿਵਸਥਾ ਕਾਰਨ ਉਸ ਵੇਲੇ ਬਾਬੂ ਮੰਗੂ ਰਾਮ ਦੇ ਪਰਿਵਾਰ ਨੂੰ ਬਾਕੀ ਲੋਕਾਂ ਵਾਂਗ ਹੀ ਉਚੱ ਵਰਗ ਦੇ ਕਹਿਲਾਉਣ ਵਾਲੇ ਲੋਕਾਂ ਦੀ ਘ੍ਰਿਣਾ ਦਾ ਸ਼ਿਕਾਰ ਹੋਣਾ ਪੈਂਦਾ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਬਾਬੂ ਜੀ ਨੇ ਜਾਤ ਅਧਾਰਿਤ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ ਅਤੇ ਆਪਣੇ ਪਿਤਾ ਨਾਲ ਵਪਾਰ ਵਿੱਚ ਹੱਥ ਵਟਾਣ ਲਈ ਅੰਗਰੇਜ਼ੀ ਵੀ ਸਿੱਖੀ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਫਰੈਸਨੋ ਅਤੇ ਕੈਲਫੋਰਨੀਆ ਨਾਲ ਲੱਗਦੇ ਇਲਾਕਿਆਂ ਵਿੱਚ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਬਾਬੂ ਜੀ ਨੂੰ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਸਮੇਂ ਸਾਨ ਫਰਾਂਸਿਸਕੋ ਵਿੱਚ ਗਦਰ ਲਹਿਰ ਸ਼ੁਰੂ ਹੋ ਗਈ ਸੀ ਅਤੇ ਬਰਤਾਨੀਆਂ ਬਸਤੀਵਾਦ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚੱਲ ਰਹੀ ਸੀ। ਬਾਬੂ ਮੰਗੂ ਰਾਮ ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਇਸ ਦੌਰਾਨ ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਦੀ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ। ਇਸ ਮਿਸ਼ਨ ਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਸਰਕਾਰ ਨੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋ ਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਮੰਗੂ ਰਾਮ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਬਾਬੂ ਜੀ ਫਿਲਪਾਈਨ (ਮਨੀਲਾ) ਪਹੁੰਚ ਗਏ, ਜਿੱਥੇ ਆਪ ਨੇ ਕੁਝ ਦੇਰ ਅਮਰੀਕਾ ਕੰਪਨੀ ਵਿੱਚ ਕੰਮ ਕੀਤਾ ਤੇ ਫਿਰ ਉਥੋਂ ਸ਼੍ਰੀ ਲੰਕਾ ਨੂੰ ਆ ਗਏ। ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ਼੍ਰੀ ਲੰਕਾ ਤੋਂ ਬੰਬੇ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਇਸ ਦੌਰਾਨ ਹੀ ਆਰਿਆ ਸਮਾਜ ਦੇ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਨੂੰ ਲੈਕੇ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿ-ਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਆਦਿ ਧਰਮ ਮੰਡਲ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਆਦਿ ਡੰਕਾ ਅਖਬਾਰ ਸ਼ੁਰੂ ਕੀਤਾ ਗਿਆ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਇਸ ਦੌਰਾਨ ਹੀ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੌਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। ਵਰਨਣਯੋਗ ਹੈ ਕਿ ਇਸ ਵਿੱਚੋਂ 80 ਫਿਸਦੀ ਤੋਂ ਵੱਧ ਲੋਕ ਪੰਜਾਬ ਦੇ ਜਲੰਧਰ ਅਤੇ ਹੁਸ਼ਿਆਰਪੁਰ ਨਾਲ ਹੀ ਸਬੰਧਿਤ ਸਨ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜ਼ੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂ-ਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨ-ਫਰੰਸ ਵਿੱਚ ਵੀ ਡਾਕਟਰ ਅੰ-ਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ। ਮਹਾਤਮਾ ਗਾਂਧੀ ਦੇ ਇਸ ਮਰਨ ਵਰਤ ਤੋਂ ਬਾਦ 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੀ ਥਾਂ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ।

1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਬਾਬੂ ਮੂਗੋਵਾਲੀਆਂ ਵਲੋਂ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।

### ਪਹਿਲੇ ਅੰਤਰ-ਰਾਸ਼ਟਰੀ ਪੰਜਾਬੀ ਜਰਨਲਿਸਟ

ਇਕ ਵਾਰ ਫਿਰ ਤੋਂ ਮੈਨੂੰ ਅਦਾਰਾ 'ਦੇਸ਼ ਦੁਆਬਾ' ਦੇ ਮਾਧਿਅਮ ਤੋਂ ਡਾ. ਜਸਵੰਤ ਰਾਏ ਦੀ 'ਦੇਸ਼ ਦੁਆਬਾ' ਦੁਆਰਾ ਪ੍ਰਕਾਸ਼ਿਤ ਪਲੇਠੀ ਪੁਸਤਕ 'ਕਥਾਵਾਂ ਬਿਸਤ ਦੁਆਬ ਦੀਆਂ' ਪ੍ਰਕਾਸ਼ਿਤ ਕਰਨ ਉਪਰੰਤ ਹੁਣ ਮਹਾਨ ਗਦਰੀ ਬਾਬਾ ਹਰਨਾਮ ਸਿੰਘ ਜੀ ਦੇ ਬਾਰੇ ਡਾ. ਜਸਵੰਤ ਰਾਏ ਦੀ ਪ੍ਰਕਾਸ਼ਿਤ ਇਸ ਕਿਤਾਬ ਦੇ ਬਣਨ ਜਾ ਰਹੇ ਭਵਿੱਖ ਦੇ ਪਾਠਕਾਂ ਦੇ ਰੂਬਰੂ ਕਰਨ ਦਾ ਮੌਕਾ ਮਿਲਿਆ।

ਡਾ. ਜਸਵੰਤ ਰਾਏ ਦੀ ਸਾਹਿਤ ਪ੍ਰਤੀ ਗਹਿਨ ਰੁਚੀ ਖਾਸ ਕਰਕੇ ਪੰਜਾਬੀ ਭਾਈਚਾਰੇ ਦੇ ਅਮੀਰ ਵਿਰਸੇ 'ਚੋਂ ਅਲੋਪ ਹੋ ਚੁੱਕੀਆਂ ਜਾਂ ਅਲੋਪ ਹੋਣ ਦੇ ਕਿਨਾਰੇ ਖੜ੍ਹੀਆਂ ਲੋਕ ਕਥਾਵਾਂ ਦੀ ਸਾਂਭ-ਸੰਭਾਲ ਅਤੇ ਦੇਸ਼ ਦੀ ਆਜ਼ਾਦੀ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ ਗਦਰ ਲਹਿਰ ਦੇ ਮਹਾਨ ਗਦਰੀ ਬਾਬਿਆਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਲੋਕਾਂ ਸਾਹਵੇਂ ਲਿਆਉਣ ਦਾ ਜੋ ਕਾਰਜ ਆਪਣੇ ਮੋਢਿਆਂ 'ਤੇ ਲਿਆ ਹੈ, ਉਹ ਬੜਾ ਹੀ ਸਲਾਹੁਣਯੋਗ ਹੈ। ਇਹ ਕਾਰਜ ਉਦੋਂ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਉਹ ਅਣਗੌਲੇ ਗਦਰੀ ਬਾਬਿਆਂ ਨੂੰ ਆਪਣਾ ਵਿਸ਼ੇਸ਼ ਵਿਸ਼ਾ (ਕਾਰਜ) ਬਣਾ ਲੈਂਦਾ ਹੈ। ਫਿਰ ਅਣਗੌਲੇ ਗਦਰੀ ਬਾਬਿਆਂ ਦੇ ਜੀਵਨ, ਉਦੇਸ਼, ਸੰਦੇਸ਼ ਅਤੇ ਸੰਘਰਸ਼ ਬਾਰੇ ਲਿਖਣਾ ਆਸਾਨ ਕੰਮ ਨਹੀਂ ਹੋਇਆ ਕਰਦਾ ਕਿਉਂਕਿ ਅਣਗੌਲੇ ਗਦਰੀ ਬਾਬਿਆਂ ਦਾ ਇਤਿਹਾਸ ਲੱਭਣਾ ਬੜੀ ਲਗਨ, ਸਖਤ ਮਿਹਨਤ, ਫਰੋਲਾ-ਫਰਾਲੀ ਤੇ ਸਮੇਂ ਦੀ ਜ਼ਰੂਰਤ ਹੁੰਦੀ ਹੈ।


ਪ੍ਰੇਮ ਕੁਮਾਰ ਚੁੰਬਰ
ਮੁੱਖ ਸੰਪਾਦਕ

ਡਾ. ਜਸਵੰਤ ਰਾਏ ਦਾ ਆਪਣਾ ਗ੍ਰਹਿਸਥੀ ਜੀਵਨ 'ਚ ਰਹਿੰਦਿਆਂ ਅਧਿਐਨ ਕਿੱਤੇ ਦੇ ਨਾਲ-ਨਾਲ ਇਸ ਕਾਰਜ ਨੂੰ ਆਰੰਭਣਾ ਤੇ ਮੁਕੰਮਲ ਕਰ ਲੈਣਾ, ਜਿੱਥੇ ਉਸਨੂੰ ਸਫਲਤਾ ਬਖਸ਼ਦਾ ਹੈ, ਉਥੇ ਉਸ ਨੂੰ ਵਧਾਈ ਦਾ ਪਾਤਰ ਵੀ ਬਣਾਉਂਦਾ ਹੈ।

ਲੇਖਕ ਡਾ. ਜਸਵੰਤ ਰਾਏ ਨੂੰ ਬਾਬੂ ਹਰਨਾਮ ਸਿੰਘ ਜੀ ਬਾਰੇ ਲਿਖਣ ਲਈ ਕਿਨ੍ਹਾਂ-ਕਿਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਉਹਨਾਂ ਨੂੰ ਅਸੀਂ ਭੂਮਿਕਾ 'ਚ ਵਰਣਨ ਕੀਤਾ ਹੈ ਕਿ ਬਾਬੂ ਜੀ ਦਾ ਆਪਣਾ, ਆਪਣੇ ਬਾਰੇ ਕੁਝ ਲਿਖਿਆ ਨਹੀਂ ਮਿਲਦਾ ਤੇ ਨਾ ਹੀ ਉਹਨਾਂ ਦੇ ਪਰਿਵਾਰ ਪਾਸੋਂ, ਪਰ ਉਹਨਾਂ ਦਾ ਦੇਸ਼ ਦੀ ਆਜ਼ਾਦੀ ਲਈ ਕੀਤਾ ਸੰਘਰਸ਼ ਮੂੰਹੋਂ ਬੋਲਦਾ ਹੈ ਕਿ ਉਹ ਕਿੰਨੇ ਮਹਾਨ ਗਦਰੀ ਬਾਬਾ ਜੀ ਸਨ।

ਆਪਣੇ ਆਪ ਨੂੰ ਬੜਾ ਖੁਸ਼ਕਿਸਮਤ ਸਮਝਦਾ ਹੈ ਕਿ ਉਹ ਇਸ ਮਹਾਨ ਗਦਰੀ ਬਾਬਾ ਜੀ ਦੇ ਪਿੰਡ 'ਚ ਪੈਦਾ ਹੋਇਆ ਅਤੇ ਉਸ ਮਹਾਨ ਗਦਰੀ ਬਾਬਾ ਜੀ ਦੀ ਮਹਾਨਤਾ ਨੂੰ ਆਪਣੇ ਹੱਥੀਂ ਕਲਮਬੰਦ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇੱਥੇ ਇਹ ਵਰਣਨਯੋਗ ਹੈ ਕਿ ਮਾਣਯੋਗ ਡਾ. ਰੌਣਕੀ ਰਾਮ ਜੀ ਵੀ ਇਸ ਮਹਾਨ ਗਦਰੀ ਬਾਬਾ ਜੀ ਦੇ ਪਿੰਡ 'ਚ ਹੀ ਪੈਦਾ ਹੋਏ ਹਨ ਅਤੇ ਆਪਣੇ ਖੇਤਰ 'ਚ ਖਾਸਾ ਨਾਮਣਾ ਖੱਟਿਆ ਹੈ।

ਲੇਖਕ ਲਿਖਦਾ ਹੈ ਕਿ ਬਾਬੂ ਹਰਨਾਮ ਸਿੰਘ ਜੀ ਇਕ ਮਹਾਨ ਸ਼ਖਸੀਅਤ ਸਨ, ਜਿਨ੍ਹਾਂ ਨੇ ਗਦਰ ਲਹਿਰ ਦੇ ਹੋਂਦ 'ਚ ਆਉਣ ਤੋਂ ਪਹਿਲਾਂ ਹੀ ਆਪਣੇ ਅੰਦਰ ਲੋਕ ਭਾਵਨਾ ਤੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਗਨ/ ਦੇਸ਼ ਭਗਤੀ ਕ੍ਰਾਂਤੀਕਾਰੀ ਵਿਚਾਰਾਂ ਨੂੰ ਲੋਕਾਂ 'ਚ ਪ੍ਰਚਾਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ, ਹੋਰ ਤਾਂ ਹੋਰ ਉਹ ਪਹਿਲੇ ਅੰਤਰ ਰਾਸ਼ਟਰੀ ਪੰਜਾਬੀ ਪੱਤਰਕਾਰ ਸਨ, ਜਿਨ੍ਹਾਂ ਨੇ ਆਪਣਾ 'ਸਵਦੇਸ਼ ਸੇਵਕ' ਅਖਬਾਰ ਵਿਦੇਸ਼ੀ ਧਰਤੀ ਤੋਂ ਚਲਾ ਕੇ ਆਪਣੇ ਵਿਚਾਰਾਂ ਨੂੰ ਲੋਕਾਂ 'ਚ ਪਹੁੰਚਾ ਕੇ ਕ੍ਰਾਂਤੀਕਾਰੀ ਬਣਾਉਣ 'ਚ ਵਿਸ਼ੇਸ਼ ਯੋਗਦਾਨ ਪਾਇਆ। ਇੱਥੇ ਇਹ ਵੀ ਵਰਣਨਯੋਗ ਹੈ ਕਿ ਗਦਰ ਲਹਿਰ ਦੇ ਸੰਸਥਾਪਕਾਂ 'ਚੋਂ ਇਕ ਮਾਣਯੋਗ ਬਾਬਾ ਸੋਹਣ ਸਿੰਘ ਭਕਨਾ ਜੀ ਦਾ ਕੈਨੇਡਾ ਦੀ ਧਰਤੀ ਤੇ ਪਹਿਲੀ ਰਾਤ ਬਾਬੂ ਹਰਨਾਮ ਸਿੰਘ ਜੀ ਦੇ ਨਿਵਾਸ ਵਿਖੇ ਰਹਿਣਾ ਅਤੇ ਇਕ ਦੂਸਰੇ ਨਾਲ ਕ੍ਰਾਂਤੀਕਾਰੀ ਵਿਚਾਰਾਂ ਦੀ ਸਾਂਝ, ਸੂਝ-ਬੂਝ, ਦੂਰ-ਅੰਦੇਸ਼ੀ, ਆਪਣੇ ਮੁਲਕ ਨੂੰ ਬਰਤਾਨਵੀ ਹਕੂਮਤ ਤੋਂ ਆਜ਼ਾਦ ਕਰਾਉਣ ਆਦਿ ਦੀਆਂ ਗੁੱਝੀਆਂ ਰਮਜ਼ਾਂ ਪੰਜਾਬੀਆਂ ਨੂੰ ਸਮਝ ਆਉਣ ਲੱਗੀਆਂ ਤੇ ਉਹ ਲੋਕ ਜੋ ਕਦੇ ਰੋਜ਼ੀ ਰੋਟੀ ਲਈ ਆਪਣਾ ਮੁਲਕ ਛੱਡ ਕੇ ਕੈਨੇਡਾ-ਅਮਰੀਕਾ ਜਾ ਵੱਸੇ, ਹੁਣ ਉਹ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਇਹਨਾ ਗਦਰੀਆਂ ਦਾ ਸਾਥ ਦੇ ਕੇ ਗਦਰੀ ਹੋ ਗਏ।

ਸ਼ਹੀਦ ਬਾਬੂ ਹਰਨਾਮ ਸਿੰਘ 'ਗਦਰ ਪਾਰਟੀ' ਅਤੇ 'ਗਦਰ' ਅਖਬਾਰ ਦੇ ਧਰੋਹਰ ਸਨ ਜਿਸਨੇ ਪੂਰੀ ਦੁਨੀਆਂ ਤੇ ਝੰਡਾ ਝੁਲਾਉਣ ਵਾਲੀ ਵਿਦੇਸ਼ੀ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ।

ਡਾ. ਜਸਵੰਤ ਰਾਏ ਨੇ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਜੀ ਦੇ ਜੋ ਅਹਿਮ ਪੱਖ ਸਾਹਮਣੇ ਲਿਆਂਦੇ ਹਨ, ਉਹਨਾਂ ਤੋਂ ਬਹੁਤ ਵੱਡਾ ਹਿੱਸਾ ਪੰਜਾਬੀ ਭਾਈਚਾਰੇ ਦਾ ਅਣਜਾਣ ਸੀ, ਨੂੰ ਜਾਣੂੰ ਕਰਾਇਆ, ਜਿਹਨਾਂ ਵਿਚ ਵਿਦੇਸ਼ੀ ਧਰਤੀ ਤੇ ਜਾ ਕੇ ਪਹਿਲੀ ਪੰਜਾਬੀ ਅਖਬਾਰ 'ਸਵਦੇਸ਼ ਸੇਵਕ' ਦਾ ਸ਼ੁਰੂ ਕਰਨਾ, ਇਕ ਚੰਗੇ ਕਾਰਟੂਨਿਸਟ, ਪਹਿਲੇ ਪੰਜਾਬੀ ਪੱਤਰਕਾਰ ਤੇ ਗਦਰ ਲਹਿਰ ਦਾ ਅਹਿਮ ਹਿੱਸਾ ਕਾਮਾਗਾਟਾਮਾਰੂ ਜਹਾਜ਼ ਦਾ ਦੁਖਾਂਤ ਵਿਚ ਅਹਿਮ ਭੂਮਿਕਾ ਨਿਭਾਉਣਾ ਆਦਿ ਅਨੇਕਾਂ ਪਹਿਲੂਆਂ ਤੋਂ ਜਾਣੂ ਕਰਾਉਣਾ ਲੇਖਕ ਵੱਲੋਂ ਮਹਾਨ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਜੀ ਲਈ ਸੱਚੀ ਸੁੱਚੀ ਨਿੱਘੀ ਦਿਲੀ ਸ਼ਰਧਾਂਜਲੀ ਹੀ ਕਿਹਾ ਜਾ ਸਕਦਾ ਹੈ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੀ ਤਹਿ ਦਿਲੋਂ ਸੱਚੀ ਸੁੱਚੀ ਨਿੱਘੀ ਦਿਲੀ ਸ਼ਰਧਾਂਜਲੀ ਇਸ ਮਹਾਨ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਜੀ ਨੂੰ ਭੇਂਟ ਕਰਦਾ ਹੈ।

ਲੇਖਕ ਡਾ. ਜਸਵੰਤ ਰਾਏ ਦੇ ਹੱਥਲੀ ਪੁਸਤਕ ਲੋਕ ਗੀਤ ਪ੍ਰਕਾਸ਼ਨ ਤੋਂ ਪ੍ਰਕਾਸ਼ਿਤ ਕਰਨ ਲਈ ਅਦਾਰਾ 'ਅੰਬੇਦਕਰ ਟਾਈਮਜ਼' (ਇੰਗਲਿਸ਼ ਵੀਕਲੀ ਨਿਊਜ਼ ਪੇਪਰ) ਅਤੇ 'ਦੇਸ਼ ਦੁਆਬਾ' (ਪੰਜਾਬੀ ਹਫਤਾਵਾਰੀ ਅਖਬਾਰ) ਇਕ ਵਾਰ ਫਿਰ ਖੁਸ਼ੀ ਮਹਿਸੂਸ ਕਰਦਾ ਹੈ ਅਤੇ ਡਾ. ਜਸਵੰਤ ਰਾਏ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ ਅਤੇ ਸ਼ੁਭ ਕਾਮਨਾਵਾਂ ਕਰਦਾ ਹੈ ਕਿ ਇਹ ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰ੍ਹਾਂ ਵਧੀਆ ਲਿਖਤਾਂ ਆਪਣੀ ਪੰਜਾਬੀ ਮਾਂ ਬੋਲੀ 'ਚ ਛਾਪ ਕੇ ਪੰਜਾਬੀ ਭਾਈਚਾਰੇ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜੀ ਰੱਖੇ। ਅਖੀਰ ਅਦਾਰਾ ਡਾ. ਜਸਵੰਤ ਰਾਏ ਦੇ ਪਰਿਵਾਰ ਨੂੰ ਵਧਾਈ ਦਿੰਦਾ ਹੈ ਜੋ ਇਸ ਸਫਲਤਾ ਦਾ ਛੁਪਿਆ ਰਹੱਸ ਹੈ।

# ਬ੍ਰਹਿਮੰਡ: ਇਕ ਨਜ਼ਰ
## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)


ਸਤਵੰਤ ਕੌਰ ਕਲੋਟੀ
91-95011-98881




### ਬ੍ਰਹਿਮੰਡ ਦਾ ਮੂਲ ਅਤੇ ਉਤਪਤੀ (ਮੁੱਖ ਥਿਊਰੀਆਂ)

ਇਹ ਅਤਿ ਵਿਸ਼ਾਲ ਅਤੇ ਅਨੰਤ ਪਸਾਰੇ ਵਾਲਾ ਬ੍ਰਹਿਮੰਡ ਕਦੋਂ ਅਤੇ ਕਿਵੇਂ ਹੋਂਦ ਵਿਚ ਆਇਆ? ਇਸ ਬਾਰੇ ਪੁਲਾੜ ਵਿਗਿਆਨੀਆਂ ਦੇ ਵੱਖ-ਵੱਖ ਅਨੁਮਾਨ ਹਨ। ਸਦੀਆਂ ਤੋਂ ਮਨੁੱਖ ਤਾਰਿਆਂ ਨੂੰ ਨਿਹਾਰਦਾ ਅਤੇ ਸੋਚ-ਸੋਚ ਕੇ ਹੈਰਾਨ ਹੁੰਦਾ ਆਇਆ ਹੈ ਕਿ ਜੋ ਬ੍ਰਹਿਮੰਡ ਅੱਜ ਦਿਖਾਈ ਦਿੰਦਾ ਹੈ, ਉਸ ਦਾ ਵਿਕਾਸ ਕਿਵੇਂ ਹੋਇਆ ਹੋਵੇਗਾ। ਇਹ ਮੁੱਦਾ ਹਮੇਸ਼ਾ ਤੋਂ ਧਾਰਮਿਕ, ਫਿਲਾਸਫੀਕਲ ਅਤੇ ਵਿਗਿਆਨਕ ਚਰਚਾ ਦਾ ਵਿਸ਼ਾ ਰਿਹਾ ਹੈ। ਵਿਗਿਆਨੀ ਬ੍ਰਹਿਮੰਡ ਦੇ ਮੂਲ ਅਤੇ ਵਿਕਾਸ ਬਾਰੇ ਗੁੱਥੀਆਂ ਸੁਲਝਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ।

ਬ੍ਰਹਿਮੰਡ ਦੇ ਮੂਲ ਅਤੇ ਉਤਪਤੀ ਬਾਰੇ ਵਿਗਿਆਨੀਆਂ ਦੁਆਰਾ ਕਈ ਥਿਊਰੀਆਂ ਸੁਝਾਈਆਂ ਗਈਆਂ ਹਨ, ਪ੍ਰੰਤੂ ਇਹ ਤਿੰਨ ਥਿਊਰੀਆਂ ਮੁੱਖ ਹਨ:-

(1) ਮਹਾਨ ਧਮਾਕਾ ਥਿਊਰੀ ਜਾਂ ਬਿੱਗ ਬੈਂਗ ਥਿਊਰੀ
(2) ਸਥਾਈ ਅਵਸਥਾ ਥਿਊਰੀ ਜਾਂ ਸਟੈਡੀ ਸਟੇਟ ਥਿਊਰੀ
(3) ਕੰਬਣ ਥਿਊਰੀ ਜਾਂ ਪਲਸੇਟਿੰਗ ਥਿਊਰੀ

### ਬਿੱਗ ਬੈਂਗ ਥਿਊਰੀ
### (Big Bang Theory)

ਬਿੱਗ ਬੈਂਗ ਥਿਊਰੀ ਬ੍ਰਹਿਮੰਡ ਦੇ ਆਗਾਜ਼ ਦੀ ਸਭ ਤੋਂ ਵੱਧ ਮੰਨੀ-ਪ੍ਰਮੰਨੀ ਅਤੇ ਵੱਡੇ ਪੱਧਰ ਤੇ ਸਵੀਕਾਰੀ ਜਾਣ ਵਾਲੀ ਥਿਊਰੀ ਹੈ। ਇਹ ਥਿਊਰੀ ਸਭ ਤੋਂ ਪਹਿਲਾਂ 1931 ਈ. ਵਿਚ ਬੈਲਜੀਅਮ ਦੇ ਜੰਮਪਲ ਵਿਗਿਆਨੀ ਜਾਰਜਜ਼ ਲੇਮਾਈਟ੍ਰੇ ਵੱਲੋਂ ਸੁਝਾਈ ਗਈ। ਉਹ ਕੈਥੋਲਿਕ ਚਰਚ ਦਾ ਪਾਦਰੀ ਅਤੇ ਕੈਥੋਲਿਕ ਯੂਨੀਵਰਸਿਟੀ ਆਫ ਲੂਵੈਨ, ਬੈਲਜ਼ੀਅਮ ਵਿਚ ਪ੍ਰੋਫੈਸਰ ਸੀ। ਇਸ ਥਿਊਰੀ ਅਨੁਸਾਰ ਬ੍ਰਹਿਮੰਡ ਦੀ ਉਤਪਤੀ ਅਤੀਤ ਵਿਚ ਕਿਸੇ ਪਲ, ਇਕ ਬਿੰਦੂ ਜਿੰਨੇ ਅੰਸ਼ ਤੋਂ ਸ਼ੁਰੂ ਹੋਈ। ਅੱਜ ਦਾ ਇਹ ਬ੍ਰਹਿਮੰਡ ਕਦੇ ਇਕ ਛੋਟੇ ਜਿਹੇ ਕਿਣਕੇ ਵਿਚ ਸਮਾਇਆ ਹੋਇਆ ਸੀ। ਇਹ ਇਕ ਨਿਹਾਇਤ ਉੱਚ-ਘਣਤਾ ਵਾਲਾ ਅਤੇ ਅਤਿਅੰਤ ਗਰਮ ਸੂਖਮ ਗੋਲਾ ਸੀ, ਜਿਸ ਵਿਚ ਬ੍ਰਹਿਮੰਡ ਦਾ ਸਾਰਾ ਮਾਦਾ ਅਤੇ ਊਰਜਾ ਕੇਂਦਰਿਤ ਸਨ। ਲੇਮਾਈਟ੍ਰੇ ਨੇ ਇਸ ਗੋਲੇ ਨੂੰ ਪ੍ਰਾਇਮੀਵਲ ਐਟਮ (ਫਰਮਿਏਵਅਲ ੳਟੋਮ) ਯਾਨਿ 'ਮੁੱਢਲਾ ਪ੍ਰਮਾਣੂ' ਦਾ ਨਾਂ ਦਿੱਤਾ। ਬਾਅਦ ਵਿਚ ਇਸ ਨੂੰ 'ਪ੍ਰਾਇਮੋਰਡੀਅਲ ਐਟਮ' (ਫਰਮੋਰਦਿਅਲ ੳਟੋਮ) ਯਾਨੀ 'ਪ੍ਰਾਚੀਨ ਪ੍ਰਮਾਣੂ' ਅਤੇ ਕਾ-ਸਮਿਕ ਐੱਗ ਭਾਵ ਪੁਲਾੜੀ ਅੰਡਾ ਵੀ ਕਿਹਾ ਗਿਆ। ਇਕ ਇਕਹਿਰੀ ਘਟਨਾ ਨਾਲ ਇਸ ਨੇ ਫੈਲਣਾ ਸ਼ੁਰੂ ਕਰ ਦਿੱਤਾ। ਇਹ ਟੁਕੜੇ-ਟੁਕੜੇ ਹੋ ਕੇ ਸਾਰੀਆਂ ਦਿਸ਼ਾਵਾਂ ਵਿਚ ਪਸਾਰ ਕਰਨ ਲੱਗਾ। ਸਮਾਂ ਪਾ ਕੇ ਇਹਨਾਂ ਟੁਕੜਿਆਂ ਨੇ ਗਲੈਕਸੀਆਂ ਦਾ ਰੂਪ ਲੈ ਲਿਆ। ਇਹ ਕੋਈ ਜ਼ਬਰਦਸਤ ਵਿਸਫੋਟ ਨਹੀਂ ਸੀ, ਜਿਵੇਂ ਕਿ ਆਮ ਲੋਕਾਂ ਦੁਆਰਾ ਸੋਚਿਆ ਜਾਂਦਾ ਹੈ, ਸਗੋਂ ਇਹ ਇਕ ਤੇਜ਼ੀ ਨਾਲ ਹੋਣ ਵਾਲਾ ਪਸਾਰ ਸੀ, ਜੋ ਕਿ ਹੁਣ ਵੀ ਜਾਰੀ ਹੈ। ਬ੍ਰਹਿਮੰਡ ਦਾ ਇਕ ਬਿੰਦੂ-ਮਾਤਰ ਅੰਸ਼ ਤੋਂ ਸ਼ੁਰੂ ਹੋ ਕੇ ਲਗਾਤਾਰ ਪਸਾਰ ਕਰਨ ਦੀ ਕਿਰਿਆ ਨੂੰ ਬਿੱਗ ਬੈਂਗ ਕਿਹਾ ਜਾਂਦਾ ਹੈ।

ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਬ੍ਰਹਿਮੰਡ ਦਾ ਮੁੱਢਲਾ ਰੂਪ ਐਨਾਂ ਗਰਮ ਰਿਹਾ ਹੋਵੇਗਾ ਕਿ ਪ੍ਰੋਟਾਨਾਂ ਅਤੇ ਨਿਊਟ੍ਰਾਨਾਂ ਵਰਗੇ ਮੁੱਢਲੇ ਕਣਾਂ ਦੀ ਤਾਂ ਹੋਂਦ ਹੀ ਅਸੰਭਵ ਰਹੀ ਹੋਵੇਗੀ। ਜਿਵੇਂ-ਜਿਵੇਂ ਇਸ ਦਾ ਪਸਾਰ ਹੁੰਦਾ ਗਿਆ, ਇਹ ਠੰਡਾ ਹੁੰਦਾ ਗਿਆ। ਫਿਰ ਇਲੈਕਟ੍ਰਾਨ, ਪ੍ਰੋਟਾਨ ਅਤੇ ਨਿਊਟ੍ਰਾਨ ਹੋਂਦ ਵਿਚ ਆਏ। ਸਮਾਂ ਬੀਤਦਾ ਗਿਆ। ਇਹਨਾਂ ਮੁੱਢਲੇ ਕਣਾਂ ਦੇ ਜੁੜਨ ਨਾਲ ਹਾਈਡ੍ਰੋਜਨ ਅਤੇ ਹੀਲੀਅਮ ਵਰਗੇ ਪ੍ਰਮਾਣੂ ਬਣੇ। ਗਰਮ ਗੈਸੀ ਮਾਦੇ ਨੂੰ ਠੰਡਾ ਹੋ ਕੇ ਸੰਘਣਿਤ ਹੁੰਦਿਆਂ ਅਤੇ ਗਲੈਕਸੀਆਂ-ਤਾਰਿਆਂ ਵਿਚ ਬਦਲਦਿਆਂ ਕਈ ਮਿਲੀਅਨ ਸਾਲ ਲੱਗ ਗਏ।


ਬਿੱਗ ਬੈਂਗ ਦਾ ਕਾਲਪਨਿਕ ਦ੍ਰਿਸ਼

ਇਸ ਥਿਊਰੀ ਦਾ ਨਾਂ 'ਬਿਗ ਬੈਂਗ' ਕਿਵੇਂ ਪਿਆ, ਇਸ ਪਿੱਛੇ ਦਿਲਚਸਪ ਵਾਕਿਆ ਹੈ। ਸੰਨ 1949 ਵਿਚ ਯਾਰਕਸ਼ਾਇਰ, ਇੰਗਲੈਂਡ ਦੇ ਪੁਲਾੜ ਵਿਗਿਆਨੀ ਸਰ ਫਰੈੱਡ ਹੋਇਲ ਨੇ ਬੀ. ਬੀ. ਸੀ. ਦੇ ਰੇਡੀਓ ਪ੍ਰਸਾਰਣ ਦੌਰਾਨ ਇਸ ਥਿਊਰੀ ਦਾ ਮਜ਼ਾਕ ਉਡਾਉਂਦਿਆਂ ਪਹਿਲੀ ਵਾਰੀ ਇਹ ਨਾਂ ਵਿਅੰਗਾਤਮਕ ਢੰਗ ਨਾਲ ਉਛਾਲਿਆ, ਕਿਉਂਕਿ ਉਹ ਇਸ ਥਿਊਰੀ ਦਾ ਸਮਰਥਕ ਨਹੀਂ ਸੀ। ਇਸ ਉਪਰੰਤ ਇਸ ਕਿਊਰੀ ਦਾ ਨਾਂ 'ਬਿੱਗ ਬੈਂਗ ਥਿਊਰੀ' ਪ੍ਰਚਲਿਤ ਹੋ ਗਿਆ।

### ਬਿੱਗ ਬੈਂਗ ਥਿਊਰੀ ਦੇ ਸਮਰਥਨ ਵਿਚ ਪ੍ਰਮਾਣ

ਬ੍ਰਹਿਮੰਡ ਦੇ ਆਗਾਜ਼ ਦੀ ਕਿਸੇ ਵੀ ਹੋਰ ਥਿਊਰੀ ਦੇ ਸਮਰਥਨ ਵਿਚ ਐਨੇ ਪ੍ਰਮਾਣ ਹਾਸਿਲ ਨਹੀਂ ਹੋਏ ਹਨ, ਜਿੰਨੇ ਬਿੱਗ ਬੈਂਗ ਥਿਊਰੀ ਲਈ। ਆਓ ਦੋ ਮੁੱਖ ਪ੍ਰਮਾਣਾਂ ਉਤੇ ਚਰਚਾ ਕਰੀਏ।

(ੳ) ਬ੍ਰਹਿਮੰਡ ਦਾ ਲਗਾਤਾਰ ਹੋ ਰਿਹਾ ਪਸਾਰ- ਸੰਨ 1929 ਈ. ਵਿਚ ਸਭ ਤੋਂ ਪਹਿਲਾਂ ਐਡਵਿਨ ਹੱਬਲ (ੲਦੱਨਿ ਹੁਬਬਲੲ) ਨਾਂ ਦੇ ਅਮਰੀਕੀ ਪੁਲਾੜ ਵਿਗਿਆਨੀ ਨੇ ਖੋਜਿਆ ਕਿ ਬ੍ਰਹਿਮੰਡ ਵਿਚ ਮੌਜੂਦ ਅਰਬਾਂ-ਖਰਬਾਂ ਗਲੈਕਸੀਆਂ ਸਥਿਰ ਨਹੀਂ ਹਨ, ਬਲਕਿ ਇਹ ਲਗਾਤਾਰ ਇਕ ਦੂਜੇ ਤੋਂ ਦੂਰ ਜਾ ਰਹੀਆਂ ਹਨ। ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ। ਉਸ ਨੇ ਇਸ ਸਚਾਈ ਨੂੰ ਡੌਪਲਰ ਪ੍ਰਭਾਵ ਦੇ ਸਿਧਾਂਤ ਨਾਲ ਸਾਬਤ ਕੀਤਾ।

ਡੌਪਲਰ ਪ੍ਰਭਾਵ ਅਨੁਸਾਰ ਜਦੋਂ ਪ੍ਰਕਾਸ਼ ਦਾ ਸ੍ਰੋਤ ਅਤੇ ਪ੍ਰੇਖਕ ਇਕ ਦੂਜੇ ਦੇ ਸਾਪੇਖੀ ਗਤੀ ਕਰਦੇ ਹਨ ਤਾਂ ਪ੍ਰਕਾਸ਼ ਦੀ ਮਾਪੀ ਗਈ ਤਰੰਗਲੰਬਾਈ ਵਿਚ ਅਸਲ ਨਾਲੋਂ ਅੰਤਰ ਆ ਜਾਂਦਾ ਹੈ। ਜੇ ਕੋਈ ਪ੍ਰਕਾਸ਼ ਦਾ ਸ੍ਰੋਤ ਪ੍ਰੇਖਕ ਤੋਂ ਦੂਰ ਜਾ ਰਿਹਾ ਹੋਵੇ ਤਾਂ ਪ੍ਰੇਖਕ ਨੂੰ ਉਸ ਤੋਂ ਆਉਣ ਵਾਲੇ ਪ੍ਰਕਾਸ਼ ਦੀ ਤਰੰਗਲੰਬਾਈ ਲਗਾਤਾਰ ਵਧਦੀ ਹੋਈ ਪ੍ਰਤੀਤ ਹੋਵੇਗੀ। ਇਸ ਦੇ ਉਲਟ ਵੀ ਸੱਚ ਹੈ, ਭਾਵ ਜੇ ਪ੍ਰਕਾਸ਼ ਦਾ ਸ੍ਰੋਤ ਪ੍ਰੇਖਕ ਵੱਲ ਨੂੰ ਗਤੀ ਕਰ ਰਿਹਾ ਹੋਵੇ ਤਾਂ ਤਰੰਗਲੰਬਾਈ ਲਗਾਤਾਰ ਘਟਦੀ ਪ੍ਰਤੀਤ ਹੁੰਦੀ ਹੈ। ਐਡਵਿਨ ਹੱਬਲ ਨੇ ਅਲੱਗ-ਅਲੱਗ ਗਲੈਕਸੀਆਂ ਤੋਂ ਆ ਰਹੇ ਪ੍ਰਕਾਸ਼ ਦਾ ਅਧਿਐਨ ਕੀਤਾ। ਉਸ ਨੇ ਨੋਟ ਕੀਤਾ ਕਿ ਇਨ੍ਹਾਂ ਤੋਂ ਆਉਣ ਵਾਲੇ ਪ੍ਰਕਾਸ਼ ਦੀ ਤਰੰਗਲੰਬਾਈ ਲਗਾਤਾਰ ਵਧ ਰਹੀ ਹੈ, ਭਾਵ ਕਿ ਦ੍ਰਿਸ਼ਟੀਮਾਨ ਪ੍ਰਕਾਸ਼ ਦੇ ਸਪੈਕਟ੍ਰਮ ਉਤੇ ਇਹ ਲਾਲ ਰੰਗ ਵੱਲ ਨੂੰ ਖਿਸਕ ਰਹੀ ਹੈ। ਇਸ ਨੂੰ 'ਰੈੱਡਸ਼ਿਫਟ' ਕਿਹਾ ਜਾਂਦਾ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਹ ਗਲੈਕਸੀਆਂ ਲਗਾਤਾਰ ਸਾਡੇ ਤੋਂ ਅਤੇ ਇਕ ਦੂਜੇ ਤੋਂ ਵੀ ਦੂਰ ਹਟ ਰਹੀਆਂ ਹਨ। ਇਸ ਤਰ੍ਹਾਂ ਇਹ ਸਾਬਤ ਹੁੰਦਾ ਹੈ ਕਿ ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ।

ਜੇ ਇਸੇ ਗੱਲ ਨੂੰ ਹੁਣ ਉਲਟ ਕ੍ਰਮ ਵਿਚ ਸੋਚ ਕੇ ਵੇਖੀਏ ਤਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬੀਤੇ ਸਮੇਂ ਵਿਚ ਇਹ ਗਲੈਕਸੀਆਂ ਇਕ ਦੂਜੇ ਦੇ ਨੇੜੇ ਰਹੀਆਂ ਹੋਣਗੀਆਂ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਕਰੀਬ 14-15 ਬਿਲੀਅਨ ਸਾਲ ਪਹਿਲਾਂ ਬ੍ਰਹਿਮੰਡ ਦਾ ਮੁੱਢਲਾ ਰੂਪ ਇਕ ਕਿਣਕਾ-ਮਾਤਰ ਰਿਹਾ ਹੋਵੇਗਾ, ਜਿਸ ਤੋਂ ਇਸ ਨੇ ਪਸਾਰ ਕਰਨਾ ਸ਼ੁਰੂ ਕੀਤਾ ਹੋਵੇਗਾ ਅਤੇ ਅਜੇ ਵੀ ਲਗਾਤਾਰ ਪਸਾਰ ਕਰ ਰਿਹਾ ਹੈ। ਇਸ ਤਰ੍ਹਾਂ ਹੱਬਲ ਦੀ ਖੋਜ ਤੋਂ ਲੇਮਾਈਟ੍ਰੇ ਦੀ ਬਿੱਗ ਬੈਂਗ ਥਿਊਰੀ ਨੂੰ ਬਲ ਮਿਲਦਾ ਹੈ।

(ਅ) ਪੁਲਾੜ ਵਿਚ ਕਾਸਮਿਕ ਮਾਈਕ੍ਰੋਵੇਵ ਬੈਕਗ੍ਰਾਊਂਡ ਰੇਡੀਏਸ਼ਨਜ਼ ਦੀ ਮੌਜੂਦਗੀ- ਪੁਲਾੜ ਵਿਚ ਕਾਸਮਿਕ ਮਾਈਕ੍ਰੋਵੇਵ ਬੈਕਗ੍ਰਾਊਂਡ ਰੇਡੀਏਸ਼ਨਜ਼ (ਛੋਸਮਚਿ ਮਚਿਰੋਅਵੲ ਬਅਚਕਗਰੋੁਨਦ ਰਅਦਇਅਟਿੋਨਸ) ਦੀ ਮੌਜੂਦਗੀ ਵੀ ਬਿੱਗ ਬੈਂਗ ਥਿਊਰੀ ਦਾ ਸਮਰਥਨ ਕਰਦੀ ਹੈ। ਇਹ ਉਹ ਤਾਪ ਵਿਕਿਰਣਾਂ ਹਨ ਜੋ ਪੁਲਾੜ ਦੇ ਹਰ ਕੋਨੇ ਵਿਚ ਮੌਜੂਦ ਹਨ।

ਸਧਾਰਣ ਰਵਾਇਤੀ ਟੈਲੀਸਕੋਪ ਦੁਆਰਾ ਦੇਖੇ ਜਾਣ ਤੇ, ਤਾਰਿਆਂ ਅਤੇ ਗਲੈਕਸੀਆਂ ਦੇ ਵਿਚਲੀ ਖਾਲੀ ਥਾਂ, ਭਾਵ ਪਿੱਠ-ਭੂਮੀ ਵਿਚ ਪੂਰਨ ਹਨੇਰਾ ਨਜ਼ਰ ਆਉਂਦਾ ਹੈ, ਪ੍ਰੰਤੂ ਸੰਵੇਦਨਸ਼ੀਲ ਰੇਡੀਓ-ਟੈਲੀਸਕੋਪ ਦੁਆਰਾ ਦੇਖੇ ਜਾਣ ਤੇ ਇਸ ਵਿਚ ਇਕ ਮੱਧਮ ਜਿਹਾ ਚਾਨਣ ਦਿਖਾਈ ਦਿੰਦਾ ਹੈ। ਇਹ ਚਾਨਣ ਇਨ੍ਹਾਂ ਤਾਪ ਵਿਕਿਰਣਾਂ ਕਰਕੇ ਹੀ ਹੈ। ਇਹਨਾਂ ਦੀ ਤੀਬਰਤਾ ਅਤੇ ਆਵ੍ਰਿਤੀ ਪੁਲਾੜ ਵਿਚ ਹਰ ਜਗ੍ਹਾ ਅਤੇ ਹਰ ਦਿਸ਼ਾ ਵਿਚ ਇਕੋ ਜਿਹੀ ਪਾਈ ਗਈ ਹੈ। ਇਸ ਤਰ੍ਹਾਂ ਇਹ ਕਹਿਣਾ ਸੰਭਵ ਹੈ ਕਿ ਇਨ੍ਹਾਂ ਦਾ ਸਬੰਧ ਕਿਸੇ ਵਿਸ਼ੇਸ਼ ਇਕਹਿਰੀ ਖਗੋਲੀ ਵਸਤੂ ਨਾਲ ਨਹੀਂ, ਬਲਕਿ ਪੂਰੇ ਬ੍ਰਹਿਮੰਡ ਨਾਲ ਹੀ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਇਹ ਰੇਡੀਏਸ਼ਨਾਂ 'ਬਿੱਗ ਬੈਂਗ' ਘਟਨਾ ਦੌਰਾਨ ਉਤਪੰਨ ਹੋਈ ਊਰਜਾ ਦਾ ਠੰਢਾ ਹੋ ਚੁੱਕਾ ਅਵਸ਼ੇਸ਼ ਹੀ ਹੈ।

ਕਾਸਮਿਕ ਮਾਈਕ੍ਰੋਵੇਵ ਬੈਕਗ੍ਰਾਊਂਡ ਰੇਡੀਏਸ਼ਨਜ਼ ਦੀ ਖੋਜ ਜਰਮਨੀ ਦੇ ਜੰਮਪਲ ਪੁਲਾੜ ਵਿਗਿਆਨੀ ਆਰਨੋ ਐਲਨ ਪੈਂਜ਼ੀਆਜ਼ (ੳਰਨੋ ੳਲਲਅਨ ਫੲਨਡਅਿਸ) ਅਤੇ ਅਮਰੀਕੀ ਪੁਲਾੜ ਵਿਗਿਆਨੀ ਰਾਬਰਟ ਡਬਲਿਊ. ਵਿਲਸਨ (੍ਰੋਬੲਰਟ ੱ। ੱਲਿਸੋਨ) ਨੇ 1964 ਈ. ਵਿਚ ਕੀਤੀ ਜਦੋਂ ਉਹ ਬੈੱਲ ਟੈਲੀਫੋਨ ਲੈਬਾਰਟਰੀਜ਼, ਨਿਊ ਜਰਸੀ, ਯੂਨਾਇਟਡ ਸਟੇਟਸ ਲਈ ਕੰਮ ਕਰ ਰਹੇ ਸਨ।

(ਚਲਦਾ)

# ਰੋਹਿਤ ਵੇਮੁਲਾ ਦੀ ਆਤਮ ਹੱਤਿਆ ਦੇ ਸਬੰਧ ਵਿਚ 'ਦਾ ਹਿੰਦੂ' ਅਤੇ 'ਦਾ ਟ੍ਰਿਬਿਊਨ' ਅਖਬਾਰ ਦੀ ਪ੍ਰਤੀਕਿਰਿਆ ਅਸੀਂ ਪਾਠਕਾਂ ਦੀ ਜਾਣਕਾਰੀ ਲਈ ਧੰਨਵਾਦ ਸਹਿਤ ਦੇ ਰਹੇ ਹਾਂ।

TUESDAY, JANUARY 19, 2016

## Death of a Dalit scholar

The suicide of Rohith Vemula, a Dalit research scholar at the University of Hyderabad, is yet another tragic testimony to the feudal passions of caste that roil India's institutions of higher education, which are known to harbour delusions of being meritocracies. Vemula was one of five Dalit students, all belonging to the Ambedkar Students Association (ASA), who had been suspended by the administration. The 'suspension' order allowed them to continue their studies in the university but denied them entry to the hostels, administration building and other common places in groups. It is difficult to imagine a more blatant exhibition of social boycott than such a punitive measure, directed at a group of students from a socially disadvantaged community. That this comes from the governing elite of a central university makes it even more appalling. The ostensible reason for the suspension of Vemula and the four others was an alleged clash between students belonging to the ASA and the Akhil Bharatiya Vidyarthi Parishad (ABVP), an affiliate of the right-wing Sangh Parivar. An inquiry by the university culminated in the suspension order. It was against this punitive measure that they had been protesting. On Sunday, the young scholar decided to cut short both his protest and his life. His suicide note, which was posted on social media, states categorically that no one is responsible for his act, a statement that should not be taken at face value.

The police have registered cases against Union Minister of State for Labour and Employment Bandaru Dattatreya, the University of Hyderabad Vice-Chancellor P. Appa Rao, and two ABVP activists on charges of abetment to suicide, and violation of the SC and ST (Prevention of Atrocities) Act. Activists say the circumstances leading to Vemula's death were sparked by a letter from Mr. Dattatreya to Human Resource Development Minister Smriti Irani, charging the ASA with being "extremist" and "anti-national". Trying to make sense of a death by suicide is an onerous, and frequently futile, exercise. But Vemula's death demands it, not least because it is a national shaming. It brings the Indian state face to face with its utter failure in addressing the social evil of caste and casteist discrimination. The Thorat Committee, constituted some years ago to investigate differential treatment of SC/ST students in just one institution, the All India Institute of Medical Sciences, Delhi, had come out with a damning indictment of the way Dalit students were treated. Forced into ghettoes in the hostel, discriminated against by teachers, denied access to sporting and cultural activities, SC/ST students in India's premier educational institutions walk into an environment that's virulently hostile to them. Not surprisingly, according to one estimate, in the last four years 18 Dalit students chose to end their lives rather than continue to battle on in these dens of caste prejudice and social exclusion. The first step toward treating the rot of caste is to acknowledge it — after Vemula's tragic death, it would be a crime not to.

The Tribune - 19 January.

## Union minister named in suicide FIR

DALIT STUDENT'S DEATH

HYDERABAD, JANUARY 18

Union Labour Minister Bandaru Dattatreya and Hyderabad University Vice-Chancellor were today named in an FIR over the alleged suicide of a Dalit student, triggering massive protests and demands for their removal from their posts.

The issue also took a political turn with allegations that the extreme action was a result of discrimination against Dalit students at the behest of Dattatreya, who had written to HRD Minister Smriti Irani, seeking action against their "anti-national acts". The dead student, Rohit Vemula, was among the five research scholars who were suspended by Hyderabad Central University in August last year and also one of the accused in the case of assault on a student leader. They were also kept out of the hostel.



Students hold a protest outside the HRD Ministry office over suicide of a PhD scholar, in New Delhi on Monday. PHOTO: MANAS RANJAN BHUI

Facing protests outside her office and residence in the Delhi, Irani said she would not make any political statement but await the report of a fact-finding committee.

She said the government neither intervenes in the functioning of the university nor does it have any administrative control over it.

The Vice-Chancellor said he would quit if the "majority" of the students, faculty and administrative want it. He said the action against the Dalit students had happened much before he had come into the picture. PTI




## University missed warning signals

I knew something was wrong, Rohith was not talking to anyone including me, says mother

NIKHILA HENRY

HYDERABAD: Rohith Vemula, the Dalit research scholar, who killed himself on Sunday, had sent warning signals long before taking the drastic step.

In a letter dated December 18, 2015 that bordered on a suicide note, he had asked the university authorities to offer "euthanasia" for him and other research scholars.

In the note, he described some possible modes of suicide. Vemula asked the Vice-Chancellor to supply, "a nice rope to the rooms of all Dalit students through the chief warden... or serve 10 mg of sodium azide to all the Dalit students at the time of admission." The letter was submitted along with a petition demanding that the university administration revoke their expulsion from hostels.

As per the order issued by the university on December 16, all five Dalit students — Rohit, D. Prashanth, Vijaya Kumar, C. Seshaiah and V. Sunkanna — were barred from contesting student union elections, apart from entering hostels, administrative buildings and other common places in groups. All students were part of the Ambedkar Students Association (ASA).

Students who stayed put at the New Research Scholars' (NRS) hostel, keeping watch over the body of Rohith, did not allow the police to enter it till 7.30 a.m.

Lighting a camp fire, over 100 students belonging to various political outfits barred entry into the hostel premises in the early hours of Monday even as the Cyberabad police brought in a Rapid Intervention Vehicle to quell the agitation. Massive police and Rapid Action Force presence was found on the campus till Monday morning.

Speaking to *The Hindu*, Rohith's mother, Radhika, who arrived on the spot on Monday, said, "I knew something was wrong, he was not talking to anyone, including me. The university is answerable." Ms. Radhika, who has separated from her husband, said she wanted to cremate her son in Uppal in Hyderabad where they are staying in a rented flat. However, with "police insistence we were forced to cremate the body at Amberpet [also in the city] electric crematorium even when most of our family members had not reached the spot."

Rohith was the eldest of her two sons.

### Protests spiral out

Protests against the student suicide spiralled out of UoH with students from Osmania University and English and Foreign Languages University taking out rallies and burning the effigy of Union Minister Bandaru Dattatreya and Vice-Chancellor P. Appa Rao.

Protests were staged in Jawaharlal Nehru University, New Delhi, Tata Institute of Social Sciences, Mumbai, Madras Institute of Development Studies, Chennai, Indian Institute of Technology, Bombay, Mahatma Gandhi University, Kottayam and districts in Kerala, including Thiruvananthapuram, . Kozhikode, and Malappuram.

### THE STIR THAT SNATCHED AWAY A SCHOLAR

Here is a look at the events leading to Rohith Vemula's death in Hyderabad



**July 30, 2015** - Twelve students of University of Hyderabad conduct a funeral prayer. Students of Ambedkar Students Association were present

**August 3**: ASA protests ABVP attack on a documentary screening - 'Muzaffar Nagar Baqi Hai'

**August 3** - Susheel Kumar, an ABVP leader, posts anti-ASA post on Facebook inciting hatred against ASA

**August 4, 1 am** - A scuffle follows after 30 students demand apology from ABVP

**August 31** - University of Hyderabad penalises five students

**Dec. 16**- The five students are expelled

**January 13, 2016** - Students lay seige of administrative office

**January 17** - Rohith Vemula kills himself

### MP blames it on Labour Minister

NISTULA HEBBAR

NEW DELHI: TRS MP K. Kavitha has squarely blamed the actions of the Labour Minister and the HRD Ministry for precipitating the suicide of University of Hyderabad student Rohith Vemula.

Speaking to *The Hindu*, Ms. Kavitha said: "There was a small scuffle between the ABVP and the Ambedkar Students Association and the initial enquiry had a finding that would have resolved the situation to the extent that they were to be let off with a warning. What was the need for the Union Minister to write to the V-C and the HRD Ministry?" she asked.

### Team sent to Hyderabad

NATIONAL BUREAU

NEW DELHI: The Human Resource Development (HRD) Ministry sent a two-member team to look into the suicide of Dalit research scholar V Rohith in Hyderabad even as the Congress demanded the sacking of Union Minister for Labour Bandaru Dattatreya after he was booked in the case for abetment to suicide.

The HRD team, comprising Officer on Special Duty (OSD) in the Ministry, Shakila T Shamsu, and Deputy Secretary Surat Singh, will look into the matter and submit its report to the Ministry.


ਜੋਤੀ ਰਾਉ ਫੂਲੇ


ਡਾ ਅੰਬੇਡਕਰ

## (ਬਾਬਾਣੀਆਂ ਕਹਾਣੀਆਂ ਪੁੱਤ ਸਪੁਤ ਕਰੇਨਿ)

# ਗ਼ੁਲਾਮਗਿਰੀ

(ਪ੍ਰਸੰਗ ਲਿਖਤ 1872 ਈ: ਅਤੇ ਮਹਾਤਮਾ ਜੋਤੀ ਰਾਉ ਫੂਲੇ ਧਨੰਜੇ ਕੀਰ) 'ਜੋਤੀ ਰਾਉ ਫੂਲੇ ਦਰਸ਼ਨ' ਵਿੱਚੋਂ

## ਜੋਤੀ ਰਾਉ ਦੇ ਇਤਿਹਾਸਕ ਪ੍ਰਵਰਤਨ ਦੀ ਮਹਾਨ ਕਥਾ


ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

**(ਤੀਜੀ ਕਿਸਤ)**

ਬ੍ਰਾਹਮਣੀ ਯੱਗਾਂ ਦੇ ਨੇੜੇ ਸ਼ੂਦਰਾਂ ਦਾ ਜਾਣਾ ਹਮੇਸ਼ਾਂ ਵਰਜਿਤ ਰਿਹਾ ਹੈ। ਤਾਂ ਕਿ ਉਹ ਵਿਚਾਰ ਕੀਤੇ ਗਏ ਮਾਮਲੇ ਨੂੰ ਸੁਣ ਨਾ ਸਕਣ। ਜਦੋਂ ਸ਼ੂਦਰ ਲੋਕ ਕਦੀ ਇਕੱਠੇ ਹੋ ਕੇ ਆਪਣੀਆਂ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ ਕਰਦੇ ਤਾਂ ਇਹ ਵੀ ਇੱਕ ਤਰ੍ਹਾਂ ਦਾ ਯੱਗ ਹੀ ਹੁੰਦਾ ਸੀ। ਬ੍ਰਾਹਮਣਾਂ ਦੇ ਯੱਗਾਂ ਵਿੱਚ ਪਸ਼ੂ ਬਲੀਆਂ ਅਤੇ ਸੁਰਾ ਪਾਨ ਦੇ ਨਾਂ 'ਤੇ ਖਾਣ ਪੀਣ ਦਾ ਵੱਡਾ ਸਾਧਨ ਜੁਟਾਇਆ ਜਾਂਦਾ ਸੀ। ਰਾਜੇ ਹੀ ਇਸਦਾ ਪ੍ਰਬੰਧ ਕਰਦੇ ਸਨ। ਨਰ ਬਲੀਆਂ ਤਾਂ ਬ੍ਰਾਹਮਣੀ ਧਰਮ ਦੇ ਵਿਰੋਧੀਆਂ ਨੂੰ ਦਿੱਤੀਆਂ ਜਾਂਦੀਆਂ ਮੌਤ-ਸਜਾਵਾਂ ਹੀ ਸਨ। ਯੱਗ ਆਰੀਆ ਦੇ ਸੰਗਠਨ ਹੋਣ ਤੇ ਹਮਲੇ ਦੀ ਤਿਆਰੀ ਦਾ ਸਾਧਨ ਸੀ। ਜਦੋਂ ਦੈਂਤ ਭਾਵ ਭਾਰਤੀ ਸਮਾਜ ਦੇ ਲੋਕ ਜਾਂ ਰਾਜੇ ਆਦਿ ਇਸ ਤਰ੍ਹਾਂ ਇਕੱਠੇ ਹੁੰਦੇ ਤਾਂ ਅਜਿਹਾ ਹੋਣਾ, ਆਰੀਆ ਲਈ ਖਤਰੇ ਦੀ ਘੰਟੀ ਹੁੰਦਾ ਸੀ। ਜਦੋਂ ਕਦੀ ਭਾਰਤੀ ਲੋਕਾਂ ਨੇ ਆਰੀਆ ਨੂੰ ਹਰਾਉਣ ਤੇ ਮਾਰ ਭਜਾਉਣ ਲਈ ਵੱਡਾ ਇਕੱਠ ਕੀਤਾ ਤਾਂ ਬ੍ਰਾਹਮਣਾਂ ਨੇ ਅਕਲ ਤੋਂ ਕੰਮ ਲਿਆ। 'ਬੋਧ ਅਵਤਾਰ' ਬਣੇ। ਮੈਲ਼ੇ ਕੱਪੜੇ ਪਾਏ ਤੇ ਜੀਵ ਹੱਤਿਆ ਦੇ ਪਾਪ ਦਾ ਸਿਧਾਂਤ ਸਮਝਾਇਆ। ਜਦੋਂ ਸ਼ੂਦਰਾਂ ਦੇ ਅਬੋਧ ਮਨਾਂ 'ਚ ਇਹ ਗੱਲ ਉੱਤਰ ਗਈ ਤੇ ਉਹ ਅਹਿੰਸਾ ਭਗਤ ਬਣ ਗਏ ਤਾਂ ਉਹ ਬੈਠਣ ਵੇਲ਼ੇ, ਵੀ ਚੌਰੀ ਫੇਰਨ ਲੱਗੇ, ਕੱਪੜੇ ਧੋਣ ਤੋਂ ਵੀ ਗੁਰੇਜ ਕਰਨ ਲੱਗੇ, ਇਉਂ ਉਹ ਬੌਧਿਕ ਤੌਰ 'ਤੇ ਅਪਾਹਜ ਅਤੇ ਸਰੀਰਕ ਤੇ ਮਾਨਸਿਕ ਤੌਰ 'ਤੇ ਹਿਜੜਿਆਂ ਵਾਂਗ ਹੋ ਗਏ। ਇਉਂ ਅਪਾਹਜ ਹੋਏ ਸਮਾਜ ਨੂੰ ਦੇਵਤਿਆਂ ਨੇ ਕਾਬੂ ਕਰ ਲਿਆ ਤੇ ਰਾਜ ਭਾਗ ਖੋਹ ਲਿਆ।

ਮਹਾਤਮਾ ਗਾਂਧੀ ਦਾ ਅਹਿੰਸਾ ਦਾ ਇਹੀ ਸਿਧਾਂਤ ਸੀ ਜੋ ਉਸਨੇ ਨੰਗੇ ਰਹਿ ਕੇ, ਮਾਮੂਲੀ ਧੋਤੀ ਬੰਨ੍ਹ ਕੇ, ਭਾਰਤ ਦੇ ਅਛੂਤ ਅਤੇ ਸਛੂਤ ਲੋਕਾਂ ਨੂੰ ਅਹਿੰਸਾ ਦਾ ਪਾਠ ਰਟਾਇਆ। ਤਾਂ ਕਿ ਉਹ ਆਪਣੀ ਅਜ਼ਾਦੀ ਲਈ ਕਦੀ ਹਿੰਸਕ ਨਾ ਬਣ ਸਕਣ। ਇਹ ਕੋਰਾ ਝੂਠ ਹੈ ਕਿ ਇਹ ਸਿਧਾਂਤ ਮਹਾਤਮਾ ਬੁੱਧ ਦਾ ਹੈ। ਮਹਾਤਮਾ ਬੁੱਧ ਗੁਨਾਹਗਾਰਾਂ ਤੇ ਅੱਤਿਆਚਾਰੀਆਂ ਨਾਲ਼ ਕਰਾਰੇ ਹੱਥ ਕਰਨ ਦਾ ਹਾਮੀ ਸੀ। ਬੁੱਧ ਨੇ ਜ਼ੁਲਮ ਬਰਦਾਸ਼ਤ ਕਰਨ ਵਾਲ਼ਿਆਂ ਨੂੰ ਬਖਸ਼ਣ ਵਾਲ਼ਾ ਸਿਧਾਂਤ ਨਹੀਂ ਦਿੱਤਾ। ਅਹਿੰਸਾ ਦਾ ਸਿਧਾਂਤ, ਹਿੰਸਕਾਂ ਨੇ ਹੀ ਪੇਸ਼ ਕੀਤਾ, ਮਜ਼ਲੂਮਾਂ ਨੂੰ ਅਪਾਹਜ ਬਣਾਈ ਰੱਖਣ ਲਈ। ਬੁੱਧ ਦੀ ਆਪਣੀ ਤਲਵਾਰ ਅੱਜ ਵੀ ਮੌਜੂਦ ਹੈ।

ਦੂਜੇ ਪਾਸੇ ਹਿੰਦੂਆਂ ਦੇ ਭਗਵਾਨ ਕ੍ਰਿਸ਼ਨ, ਵੇਦ ਵਿਆਸ ਅਤੇ ਬ੍ਰਾਹਮਣਾਂ ਨੇ ਰਾਜਾ ਯੁਧਿਸ਼ਟਰ ਨੂੰ ਸਮਝਾਇਆ:-

(32) 'ਪ੍ਰਿਥਵੀ ਅਤੇ ਰਾਜ ਗੱਦੀ ਲੈਣ ਵਾਸਤੇ ਪਿਉ ਪੁੱਤ ਨੂੰ ਅਤੇ ਭਾਈ ਭਾਈ ਨੂੰ ਮਾਰ ਸੁੱਟਦਾ ਹੈ। ਜਿਸ ਤਰ੍ਹਾਂ ਉਹ ਲੋਕ ਰਾਜ ਗੱਦੀ ਪਾ ਕੇ, ਅਸਮੇਧ ਯੱਗ ਕਰਕੇ ਉਹਨਾਂ ਪਾਪਾਂ ਤੋਂ ਛੁੱਟ ਗਏ ਹਨ ਉਸੇ ਤਰ੍ਹਾਂ ਤੇਰਾ ਪਾਪ ਵੀ ਅਸਮੇਧ ਰਾਜਸੂ ਕਰਨ ਤੋਂ ਖਤਮ ਹੋ ਜਾਵੇਗਾ।' ਦੇਖੋ ਬ੍ਰਾਹਮਣੀ ਸਿਧਾਂਤ ਹਿੰਸਾ ਦੇ ਅੰਤਮ ਰੂਪ ਨੂੰ ਵੀ ਪੇਸ਼ ਕਰਦਾ ਹੈ ਤੇ ਪਿਉ ਪੁੱਤ ਭਰਾ ਆਦਿ ਕਿਸੇ ਨੂੰ ਮਾਰਨ 'ਤੇ ਪਾਪ ਨਹੀਂ ਮੰਨਦਾ। ਜੇ ਅਸੀਂ ਬ੍ਰਾਹਮਣ ਨੱਥੂ ਰਾਮ ਗੌਡਸੇ ਵੱਲੋਂ ਹਿੰਦੂਆਂ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ, ਜਿਸਨੇ 38-39 ਵਰ੍ਹੇ ਹਿੰਦੂ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ, ਨੂੰ ਗੋਲ਼ੀ ਮਾਰ ਦੇਣ ਦਾ ਭੇਦ ਸਮਝੀਏ ਤਾਂ, ਸਾਨੂੰ ਭਗਵਾਨ ਕ੍ਰਿਸ਼ਨ, ਵੇਦ ਵਿਆਸ ਰਿਸ਼ੀ ਅਤੇ ਬ੍ਰਾਹਮਣਾਂ ਦੇ ਹਿੰਸਾ ਦੇ ਸਿਧਾਂਤ ਦੀ ਸਮਝ ਬੜੀ ਅਸਾਨੀ ਨਾਲ਼ ਪੈ ਸਕਦੀ ਹੈ। ਜਿਸ ਮਨੁੱਖ ਨੇ ਸ਼ੂਦਰਾਂ ਨੂੰ ਅਹਿੰਸਾ ਦਾ ਪਾਠ ਰਟਾਇਆ ਉਹ ਆਦਮੀ ਬ੍ਰਾਹਮਣ ਦੀ ਹਿੰਸਾ ਦਾ ਸ਼ਿਕਾਰ ਹੋਇਆ। ਸ਼ੂਦਰਾਂ ਦੇ ਮਨ 'ਚ ਤਾਂ ਸਰੇਵੜੇ ਅਵਤਾਰ ਨੇ ਹੀ ਜੀਵ ਹੱਤਿਆ ਦਾ ਸਿਧਾਂਤ ਠੋਕ ਠੋਕ ਕੇ ਭਰ ਦਿੱਤਾ ਹੈ। ਹਰ ਚੀਜ ਦੀ ਕੋਈ ਨਾ ਕੋਈ ਹੱਦ ਹੁੰਦੀ ਹੈ। ਪਰੰਤੂ ਭਾਰਤੀ ਨਿਮਨ ਜਾਤੀ ਸਮਾਜ ਦੀ ਮੂਰਖਤਾ ਵੀ ਭਗਵਾਨ ਵਾਂਗ ਅਨੰਤ ਤੇ ਬੇਅੰਤ ਹੈ। ਇਉਂ ਬ੍ਰਾਹਮਣੀ ਵੈਦਕ ਸਿਧਾਂਤਾਂ ਤੇ ਬ੍ਰਾਹਮਣ ਰਿਸ਼ੀਆਂ ਮੁਨੀਆਂ ਨੇ ਸ਼ੂਦਰਾਂ ਨੂੰ ਮਾਨਸਿਕ ਅਪਾਹਜ ਕੀਤਾ ਹੈ। ਪ੍ਰੰਤੂ ਖੁਦ ਹਿੰਸਾ ਜਾਰੀ ਰੱਖੀ।

ਕਲਯੁਗ ਦਾ ਅਰਥ ਭਾਗਵਤ ਵਿੱਚ ਇਸ ਤਰ੍ਹਾਂ ਹੈ :

(ਸਫਾ 49) 'ਬ੍ਰਾਹਮਣ ਲੋਕ ਵੇਦ ਪੜ੍ਹਨ ਤੋਂ ਆਲਸ ਕਰਦੇ ਹਨ। ਸ਼ੂਦਰ ਵੇਦ ਅਤੇ ਪੁਰਾਣਾਂ ਦੀ ਕਥਾ ਕਰਦੇ ਹਨ। ਕਸ਼ੱਤਰੀਆਂ ਨੇ ਬ੍ਰਾਹਮਣਾਂ ਅਤੇ ਗਊਆਂ ਦੀ ਰੱਖਿਆ ਕਰਨਾ ਛੱਡ ਦਿੱਤਾ ਹੈ। ਇਸ ਵਾਸਤੇ ਤੂੰ (ਭਾਵ ਧਰਤੀ) ਰੋਂਦੀ ਹੈਂ, ਜਾਂ ਕ੍ਰਿਸ਼ਨ ਦੇਵ ਤੇਰੇ ਪਾਸੋਂ ਬੈਕੁੰਠ ਚਲੇ ਗਏ ਜਾਂ ਅਧਰਮੀ ਰਾਜੇ ਤੇਰੇ ਉੱਪਰ ਹੋਏ ਹਨ (ਭਾਵ ਰਾਜ ਕਰਦੇ ਹਨ)'।

ਜਦੋਂ ਸ਼ੂਦਰਾਂ ਨੇ ਵੇਦ ਪੁਰਾਣ ਪੜ੍ਹ ਲਏ, ਸਮਝ ਲਏ ਤਾਂ ਯਕੀਨਨ ਬ੍ਰਾਹਮਣ ਆਪਣੇ ਝੂਠ ਤੋਂ ਭੈਭੀਤ ਹੋਣਗੇ ਤੇ ਪਾਸਾ ਵੱਟਣਗੇ। ਕ੍ਰਿਸ਼ਨ ਦਾ ਜਨਮ ਸਾਫ਼ ਹੈ ਕਿ ਵੇਦ ਪਾਠ, ਬ੍ਰਾਹਮਣ ਅਤੇ ਗਊ ਦੀ ਰੱਖਿਆ ਸੀ। ਕਲਯੁਗ ਇਸ ਲਈ ਹੈ ਕਿ ਅਧਰਮੀ, ਭਾਵ ਜੋ ਬ੍ਰਾਹਮਣੀ ਹੁਕਮਾਂ ਤੋਂ ਉਲਟ ਹਨ, ਉਹ ਭਾਰਤੀ ਧਰਤੀ 'ਤੇ ਹੁਕਮਰਾਨਾਂ ਵਿੱਚ ਧੜਾ ਧੜ ਸ਼ਾਮਲ ਹੋ ਰਹੇ ਹਨ। ਇਉਂ ਮੁਸਲਮਾਨ, ਮੁਗਲ, ਅੰਗਰੇਜ ਵੀ ਅਧਰਮੀ ਸਨ। 26 ਜਨਵਰੀ 1950 ਤੋਂ ਬਾਅਦ ਮੌਲਿਕ ਅਧਿਕਾਰਾਂ ਨੇ ਸ਼ੂਦਰਾਂ ਨੂੰ ਹੁਕਮਰਾਨਾਂ ਵਿੱਚ ਸ਼ਾਮਲ ਕੀਤਾ ਹੈ। ਉਹ ਕਰੋੜਾਂ ਵਿੱਚ ਪੜ੍ਹਨ ਲੱਗੇ ਹਨ। ਉਹ ਬੋਲਦੇ ਵੀ ਹਨ, ਘੁੰਮਦੇ ਵੀ ਹਨ। ਐਮ.ਐਲ.ਏ., ਐਮ.ਪੀ., ਮੰਤਰੀ, ਉਪ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਵੀ ਬਣਨ ਲੱਗੇ ਹਨ। ਹੁਣ ਉਹ ਪ੍ਰਧਾਨ ਮੰਤਰੀ ਦਾ ਇੰਦਰ ਸਿੰਘਾਸ਼ਣ ਲੈਣ ਦਾ ਯੱਗ ਕਰ ਰਹੇ ਹਨ। ਇਹ ਸਭ ਅਧਰਮ ਹੈ, ਕਲਯੁੱਗ ਹੈ। ਜਿਸਦਾ ਬ੍ਰਾਹਮਣ ਨੇ ਵਰਨਣ ਕੀਤਾ। (ਸਫਾ 51) 'ਤੁਸੀਂ ਆਪਣੀ ਅਕਲ ਨਾਲ਼ ਸਮਝ ਲਵੋ, ਜਦੋਂ ਪ੍ਰੀਛਤ ਨੇ ਅਜੇਹਾ ਗਿਆਨ ਬੈਲ ਰੂਪੀ ਧਰਮ ਤੋਂ ਸੁਣਿਆ ਤਾਂ ਕ੍ਰਿਸ਼ਨ ਜੀ ਦੇ ਚਰਨਾਂ ਦਾ ਧਿਆਨ ਕੀਤਾ ਅਤੇ ਅੰਤਹਕਰਨ ਦੀ ਸ਼ੁੱਧਤਾ ਨਾਲ਼ ਮਾਲੂਮ ਹੋਇਆ ਜੋ ਇਹ ਬੈਲ ਰੂਪੀ ਧਰਮ ਹੈ (ਬ੍ਰਾਹਮਣੀ ਧਰਮ) ਅਤੇ ਗਊ ਰੂਪੀ ਪ੍ਰਿਥਵੀ ਹੈ ਅਤੇ ਸ਼ੂਦਰ ਰੂਪੀ ਕਲਯੁਗ ਹੈ, ਏਸੇ ਸ਼ੂਦਰ ਨੇ ਧਰਮ ਦੇ ਪੈਰ ਤੋੜ ਦੇ ਪ੍ਰਿਥਵੀ ਨੂੰ ਦੁੱਖ ਦਿੱਤਾ ਹੈ।' ਕੀ ਇਹ ਗੱਲ ਕੋਈ ਲੁਕੀ ਛਿਪੀ ਰਹਿ ਗਈ ਹੈ ਕਿ ਬ੍ਰਾਹਮਣ ਦੇ ਬੈਲ ਧਰਮ ਦੇ ਲੱਤ ਪੈਰ ਉਦੋਂ ਹੀ ਟੁੱਟਦੇ ਹਨ ਜਦੋਂ ਸ਼ੂਦਰ ਬੰਦੇ, ਬ੍ਰਾਹਮਣ ਜਮਾਤਾਂ ਕੋਲ਼ੋਂ ਰਾਜ ਭਾਗ ਖੋਹ ਲੈਂਦੇ ਹਨ। ਪ੍ਰਮਾਣ ਵੇਖੋ :-

(ਸਫਾ 52) 'ਤਰੇਤਾ ਯੁੱਗ ਵਿੱਚ ਖਟੁਵਾਂਗ ਰਾਜਾ, ਸੱਤਾਂ ਦੀਪਾਂ ਦਾ ਬੜਾ ਪ੍ਰਤਾਪੀ, ਬਲਵਾਨ, ਨੀਤੀਵਾਨ ਅਤੇ ਧਰਮਾਤਮਾ ਆਪਣੇ 'ਕਰਮ ਅਤੇ ਧਰਮ' ਵਿੱਚ ਅਯੁੱਧਿਆ ਪੁਰੀ ਵਿੱਚ ਰਹਿੰਦਾ ਸੀ। ਉਹਨਾਂ ਦਿਨਾਂ ਵਿੱਚ ਦੈਂਤਾਂ (ਸ਼ੂਦਰਾਂ) ਨੇ ਇੰਦਰ ਆਦਿਕ ਦੇਵਤਿਆਂ ਨੂੰ ਲੜਾਈ ਵਿੱਚ ਜਿੱਤ ਕੇ ਇੰਦਰਪੁਰੀ ਵਿੱਚੋਂ ਕੱਢ ਦਿੱਤਾ। ਤਾਂ ਬ੍ਰਹਿਸਪਤ ਪੁਰੋਹਿਤ ਨੇ ਦੇਵਤਿਆਂ ਨੂੰ ਕਿਹਾ ਕਿ ਜਦੋਂ ਰਾਜਾ ਖਟੁਵਾਂਗ ਤੁਹਾਡੀ ਸਹਾਇਤਾ ਕਰਕੇ ਦੈਂਤਾਂ ਨਾਲ਼ ਲੜਾਈ ਕਰੇ ਤਾਂ ਤੁਹਾਡੀ ਜਿੱਤ ਹੋਵੇਗੀ।' ਦੇਵਤੇ ਬ੍ਰਾਹਮਣਾਂ ਨੂੰ ਕਿਹਾ ਜਾਂਦਾ ਹੈ। ਅਯੁੱਧਿਆ ਵਿੱਚ ਕਸ਼ੱਤਰੀ ਰਾਜ ਸੀ। ਇਸ ਲਈ ਪੁਰੋਹਤ ਭਾਵ ਬ੍ਰਾਹਮਣ ਗੁਰੂ ਨੇ, ਦੇਵਤਿਆਂ ਨੂੰ ਸਲਾਹ ਦਿੱਤੀ ਕਿ ਕਸ਼ੱਤਰੀਆਂ ਨੂੰ ਨਾਲ਼ ਲੈ ਕੇ ਲੜੋਗੇ ਤਾਂ ਸ਼ੂਦਰਾਂ ਨੂੰ ਜਿੱਤ ਸਕੋਗੇ।

'ਰਾਜੇ ਨੇ ਆਪਣੇ ਸ਼ਸਤਰ ਬੰਨ੍ਹ ਲਏ, ਇੰਦਰ ਨਾਲ ਰਲ ਕੇ, ਦੈਂਤਾਂ ਨਾਲ਼ ਲੜਾਈ ਲੜੀ ਤੇ ਉਹਨਾਂ ਨੂੰ ਜਿੱਤ ਕੇ ਦੇਵ ਲੋਕ ਦੀ ਥਿਰ ਰਾਜ ਗੱਦੀ ਇੰਦਰ ਨੂੰ ਦਿੱਤੀ।' ਇੰਦਰ ਦਾ ਵਰ ਪਾ ਕੇ ਖਟੁਵਾਂਗ ਰਾਜਾ, ਮਰਨ ਕਿਨਾਰੇ ਹੋ ਕੇ ਅਯੁੱਧਿਆ ਵਾਪਸ ਆ ਗਿਆ।

ਲਿਖਿਆ ਹੈ, 'ਤੁਸੀਂ ਵਿਸ਼ਵਾਸ਼ ਕਰਕੇ ਜਾਣੋ ਕਿ ਭਾਰਤ ਖੰਡ ਬਹੁਤ ਅੱਛਾ ਸਥਾਨ ਹੈ। ਅਤੇ ਰਾਜਾ ਨੇ ਅਯੁੱਧਿਆ ਵਿੱਚ ਆ ਕੇ ਉਹਨਾਂ (ਬਾਕੀ ਬਚੀਆਂ) ਦੋ ਘੜੀਆਂ ਵਿੱਚ ਧਨ ਦੌਲਤ ਆਦਿ ਸਭ ਵਸਤੂਆਂ ਬ੍ਰਾਹਮਣਾਂ ਨੂੰ ਇੱਛਾ ਅਨੁਸਾਰ ਦਾਨ ਕਰਕੇ, ਆਪਣੇ ਪੁੱਤਰ ਨੂੰ ਗੱਦੀ 'ਤੇ ਬਿਠਾ ਦਿੱਤਾ।' (ਸਫਾ 53) ਏਸੇ ਅਯੁੱਧਿਆ ਵਿੱਚ, 'ਵੀਹਵਾਂ ਅਵਤਾਰ ਰਾਮ ਚੰਦਰ ਜੀ ਦਾ ਧਾਰਨ ਕਰਕੇ ਪਾਪੀ ਰਾਵਣ ਅਤੇ ਹੋਰ ਰਾਖਸ਼ਾਂ (ਭਾਵ ਸ਼ੂਦਰਾਂ, ਮੂਲ ਨਿਵਾਸੀ ਭਾਰਤੀਆਂ) ਸਮੇਤ ਜੋ ਗਊ ਅਤੇ ਬ੍ਰਾਹਮਣ ਨੂੰ ਦੁੱਖ ਦਿੰਦੇ ਸਨ, ਨੂੰ ਮਾਰ ਦਿੱਤਾ ਅਤੇ ਲੰਕਾ ਦਾ ਰਾਜ ਭਵੀਖਣ ਨੂੰ ਦੇ ਕੇ ਹਨੂੰਮਾਨ ਨੂੰ ਵਡਿਆਈ ਦਿੱਤੀ।' (71) ਕ੍ਰਿਸ਼ਨ ਭਗਵਾਨ ਬਾਰੇ ਏਥੇ ਅਸੀਂ ਜ਼ਿਆਦਾ ਵਿਆਖਿਆ ਕਰਨੀ ਠੀਕ ਨਹੀਂ ਸਮਝਦੇ ਕਿਉਂਕਿ ਇਹ ਵਿਸ਼ਾ ਬਹੁਤ ਲੰਬਾ ਚੌੜਾ ਹੈ। ਫਿਰ ਵੀ ਭਾਗਵਤ ਪੁਰਾਣ ਦੇ ਕੁੱਝ ਅੰਸ਼ ਹਾਜ਼ਰ ਕਰਨੇ ਜ਼ਰੂਰੀ ਹਨ:

(ਸਫਾ 79) 'ਸ਼ਾਮ ਸੁੰਦਰ (ਭਾਵ ਕ੍ਰਿਸ਼ਨ) ਅਜੇਹੇ ਦੀਨ ਦਿਆਲ ਸਨ ਕਿ ਪੂਤਨਾ ਰਾਖਸ਼ਣੀ (ਇੱਕ ਸ਼ੂਦਰ ਆਦਿਵਾਸੀ ਔਰਤ) ਨੇ ਉਸਨੂੰ ਮਾਰਨ ਵਾਸਤੇ ਆਪਣੇ ਮੁੰਮਿਆਂ 'ਤੇ ਜ਼ਹਿਰ ਲਾ ਕੇ ਦੁੱਧ ਪਿਆਇਆ। ਉਹਨਾਂ ਨੇ, ਉਸ ਰਾਖਸ਼ਣੀ ਨੂੰ ਵੀ ਮਾਰ ਕੇ ਬੈਕੁੰਠ ਭੇਜ ਦਿੱਤਾ। ਉਸ ਸ਼ਾਮ ਸੁੰਦਰ ਨੇ ਪ੍ਰਿਥਵੀ ਦਾ ਬੋਝ ਉਤਾਰਨ ਵਾਸਤੇ, ਅਵਤਾਰ ਲੈ ਕੇ ਵਾਸਦੇਵ ਜੀ (ਭਾਵ ਪਿਤਾ) ਨੂੰ ਕਿਹਾ ਕਿ ਤੁਸੀਂ ਮੈਨੂੰ ਨੰਦ ਜੀ ਦੇ ਘਰ ਲਿਜਾ ਕੇ ਛਿਪਾ ਆਓ। (ਜਾਪਦਾ ਹੈ ਕਿ ਨੰਦ ਯਾਦਵ ਜਾਤੀ ਦਾ ਇੱਕ ਮਨੁੱਖ ਸੀ ਜਿੰਨ੍ਹਾਂ ਦਾ ਕੰਮ ਸੀ ਪਸ਼ੂ ਚਰਾਉਣਾ। ਇਹ ਸ਼ੂਦਰ ਜਾਤੀ ਸੀ, ਸੰਭਵ ਹੈ ਕਿ ਕੈਸਰੀਨ, ਹਨੂੰਮਾਨ, ਸੁਗਰੀਵ ਤੇ ਭਵੀਖਣ ਵਾਂਗ ਨੰਦ (ਯਾਦਵ) ਆਰੀਅਨਾਂ ਦਾ ਮਿੱਤਰ ਹੋਵੇਗਾ। ਸੰਤ ਨਾਮਦੇਵ ਕ੍ਰਿਸ਼ਨ ਨੂੰ ਯਾਦਮ ਰਾਇਆ ਲਿਖਦੇ ਹਨ) 'ਔਰ ਨੰਦ ਜੀ ਦੇ ਘਰ ਜਾ ਕੇ ਕਿਵੇਂ ਕਿਵੇਂ ਲੀਲਾ ਕਰਕੇ, ਬ੍ਰਿਜ ਵਾਸੀਆਂ ਨੂੰ ਸੁਖ ਦਿੱਤਾ, ਨੰਦ ਜੀ ਦੇ ਬੱਛੇ ਅਤੇ ਗਾਈਆਂ ਚਰਾ ਕੇ ਜਿਸ ਤਰ੍ਹਾਂ ਅੱਗ ਲੱਕੜੀ ਵਿੱਚ ਗੁਪਤ ਰਹਿੰਦੀ ਹੈ, ਉਸੇ ਤਰ੍ਹਾਂ ਆਪਣੇ ਆਪ ਨੂੰ ਛੁਪਾਇਆ ਅਤੇ ਜੋ ਜੋ ਕੰਸ ਨੇ ਰਾਖਸ਼ ਅਤੇ ਦੈਂਤ ਭੇਜੇ, ਜੋ ਉਹਨਾਂ ਨੂੰ ਮਾਰਨ ਵਾਸਤੇ ਆਏ ਸੀ, ਸਭ ਨੂੰ ਮਾਰ ਕੇ ਭਵਸਾਗਰ ਪਾਰ ਉਤਾਰਿਆ.... ਮਥਰਾ ਵਿੱਚ ਪਹੁੰਚ ਕੇ ਰਾਜਾ ਕੰਸ ਦੇ ਧੋਬੀ ਨੂੰ ਮਾਰਿਆ.... ਅਤੇ ਰਾਜਾ ਕੰਸ ਨੂੰ ਉਸਦੇ ਅੱਠਾਂ ਭਰਾਵਾਂ ਸਮੇਤ ਮਾਰ ਕੇ ਮੁਕਤ ਪਦਵੀ ਦਿੱਤੀ।

.... ਬਲਵਾਨ ਦੈਂਤ ਅਤੇ ਰਾਖਸ਼ ਅਤੇ ਰਾਜਿਆਂ ਨੂੰ ਮਾਰ ਕੇ ਅੰਤਰ ਧਿਆਨ ਹੋ ਗਏ।' ਸਾਬਤ ਹੁੰਦਾ ਹੈ ਕਿ ਕ੍ਰਿਸ਼ਨ ਯਾਦਵ ਨਹੀਂ ਸੀ। ਯਾਦਵ ਨੰਦ ਦੇ ਘਰ ਛੁਪਕੇ ਪਲ਼ਿਆ ਸੀ। ਪਿਤਾ ਵਾਸਦੇਵ ਸੀ ਉਸਦਾ।

ਅਜੀਬ ਕਿੱਸਾ ਹੈ ਕਿ ਬੈਠਣ ਤੇ ਕੱਪੜੇ ਧੋਣ ਕਰਕੇ ਜੀਵਾਂ ਦੇ ਮਰ ਜਾਣ ਨਾਲ਼ ਹੱਤਿਆ ਦਾ ਪਾਪ ਲੱਗਦਾ ਹੈ ਪਰੰਤੂ ਭਗਵਾਨ ਵਾਰ ਵਾਰ ਅਵਤਾਰ ਲੈ ਕੇ, ਲੱਖਾਂ ਮਨੁੱਖਾਂ, ਔਰਤਾਂ ਅਤੇ ਰਾਜਿਆਂ ਦਾ ਕਤਲ ਕਰਦਾ ਹੈ ਤਾਂ ਮਰਨ ਵਾਲ਼ਾ ਮੁਕਤੀ ਪਾ ਜਾਂਦਾ ਹੈ। ਕੋਈ ਪਾਪ ਨਹੀਂ, ਕੋਈ ਹੱਤਿਆ ਨਹੀਂ, ਕੋਈ ਅਧਰਮ ਨਹੀਂ। ਸ਼ੂਦਰਾਂ ਨੂੰ ਕੁੱਤਿਆਂ ਬਿੱਲਿਆਂ ਵਾਂਗ ਕਤਲ ਕਰ ਦੇਣਾ ਵੀ ਧਰਮ ਹੈ। ਦੂਜੀ ਕਿਸਮ ਦਾ ਧਰਮ ਵੇਖੋ:-

(ਸਫਾ 87) 'ਬ੍ਰਹਮਾ ਜੀ ਨੇ.... ਸੁਰਸ਼ਤੀ ਨਾਮ ਦੀ ਇੱਕ ਕੰਨਿਆਂ ਨੂੰ ਪੈਦਾ ਕੀਤਾ। ਉਹ ਲੜਕੀ ਅਤੀ ਸੰਦੁਰ, ਉੱਤਮ ਭੂਸ਼ਨ ਅਤੇ ਵਸਤਰ ਪਹਿਨ ਦੇ ਪਰਗਟ ਹੋਈ। ਜਿਸਦਾ ਰੂਪ ਦੇਖਦੇ ਹੀ ਬ੍ਰਹਮਾ (ਪਿਤਾ) ਪਰਮੇਸ਼ਰ ਦੀ ਮਾਇਆ ਨਾਲ, ਮੋਹਤ ਹੋ ਕੇ, ਕਾਮਵੱਸ ਹੋ ਗਏ।'

ਇਹ ਸਾਰੇ ਹਵਾਲੇ ਅਸੀਂ ਇਸ ਲਈ ਦੇ ਰਹੇ ਹਾਂ ਕਿਉਂਕਿ ਜੋਤੀ ਰਾਉ ਫੂਲੇ ਦਾ ਦਰਸ਼ਨ ਇਹਨਾਂ ਇਤਿਹਾਸਕ ਤੱਥਾਂ 'ਤੇ ਅਧਾਰਤ ਹੈ। ਸੱਚ ਨੂੰ ਸਮਝਣ ਲਈ ਇਹ ਸਭ ਜ਼ਰੂਰੀ ਹੈ।

(ਸਫਾ 88) ਪਾਰਬ੍ਰਹਮ ਪ੍ਰਮੇਸ਼ਰ ਅੰਤਰ ਧਿਆਨ ਹੋ ਗਏ ਤੇ ਉਹਨਾਂ ਨੇ ਵਿਚਾਰ ਕੀਤਾ ਕਿ ਪ੍ਰਿਥਵੀ ਨੂੰ ਹਰਨਾਖਸ਼ ਦੈਂਤ ਉਠਾ ਕੇ ਪਤਾਲ਼ ਵਿੱਚ ਲੈ ਗਿਆ ਹੈ, ਉੱਥੋਂ ਲਿਆਉਣੀ ਚਾਹੀਦੀ ਹੈ। ਸੋ ਪ੍ਰਮੇਸ਼ਰ ਦੀ ਇੱਛਾ ਨਾਲ਼ ਬ੍ਰਹਮਾ ਜੀ ਨੂੰ ਛਿੱਕ ਆਈ ਤਾਂ ਉਹਨਾਂ ਦੀ ਸੱਜੀ ਨੱਕ 'ਚੋਂ ਇੱਕ ਸ਼ੂਕਰ ਬਹੁਤ ਛੋਟਾ ਮੱਛਰ ਸਮਾਨ, ਜਿਸਨੂੰ ਬੈਰਾਹ ਕਹਿੰਦੇ ਹਨ ਡਿੱਗ ਪਿਆ।... ਬਾਤ ਬ੍ਰਹਮਾ ਦੀ ਸੁਣਦੇ ਹੀ ਬੈਰਾਹ ਜੀ ਫੁੱਲ ਵਾਂਗ ਪਾਣੀ 'ਤੇ ਕੁੱਦ ਪਏ.... ਰਾਹ ਵਿੱਚ ਹਰਨਾਖਸ਼ ਦੈਂਤ ਨਾਲ਼ ਲੜਾਈ ਹੋਈ ਸੋ ਬੈਰਾਹ ਜੀ ਹਰਨਾਖਸ਼ ਦੈਂਤ ਨੂੰ ਮਾਰ ਕੇ ਪ੍ਰਿਥਵੀ ਪਾਣੀ ਤੋਂ ਉੱਪਰ ਲੈ ਆਏ।'

(ਸਫਾ 89) 'ਨਰਾਇਣ ਜੀ ਨੇ ਹਰਨਾਖਸ਼ ਅਤੇ ਹਰਨਾਕਸ਼ਪ ਦੈਂਤ ਨੂੰ ਮਾਰਨ ਵਾਸਤੇ ਆਪ ਅਵਤਾਰ ਲਿਆ।' (ਸਫਾ 89) 'ਜਿੰਨ੍ਹੀਂ ਦਿਨੀਂ ਦੇਵਤੇ ਇੰਦਰਾਸਣ ਦਾ ਰਾਜ ਅਤੇ ਸੁਖ ਭੋਗ ਰਹੇ ਸਨ, ਉਹਨੀਂ ਦਿਨੀਂ ਦੈਂਤਾਂ ਦੀ ਮਾਤਾ ਨੇ ਆਪਣੇ ਪੁੱਤਰਾਂ ਕੋਲ਼ੋਂ ਰਾਜ ਗੱਦੀ ਛੁੱਟ ਜਾਣ ਕਰਕੇ, ਆਪਣੇ ਪਤੀ ਕੱਸ਼ਯਪ ਦੀ ਸੇਵਾ ਉਸਦੀ ਇੱਛਾ ਅਨੁਸਾਰ ਕੀਤੀ, ਜਿਸ ਨਾਲ਼ ਪ੍ਰਸੰਨ ਹੋ ਕੇ ਅਜਿਹੇ ਬਲਵਾਨ ਪੁੱਤਰ ਉਸਨੂੰ ਮਿਲੇ ਜੋ ਦੇਵਤਿਆਂ ਤੋਂ ਰਾਜ ਖੋਹ ਕੇ ਆਪ ਇੰਦਰਾਸਣ (ਰਾਜ ਸਿੰਘਾਸਣ) 'ਤੇ ਬੈਠਣ।'.... ਮੈਂ ਚਾਹੁੰਦੀ ਹਾਂ ਕਿ ਮੇਰੇ ਪੁੱਤਰ ਅਜਿਹੇ ਸੂਰਬੀਰ ਪੈਦਾ ਹੋਣ ਜੋ ਅਦਿੱਤੀ ਦੇ ਪੁੱਤਰਾਂ ਨੂੰ ਯੁੱਧ ਵਿੱਚ ਜਿੱਤ ਕੇ ਇੰਦਰਾਸਣ ਖੋਹ ਲੈਣ।'

ਮਾਮਲਾ ਚਾਹੇ ਇੰਦਰ ਦਾ ਹੈ, ਬ੍ਰਹਮਾ ਦਾ ਹੈ ਜਾਂ ਕ੍ਰਿਸ਼ਨ ਅਤੇ ਰਾਮ ਦਾ, ਅਵਤਾਰਾਂ ਦਾ ਹੈ ਜਾਂ ਦੇਵਤਿਆਂ ਦਾ, ਉਹ ਸਭ ਦੈਂਤਾਂ ਰਾਖਸ਼ਾਂ ਸ਼ੂਦਰਾਂ ਭਾਵ ਮੂਲਵਾਸੀ ਭਾਰਤੀ ਰਾਜਿਆਂ ਨੂੰ ਮਾਰ ਕੇ ਉਹਨਾਂ ਦਾ ਰਾਜ ਖੋਹਣ 'ਤੇ ਲੱਗੇ ਹੋਏ ਹਨ। ਰਾਜ ਸਥਾਪਤ ਕਰਨਾ ਹੀ ਧਰਮ ਦਾ ਮੂਲ ਮਨੋਰਥ ਹੈ। ਕਿਉਂਕਿ ਰਾਜ ਭਾਗ ਵਿੱਚ ਹੀ ਸਾਰੇ ਸੁੱਖ ਹੁੰਦੇ ਹਨ।

(ਸਫਾ 94) 'ਬਹੁਤ ਅਪਸ਼ਗਨ ਸੰਸਾਰ 'ਚ ਹੋਏ। ਸਭ ਲੱਛਣ ਕਲਯੁੱਗ ਦੇ ਦਿਖਾਈ ਦੇਣ ਲੱਗੇ। ਸੋ ਬ੍ਰਹਮਾ ਜੀ ਨੇ ਉਹਨਾਂ ਦਾ ਨਾਮ ਹਰਨਾਖਸ਼ ਅਤੇ ਹਰਨਾਕਸ਼ਪ ਰੱਖਿਆ।....

ਬਰਣ (ਆਰੀਅਨ ਰਾਜਾ) ਨੇ ਹਾਰ ਮੰਨ ਕੇ ਬਹੁਤ ਰਤਨ ਅਤੇ ਮਣੀਆਂ ਹਰਨਾਖਸ਼ ਨੂੰ ਭੇਜ ਦਿੱਤੀਆਂ ਅਤੇ ਜਦੋਂ ਹਰਨਾਖਸ਼ ਨੇ ਬਰਣ ਨੂੰ ਆਪਣੇ ਅਧੀਨ ਦੇਖਿਆ ਤਾਂ ਭੇਟ ਲੈ ਕੇ ਉਸ ਨੂੰ ਛੱਡ ਦਿੱਤਾ। ....ਤਾਂ ਫਿਰ ਇੰਦਰ ਲੋਕ ਵਿੱਚ ਜਾ ਕੇ ਇੰਦਰ ਨੂੰ ਲਲਕਾਰਿਆ। ਇੰਦਰ ਨੇ ਵੀ ਡਰਦੇ ਮਾਰੇ ਰਾਜ ਸਿੰਘਾਸਣ ਭੇਟਾ ਵਿੱਚ ਦੇ ਦਿੱਤਾ ਅਤੇ ਉਸ ਦੀ ਆਗਿਆ ਅੰਗੀਕਾਰ ਕੀਤੀ।'

(ਸਫਾ 96) 'ਬੈਰਾਹ ਜੀ ਨੇ ਇੱਕ ਗਦਾ ਹਰਨਾਖਸ਼ ਨੂੰ ਅਜਿਹੀ ਮਾਰੀ ਕਿ ਉਹ ਡਿੱਗ ਪਿਆ। ਜਦ ਸੁਰਤ ਫੜੀ ਤਾਂ ਉਸ ਨੇ ਤ੍ਰਿਸ਼ੂਲ ਚਲਾਇਆ ਤਾਂ ਸੁਦਰਸ਼ਨ ਚੱਕਰ ਨੇ ਉਸ ਦਾ ਤ੍ਰਿਸ਼ੂਲ ਕੱਟ ਦਿੱਤਾ। ਫਿਰ ਬੈਰਾਹ ਨੇ ਏਕ ਤਮਾਚਾ ਹਰਨਾਖਸ਼ ਨੂੰ ਅਜਿਹਾ ਮਾਰਿਆ ਕਿ ਉਹ ਡਿੱਗ ਪਿਆ। ਉਸਦੇ ਮਰਦੇ ਹੀ ਦੇਵਤਿਆਂ ਨੇ ਪ੍ਰਸੰਨ ਹੋ ਕੇ ਬੈਰਾਹ ਉੱਤੇ ਫੁੱਲ ਵਰਸਾਏ ਅਤੇ ਆਪਣਾ ਸਿੱਧ ਪਾ ਕੇ ਵਾਜੇ ਵਜਾਏ।' (ਦੇਵਤੇ ਬ੍ਰਾਹਮਣ ਨੂੰ ਹੀ ਕਿਹਾ ਜਾਂਦਾ ਹੈ)

ਉਹ ਕਿਉਂ ਖੁਸ਼ ਹੋਏ?

ਕਿਉਂ 'ਹਰਨਾਖਸ਼ ਦੇ ਸਮੇਂ ਦੇਵਤਿਆਂ (ਬ੍ਰਾਹਮਣਾਂ) ਅਤੇ ਪਿਤਰਾਂ ਨੂੰ ਹਿੱਸਾ ਨਹੀਂ ਮਿਲਦਾ।' (ਸਫਾ 96) ਕਿਉਂਕਿ ਬ੍ਰਾਹਮਣ ਮਰੇ ਹੋਏ ਪਿਤਰਾਂ ਦੇ ਨਾਂ 'ਤੇ ਖਾਂਦੇ ਪੀਂਦੇ, ਦਾਨ ਲੈਂਦੇ ਅਤੇ ਮੌਜ ਮਸਤੀਆਂ ਕਰਦੇ ਸਨ। ਮੂਲਵਾਸੀ ਰਾਜ ਵਿੱਚ ਜੋ ਉਹਨਾਂ ਲਈ ਔਖਾ ਸੀ।

ਦੇਵੀ ਦੇਵਤਿਆਂ ਨੇ ਹਰ ਪ੍ਰਕਾਰ ਦਾ ਛਲ ਕਪਟ ਅਤੇ ਧੋਖੇਬਾਜੀ ਕੀਤੀ। ਅਜਿਹਾ ਇਸ ਪੁਰਾਣ ਵਿੱਚ ਵੀ ਕਿਹਾ ਗਿਆ ਹੈ।

(ਪ੍ਰਮਾਣ ਸਫਾ 140) ਇੰਦਰ ਨੇ ਵਿਚਾਰਿਆ ਕਿ ਰਾਜਾ ਪ੍ਰਿਥੂ ਬਹੁਤ ਧਰਮਾਤਮਾ ਅਤੇ ਬਲਵਾਨ ਹੈ। ਉਸ ਨਾਲ਼ ਲੜਿਆ ਨਹੀਂ ਜਾ ਸਕਦਾ। ਕੋਈ ਛਲ ਵਲ ਕਰਕੇ ਘੋੜਾ ਲਿਆਂਦਾ ਜਾਵੇ। ਇਹ ਵਿਚਾਰ ਕਰਕੇ ਇੰਦਰ ਜੋਗੀ ਦਾ ਰੂਪ ਧਾਰ ਕੇ ਘੋੜੇ ਪਾਸ ਗਿਆ। ਰਾਜੇ ਦੇ ਲੋਕਾਂ ਨੇ ਜੋਗੀ ਸਮਝ ਕੇ ਉਸ ਨੂੰ ਰੋਕਿਆ ਨਹੀਂ। ਤਾਂ ਉਹ ਅਕਾਸ਼ ਮਾਰਗ ਤੋਂ ਘੋੜਾ ਉਡਾ ਕੇ ਆਪਣੀ ਧਰਤੀ 'ਤੇ ਲੈ ਗਿਆ।'

ਪ੍ਰਿਥੂ ਧਰਮਾਤਮਾ ਸੀ ਕਿਉਂਕਿ

(ਸਫਾ 142) ਉਸ ਦੇ ਰਾਜ ਵਿੱਚ ਕਦੀ ਬ੍ਰਾਹਮਣ ਅਤੇ ਖੱਤਰੀ 'ਤੇ ਕੋਈ ਕ੍ਰੋਧ ਨਹੀਂ ਸੀ ਹੁੰਦਾ। .... ਉਸ ਨੇ ਕਿਹਾ ਹੋਇਆ ਸੀ 'ਜੋ ਕਿਸੇ ਨੂੰ ਲੋੜ ਹੈ ਮੇਰੇ ਪਾਸੋਂ ਲਿਜਾ ਕੇ ਪੁੰਨ ਦਾਨ ਕਰੇ, ਬ੍ਰਾਹਮਣਾਂ ਨੂੰ ਦੇਵੇ। ਬ੍ਰਾਹਮਣ ਪ੍ਰਮੇਸ਼ਰ ਦਾ ਮੁੱਖ ਹੈ। ਪਰਮੇਸ਼ਰ ਦਾ ਬਚਨ ਹੈ। ਸ਼ਾਸਤਰ ਵਿੱਚ ਲਿਖਿਆ ਹੈ, ਬ੍ਰਾਹਮਣ ਮੇਰਾ ਸਰੂਪ ਹੈ। ਦਾਨ ਜਦੋਂ ਦੇਣਾ ਹੈ ਤਾਂ ਬ੍ਰਾਹਮਣ ਨੂੰ ਦੇਣਾ ਹੈ। ਹਰ ਜਾਤ ਨੂੰ ਦਾਨ ਦਾ ਅਧਿਕਾਰ ਨਹੀਂ। ....ਚੇਤੰਨ ਪਦਾਰਥਾਂ ਵਿੱਚ ਬ੍ਰਾਹਮਣ ਹੈ। ਪ੍ਰਮੇਸ਼ਰ ਜਿੰਨਾਂ ਬ੍ਰਾਹਮਣ ਨੂੰ ਦੇਣ ਨਾਲ਼ ਪ੍ਰਸੰਨ ਹੁੰਦਾ ਹੈ, ਉਨਾਂ ਹੋਰ ਕਿਸੇ ਕੰਮ ਨਾਲ਼ ਨਹੀਂ ਹੁੰਦਾ।'

ਭਾਵ ਬ੍ਰਾਹਮਣਾਂ ਦੀ ਪੂਜਾ ਹੀ ਧਰਮ ਹੈ। ਤੇ ਬ੍ਰਾਹਮਣਾਂ ਦੀ ਥਾਂ ਬਾਕੀ ਮਨੁੱਖਤਾ ਦੀ ਸੇਵਾ ਅਧਰਮ ਹੀ ਅਧਰਮ ਹੈ। ਬ੍ਰਾਹਮਣ ਪੂਜਾ ਸਤਿਯੁਗ ਹੈ। ਮਾਨਵ ਪੂਜਾ ਕਲਯੁਗ। ਜਦੋਂ ਬ੍ਰਾਹਮਣਾਂ ਦੀ ਮਰਜ਼ੀ ਚੱਲੇ ਤਾਂ ਦੇਵ ਰਾਜ, ਜਦੋਂ ਮਨੁੱਖਾਂ ਦੀ ਚੱਲੇ ਤਾਂ ਦੈਂਤ ਰਾਜ, ਰਾਖਸ਼ ਰਾਜ, ਸ਼ੂਦਰ ਰਾਜ, ਦੁਸ਼ਟ ਰਾਜ। ਇਹ ਗੱਲਾਂ ਸਮਝਣੀਆਂ ਜ਼ਰੂਰੀ ਹਨ।

(ਸਫਾ 161) 'ਸੋ ਤੁਸੀਂ ਬ੍ਰਾਹਮਣਾਂ ਨੂੰ ਉੱਤਮ ਜਾਣ ਕੇ ਪਰਜਾ ਦੀ ਪਾਲਣਾ ਕਰੋ। ਇਸ ਤਰ੍ਹਾਂ ਗਿਆਨ ਕਰਨ ਵਾਲ਼ਾ ਜਮਦੂਤਾਂ ਦੀ ਫਾਂਸੀ ਨਹੀਂ ਫਸਦਾ।'

ਜਿੰਨ੍ਹਾਂ ਲੋਕਾਂ ਨੂੰ ਬ੍ਰਾਹਮਣ ਦੇਵੀ ਦੇਵਤਿਆਂ ਦੀ ਛਲ ਕਪਟ ਦੀ ਕਹਾਣੀ ਦੀ ਅਸਲੀਅਤ ਸਮਝ ਪੈ ਜਾਵੇ ਉਹ ਗੁਲਾਮੀ ਤੋਂ ਮੁਕਤ ਹੋ ਜਾਂਦੇ ਹਨ। (ਦੇਖੋ ਸਫਾ 180)

'ਅਤਲ ਲੋਕ ਵਿੱਚ ਮੈਯ ਨਾਂ ਦਾ ਦੈਂਤ ਰਹਿੰਦਾ ਹੈ। ਮਾਇਆ-ਕਰਨੀ (ਛਲ ਕਪਟ-ਵੇਸ ਭੇਖ) ਅਤੇ ਇੰਦਰ ਜਾਲ (ਭਾਵ ਕਿਹੜਾ ਢੰਗ ਕਦੋਂ ਤੇ ਕਿਵੇਂ ਵਰਤ ਕੇ ਮਨੋਰਥ ਸਿੱਧ ਕਰਨਾ ਹੈ) ਦੀ ਵਿੱਦਿਆ ਬਹੁਤ ਜਾਣਦਾ ਹੈ। ਦੈਂਤ ਲੋਕ, ਉਹ ਵਿੱਦਿਆ ਉਸ ਤੋਂ ਸਿੱਖ ਕੇ ਸਭ ਨੂੰ ਜਿੱਤ ਲੈਂਦੇ ਹਨ।'

ਸਪੱਸ਼ਟ ਹੈ ਕਿ ਮੈਯ ਨਾਂ ਦਾ ਸ਼ੂਦਰ ਬਜ਼ੁਰਗ ਉੱਚ ਕੋਟੀ ਦਾ ਵਿਦਵਾਨ, ਗਿਆਨੀ ਅਤੇ ਬੁੱਧੀਮਾਨ ਮਨੁੱਖ ਸੀ, ਜਿਸ ਨੂੰ ਆਰੀਆ ਦੀਆਂ ਚਾਣਕੀਆ ਕੁਟਲ ਨੀਤੀਆਂ ਦਾ ਪੂਰਾ ਗਿਆਨ ਸੀ। ਜੋ ਜਾਣ ਗਿਆ ਸੀ ਆਰੀਆ ਲੋਕ ਛਲ ਕਪਟ ਤੋਂ ਕਿਵੇਂ ਕੰਮ ਲੈਂਦੇ ਹਨ।

(ਸਫਾ 181) 'ਤੀਸਰੇ ਸੁਤਲ ਲੋਕ ਵਿੱਚ ਰਾਜਾ ਬਲੀ ਦੈਂਤ ਬਿਰੋਚਨ ਦਾ ਬੇਟਾ ਰਾਜ ਕਰਦਾ ਸੀ। ਇਸ ਦਾ ਜ਼ਿਕਰ ਜੋਤੀ ਰਾਉ ਫੂਲੇ ਨੇ ਬੜੀ ਸੂਖਮਤਾ ਨਾਲ਼ ਕੀਤਾ ਹੈ ਤੇ ਦੱਸਿਆ ਹੈ ਕਿ ਸ਼ੂਦਰਾਂ ਦਾ ਇਹ ਬਲੀ ਰਾਜਾ, ਮਹਾਰਾਜ ਅਸ਼ੋਕ ਵਾਂਗ ਬਹੁਤ ਮਹਾਨ ਸੀ। ਪ੍ਰੰਤੂ ਆਪਣੀ ਦਾਨ ਦੇਣ ਦੀ ਧਰਮੀ ਬਿਰਤੀ ਕਾਰਨ, ਬ੍ਰਾਹਮਣਾਂ ਦੇ ਬਾਵਨ ਅਵਤਾਰ ਕੋਲ਼ੋਂ ਮਾਰ ਖਾ ਗਿਆ ਸੀ। ਇਸ ਦਾ ਅਰਥ ਹੈ ਕਿ ਘੱਟੋ ਘੱਟ ਕਪਟੀ ਬੰਦਿਆਂ ਨਾਲ਼ ਭਲੇਮਾਣਸ ਬਣਕੇ ਪੇਸ਼ ਨਾ ਆਵੋ।

ਬ੍ਰਾਹਮਣਾਂ ਨੇ ਸ਼ੂਦਰਾਂ ਨੂੰ, ਜਿਸ ਨਰਕ ਤੋਂ ਡਰਾ ਕੇ ਆਪਣੀਆਂ ਗੱਲਾਂ ਉਹਨਾਂ ਤੋਂ ਮੰਨਵਾਈਆਂ ਹਨ, ਉਸ ਨਰਕ ਦਾ ਨਾਂਅ ਹੈ ਕੁੰਭੀ ਨਰਕ। ਜਿਸ ਦਾ ਚਿਤਰ (ਸਫਾ 183 'ਤੇ) ਇਸ ਪ੍ਰਕਾਰ ਹੈ: 'ਸੋ ਪਹਿਲਾਂ ਕੁੰਭੀ ਨਰਕ ਪਾਕ ਨਰਕ ਹੈ। ਉਹ ਕਿਹੋ ਜਿਹਾ ਹੈ, ਮੁੱਖ ਜਿਸ ਦਾ ਘੋੜੇ ਵਾਂਗ ਛੋਟਾ ਹੈ। ਥੱਲਿਉਂ ਬਹੁਤ ਵਿਸ਼ਾਲ ਹੈ। ਦੁਰਗੰਧ ਨਾਲ਼ ਭਰਿਆ ਹੋਇਆ ਹੈ। ਅਤੇ ਮਲ ਮੂਤਰ ਦੀ ਦੁਰਗੰਧ ਆ ਰਹੀ ਹੈ। ਜਿਸ ਨੂੰ ਦੇਖਣ ਤੇ ਸੁਣਨ ਤੋਂ ਭੈਅ ਆਉਂਦਾ। ਉਸ ਵਿੱਚ ਉਹੀ ਪਾਪੀ ਜਾਂਦੇ ਹਨ ਜਿੰਨ੍ਹਾਂ ਨੇ ਗਊ ਹੱਤਿਆ ਅਤੇ ਬ੍ਰਹਮ (ਬ੍ਰਾਹਮਣ) ਹੱਤਿਆ ਕੀਤੀ ਹੈ ਅਤੇ ਸਾਧੂਆਂ (ਬ੍ਰਾਹਮਣ, ਰਿਸ਼ੀਆਂ, ਮੁਨੀਆਂ, ਜੋਗੀਆਂ, ਜਪੀਆਂ, ਤਪੀਆਂ, ਸੰਨਿਆਸੀਆਂ, ਨਾਂਗਿਆਂ ਆਦਿ) ਨੂੰ ਲੱਤਾਂ ਨਾਲ਼ ਮਾਰਿਆ ਹੈ।' (ਪ੍ਰੰਤੂ ਬ੍ਰਾਹਮਣਾਂ ਦੇ ਗ੍ਰੰਥ ਹੀ ਦੱਸਦੇ ਹਨ ਕਿ ਬ੍ਰਾਹਮਣ ਹੀ ਗਊ ਬਲੀ ਕਰਦੇ ਰਹੇ)

ਤੁਸੀਂ ਕੁੰਭੀ ਨਰਕ ਮਗਰ ਛੁਪਿਆ ਮਨੋਰਥ ਸਮਝੋ ਕਿ ਬ੍ਰਾਹਮਣਾਂ ਨੇ ਕਿਵੇਂ ਆਪਣੇ ਸਵਾਰਥਾਂ ਲਈ ਸਮਾਜ ਨੂੰ ਮੂਰਖ ਬਣਾਇਆ। ਭੈ ਭੀਤ ਕਰਕੇ ਰੱਖਿਆ। ਬ੍ਰਾਹਮਣ ਯੱਗਾਂ ਤੇ ਸਰਾਧਾਂ ਵਿੱਚ ਹਜਾਰਾਂ ਵਰ੍ਹੇ, ਗਊਆਂ ਤੇ ਬੈਲ ਮਾਰ ਕੇ ਖਾਂਦੇ ਰਹੇ। ਕੋਈ ਨਰਕ ਨਹੀਂ ਗਿਆ। ਪ੍ਰੰਤੂ ਸ਼ੂਦਰ ਇਹ ਕੰਮ ਕਰ ਦੇਵੇ ਤਾਂ ਸਿੱਧਾ ਕੁੰਭੀ ਨਰਕ। ਸ਼ੂਦਰਾਂ ਨੇ ਕਦੀ ਨਹੀਂ ਸੋਚਿਆ ਕਿ ਉਹ ਤਾਂ ਹਜ਼ਾਰਾਂ ਵਰ੍ਹਿਆਂ ਤੋਂ ਹੀ ਕੁੰਭੀ ਨਰਕ ਤੋਂ ਭੈੜੇ, ਗੰਦਗੀ ਦੇ ਢੇਰਾਂ 'ਤੇ ਕੁੱਤਿਆਂ ਬਿੱਲਿਆਂ ਵਾਂਗ ਮਰ ਰਹੇ ਹਨ। ਹੋਰ ਨਰਕ ਉਹਨਾਂ ਨੂੰ ਕੀ ਮਿਲੇਗਾ?

(ਸਫਾ 185) 'ਸੋ ਜੋ ਆਦਮੀ ਦੇਖਦਾ ਹੈ, ਸੁਣਦਾ ਹੈ, ਫੇਰ ਖੋਟਾ ਕਰਮ (ਜੋ ਉੱਪਰ ਦੱਸਿਆ ਹੈ) ਕਰਦਾ ਹੈ ਅਤੇ ਵੇਦ ਸ਼ਾਸਤਰ ਦੇ ਵਿਪਰੀਤ (ਉਲਟ) ਚੱਲਦਾ ਹੈ ਅਰ ਵੇਦ ਸ਼ਾਸਤਰ ਦਾ ਕਹਿਣਾ ਨਹੀਂ ਮੰਨਦਾ ਉਹ ਤਾਂ ਅਵੱਸ਼ ਹੀ ਨਰਕਾਂ ਨੂੰ ਹੀ ਭੋਗਦਾ ਹੈ।' **(ਚਲਦਾ)**

# ਮੂਲਵਾਸੀ ਪੰਜਾਬੀ ਕਾਵਿ ਚਿੰਤਨ-ਇੱਕ ਦ੍ਰਿਸ਼ਟੀਕੋਣ

## ਮੂਲ ਸਮੱਸਿਆ ਅਤੇ ਭਵਿੱਖ



ਫਤਿਹਜੰਗ ਸਿੰਘ
91-98726-70278

(ਸੱਤਵੀਂ ਕਿਸ਼ਤ)

ਮਨੂੰ ਦਾ ਭੂਤ
ਬਸ ਚਾਨਣ ਤੋਂ ਭੱਜਦਾ ਹੈ। (82)

ਤੇ ਕਵੀ ਇਸ ਮਨੂੰਵਾਦ ਨੂੰ ਵੱਡੀ ਸਮੱਸਿਆ ਮੰਨਦਾ ਹੋਇਆ ਇਸ ਨਾਲ ਦੋ ਹੱਥ ਹੋਣ ਦੀ ਗੱਲ ਇਉਂ ਕਰਦਾ ਹੈ :-

ਦੇਖਾਂਗੇ ਇਹ ਜ਼ਹਿਰ ਕਿੱਥੋਂ ਆਇਆ
ਇਸਨੂੰ ਕੌਣ ਲਿਆਇਆ?
ਹੁਣ ਕਦੀ ਤਾਂ ਕਰਾਂਗੇ
ਯੁਗਾਂਤਰਾਂ ਦਾ ਲੇਖਾ
ਇਸੇ ਜਨਮ ਵਿੱਚ
ਇਸੇ ਧਰਤੀ 'ਤੇ
ਇਸੇ ਜੀਵਨ ਵਿੱਚ
ਜ਼ਰੂਰ ਕੱਢਾਂਗੇ ਦੁਸ਼ਮਣਾਂ ਦਾ ਭੁਲੇਖਾ (93)

ਮਾਰਕਸੀਆਂ ਨੂੰ ਜਾਤਪਾਤ ਦੇ ਭੇਦ ਫਰੋਲਣ ਦੀ ਨਾ ਲੋੜ ਪਈ ਨਾ ਉਹਨਾਂ ਵੱਲੋਂ ਜ਼ਰੂਰੀ ਸਮਝੀ ਗਈ। ਨਤੀਜੇ ਦੇ ਤੌਰ 'ਤੇ ਸਮਾਜਕ ਵਿਵਸਥਾ ਦੀ ਗੱਲ ਉੱਥੇ ਦੀ ਉੱਥੇ ਹੀ ਰਹੀ। ਕਵੀ ਦਾ ਵਿਅੰਗਾਤਮਕ ਸ਼ਬਦਾਂ ਦਾ ਮੇਲ ਅਤੇ ਵੇਗ ਵੇਖੋ :-

ਲਾਲ ਅੱਖਰ ਵੀ ਸਭ
ਕਾਲੀ ਭੈਂਸ ਵਾਂਗ ਪੱਥਰ ਹੋ ਗਏ
ਜੋ ਨਹੀਂ ਦੱਸ ਸਕੇ ਕਿ :-
ਇਹ ਵਰਣ, ਇਹ ਜਾਤ
ਇਹ ਬ੍ਰਾਹਮਣ, ਇਹ ਸ਼ੂਦਰ
ਇਹ ਹਰੀਜਨ, ਇਹ ਗਿਰੀਜਨ
ਇਹ ਕੰਮੀ ਕਮੀਣ
ਤੇ ਲਾਗੀ ਵਗਾਰੀ
ਹੋਣ ਦਾ ਭੇਦ ਕੀ ਹੈ? (115)

ਪ੍ਰੋ. ਗੁਰਨਾਮ ਸਿੰਘ ਦੀਆਂ ਇਸਤਰੀ ਜਾਗ੍ਰਿਤੀ ਸਬੰਧੀ ਵੀ ਸਤਰਾਂ ਵੇਖੋ ਜਦੋਂ ਉਹ ਅੰਦਰੂਨੀ ਲਾਵਾ ਬਣ ਬਾਹਰ ਆਉਣ ਨੂੰ ਫਿਰਦੀਆਂ ਹਨ :-

ਅੰਜਨੀ ਹੁਣ ਕੰਨ ਤੋਂ ਨਹੀਂ
ਪੇਟ ਤੋਂ ਕਿਸੇ ਭਗਤ ਸੂਰਮੇ ਜਾਂ
ਦਾਤੇ ਨੂੰ ਜਨਮ ਦੇਵੇਗੀ
ਜੋ ਵਾਯੂ ਤੋਂ ਲਵੇਗੀ
ਆਪਣੇ ਬਲਾਤਕਾਰ ਹੋਏ ਦਾ
ਪੂਰਾ ਹਿਸਾਬ।
ਬੇਕਸੂਰ ਅਹੱਲਿਆ ਵੀ
ਮੰਗ ਖੜ੍ਹੇਗੀ ਇੰਦਰ ਤੋਂ
ਆਪਣੀ ਹੋਈ ਬੇਪਤੀ ਦਾ ਜੋਖਾ (125)

ਅਤੇ ਗੁਰਨਾਮ ਸਿੰਘ ਇਹੋ ਜਿਹੇ ਬ੍ਰਾਹਮਣਵਾਦੀ ਜਾਤਪਾਤੀ ਨਿਜ਼ਾਮ ਨੂੰ ਸਿਰਜਣ ਅਤੇ ਧਰਮ ਰਾਹੀਂ ਇਸ ਨੂੰ ਪੱਕਿਆਂ ਕਰਨ ਲਈ, ਰੱਬ ਦੀ ਉਤਪਤੀ ਕੀਤੀ ਗਈ ਮੰਨਦਾ ਹੈ। ਰੱਬ ਹਮੇਸ਼ਾ ਜੋ ਖਲੋਂਦਾ ਵੀ ਡਾਢਿਆਂ ਵੱਲ ਹੈ, ਉਸ ਰੱਬ ਨੂੰ ਉਹ ਅੰਤ ਫਜ਼ੂਲ ਦੱਸਦਾ ਹੈ ਅਤੇ ਆਪਣੇ ਸਮਾਜ ਦੀ ਬਰਬਾਦੀ ਦਾ ਭਾਂਡਾ ਵੀ ਉਸਦੇ ਸਿਰ ਭੰਨਣ ਤੋਂ ਕਤਰਾਉਂਦਾ ਨਹੀਂ :-

ਜੇ ਇੰਜ ਹੀ ਜਿਉਣਾ ਤੇ
ਇੰਜ ਹੀ ਮਰਨਾ ਹੈ।
ਤਾਂ ਤੇਰੇ ਵਰਗੇ ਰੱਬ ਦਾ
ਅਸੀਂ ਕਰਨਾ ਵੀ ਹੈ ਤਾਂ
ਕੀ ਕਰਨਾ ਹੈ?
ਤੈਨੂੰ ਰਗੜ ਕੇ ਕੀ ਫੋੜੇ 'ਤੇ ਲਾਵਾਂਗੇ?
ਰਿਸਦੇ ਹੋਏ ਜ਼ਖ਼ਮਾਂ 'ਤੇ ਹੀ
ਲੂਣ ਪਾਵਾਂਗੇ।
ਤੂੰ ਨਾ ਹੁੰਦਾ
ਅਸੀਂ ਗੁਲਾਮ ਨਾ ਸੀ ਹੁੰਦੇ
ਹਿੱਕ ਡਾਹ ਕੇ ਬਹਿੰਦੇ,
ਬੇਨਾਮ ਨਾ ਸੀ ਹੁੰਦੇ।

ਗੁਰਨਾਮ ਸਿੰਘ ਬਾਰੇ ਅੰਤ ਇਹ ਹੀ ਕਹਿਣਾ ਬਣਦਾ ਹੈ ਕਿ ਉਸਨੇ ਦਲਿਤਾਂ/ਮੂਲ ਵਾਸੀਆਂ ਨਾਲ ਸਬੰਧਤ ਕੋਈ ਵੀ ਵਿਸ਼ਾ ਛੂਹਣ ਲੱਗਿਆਂ ਸਰਫ਼ਾ ਨਹੀਂ ਵਰਤਿਆ ਸਿਰੇ ਲਾ ਕੇ ਛੱਡਿਆ ਹੈ ਤੇ ਉਸਨੇ ਅਜਿਹਾ ਕਰਦਿਆਂ ਕਦੇ ਅੰ-ਬੇਡਕਰਵਾਦ ਦਾ ਪੱਲਾ ਨਹੀਂ ਛੱਡਿਆ। ਉਹ ਹੁਣ ਜੀਵਨ ਦੇ ਅੰਤ ਤੱਕ ਸੰਘਰਸ਼ ਨੂੰ ਹੀ ਆਪਣਾ ਮਨੋਰਥ ਮਿੱਥਦਾ ਹੈ ਜੋ ਇਸ ਜਾਤ ਦੇ ਦੈਂਤ ਤੋਂ ਅੰਤ ਖਹਿੜਾ ਛੁਡਾਏਗਾ:-

ਬੇ ਅਰਥ ਮਰਨ ਤੋਂ
ਕਿਤੇ ਚੰਗਾ ਹੈ
ਹਨ੍ਹੇਰਿਆਂ ਜੰਗਲਾਂ ਵਿੱਚ
ਰੌਸ਼ਨੀ ਕਰਦਿਆਂ
ਕਾਫ਼ਲੇ ਬਣਾ ਕੇ
ਦੁਸ਼ਮਣ ਨੂੰ ਪਛਾਣਦੇ
ਜ਼ਿੰਦਗੀ ਭਰ ਤੁਰੇ ਜਾਣਾ ਹੈ
ਮਿਟ ਜਾਵਾਂਗੇ ਅਸੀਂ ਪਰ
ਸਾਡੀ ਕਹਾਣੀ ਨਹੀਂ ਮਰੇਗੀ
ਇਹ ਜੀਵਨ, ਬਸ ਇੱਕ ਜੀਵਨ
ਭੰਗ ਦੇ ਭਾੜੇ, ਕੌਡੀਆਂ ਬਦਲੇ ਜੋ
ਨਿੱਕਲ ਜਾਵੇਗਾ, ਮੁੜ ਨਹੀਂ ਆਵੇਗਾ
ਸਾਡੇ ਹੱਥ, ਆਉਂਦੇ ਵਾਂਗ ਜਾਂਦਿਆਂ ਵੀ
ਖ਼ਾਲੀ ਦੇ ਖ਼ਾਲੀ ਰਹਿਣਗੇ।
ਪਰ ਅਸੀਂ ਜਾਨਵਰ ਦੀ ਮੌਤ ਨਾਲੋਂ
ਮਰਾਂਗੇ ਸੂਰਮੇਂ ਦੀ ਮੌਤ।
----------
ਜਾਣਾ ਜ਼ਰੂਰ ਜਾਣਾ
ਸਮਝ ਕੇ ਜਾਣਾ
ਸੋਚ ਕੇ ਜਾਣਾ
ਕਿ ਬਸਤੀਆਂ ਵੀ ਸਾਧੂਆਂ ਨੂੰ
ਨਿਗਲ ਜਾਂਦੀਆਂ ਹਨ।
ਜੀਵਨ ਮੁਰਦਿਆਂ ਖ਼ਾਤਰ
ਜਿਉਣ ਦਾ ਨਾਂ ਹੈ
ਐਵੇਂ ਬੇਅਰਥ ਮਰਨ ਦਾ ਨਹੀਂ।
---------
ਖੁਹਣੀਆਂ ਖਪ ਗਈਆਂ




ਜਾਤ ਦੇ ਦੈਂਤ ਨੇ
ਆਰੀਆ ਰਾਖਸ਼ ਤੋਂ ਸਾਡੀ
ਜਾਨ ਨਹੀਂ ਛੁਡਾਈ।

ਸਾਡਾ ਅਗਲਾ ਕਵੀ ਹੈ ਹਾਕਮ ਸਿੰਘ ਨੂਰ। ਨੂਰ ਬਹੁਪੱਖੀ ਕਵੀ ਹੈ। ਉਸਨੇ ਮਾਰਕਸੀ ਨਜ਼ਰੀਏ ਤੋਂ ਵੀ ਲਿਖਿਆ ਅਤੇ ਅੰਬੇਡਕਰੀ ਵਿਚਾਰਧਾਰਾ ਨਾਲ ਵੀ ਰਚਨਾ ਕੀਤੀ। ਦੋਹਾਂ ਨੂੰ ਬਾਖ਼ੂਬੀ ਨਿਭਾਇਆ ਹੈ। ਹਥਲੇ ਲੇਖ ਦੇ ਸ਼ੁਰੂ ਵਿਚ ਜੋ ਦਲਿਤ ਸਾਹਿਤ ਬਾਰੇ ਚਰਚਾ ਕੀਤੀ ਗਈ ਹੈ ਉਸ ਅਨੁਸਾਰ ਜੋ ਦਲਿਤ ਸਾਹਿਤ ਦਾ ਚਿਹਰਾ ਮੁਹਰਾ ਉਘੜਦਾ ਹੈ, ਨੂਰ ਦਾ ਕਾਵਿ ਹੋਰ ਦਲਿਤ ਕਵੀਆਂ ਵਾਂਗ ਹੀ ਉਸ ਉੱਤੇ ਪੂਰਾ ਉਤਰਦਾ ਹੈ। ਉਹ ਆਪ ਮੰਨਦਾ ਹੈ ਕਿ ਉਹ ਕਵਿਤਾ ਸਿਰਫ ਕਵਿਤਾ ਕਰਕੇ ਨਹੀਂ ਲਿਖਦਾ, "ਕਵਿਤਾ ਜ਼ਿੰਦਗੀ ਬਾਰੇ ਨਹੀਂ ਸਗੋਂ ਜ਼ਿੰਦਗੀ ਲਈ ਹੋਵੇ।" ਉਸਦਾ ਇਹ ਵਿਚਾਰ 'ਕਲਾ, ਕਲਾ ਲਈ ਨਹੀਂ ਕਲਾ ਜੀਵਨ ਲਈ ਹੋਵੇ' ਨਾਲ ਮੇਲ ਖਾਂਦਾ ਹੈ। ਉਸਦੀ ਕਵਿਤਾ ਵਿਚਾਰ ਪ੍ਰਧਾਨ ਹੈ। ਬਿਨਾਂ ਵਿਚਾਰਾਂ ਦੇ ਕਵਿਤਾ ਵਿਚ ਭਾਵਨਾਵਾਂ ਨੂੰ ਭੜਕਾਉਣਾ ਉਸਦਾ ਮਕਸਦ ਨਹੀਂ। ਇਸੇ ਲਈ ਉਹ ਮੰਨਦਾ ਹੈ ਕਿ ਉਸਦੀ ਕਵਿਤਾ ਦਾ ਮਨੋਰਥ ਵਕਤੀ ਤੌਰ 'ਤੇ ਤਰਸ, ਵੈਰਾਗ ਜਾਂ ਰੁਦਨ ਪੈਦਾ ਕਰਕੇ ਮਨ ਨੂੰ ਭਾਵਕ ਕਰਨਾ ਨਹੀਂ।

"ਕਵਿਤਾ ਜ਼ਿੰਦਗੀ ਦੇ ਗਲੋਂ ਆਰਥਿਕ, ਸਮਾਜਿਕ, ਧਾਰਮਿਕ, ਜਾਤਪਾਤੀ ਅਤੇ ਹੋਰ ਸਭੇ ਕਿਸਮ ਦੀਆਂ ਜੰਜ਼ੀਰਾਂ ਲਾਹੁਣ ਲਈ ਪ੍ਰੇਰਣਾ ਵਾਲੀ ਹੋਵੇ। ਆਪਣੇ ਸਮਕਾਲ ਵਿਚ ਦਖ਼ਲ ਦੇ ਕੇ ਜ਼ਿੰਦਗੀ ਨੂੰ ਨਵੀਂ ਅਤੇ ਚੰਗੇਰੀ ਸੇਧ ਦੇਵੇ। ਦਵੰਦ ਦੇ ਚੌਰਾਹੇ 'ਚ ਕਦਮ ਨੂੰ ਅੱਗੇ ਤੋਰਨ ਵਾਲੀ ਹੋਵੇ। ਹਨ੍ਹੇਰੇ ਵਿਚ ਸ਼ਬਦਾਂ ਦੇ ਚਿਰਾਗ਼ ਬਾਲ ਕੇ ਤੁਰੇ।" ਇੰਜ ਹਾਕਮ ਸਿੰਘ ਨੂਰ ਨੇ ਆਪਣੀ ਕਵਿਤਾ ਲਈ ਆਪ ਹੀ ਅਲੋਚਨਾ ਦਾ ਪੈਮਾਨਾ ਮਿੱਥ ਦਿੱਤਾ। ਅਸਲ ਵਿਚ ਸਾਹਿਤ ਦਾ ਮਨੋਰਥ ਹੀ ਇਹ ਹੈ ਕਿ ਉਹ ਲੋਕ ਭਲਾਈ ਲਈ ਹੋਵੇ। ਅਜਿਹਾ ਸਾਹਿਤ ਹੀ ਸੱਚਾ ਤੇ ਕਲਿਆਣਕਾਰੀ ਹੋਣ ਸਦਕਾ ਸੁੰਦਰ ਵੀ ਕਿਹਾ ਜਾ ਸਕਦਾ ਹੈ ਅਤੇ 'ਸਤਯੰ, ਸ਼ਿਵਮ, ਸੁੰਦਰਮ' ਦੇ ਪੁਰਾਣਕ ਪੈਮਾਨੇ 'ਤੇ ਵੀ ਪੂਰਾ ਉੱਤਰਦਾ ਹੈ। ਉਸਨੇ ਕਵਿਤਾ ਦੇ ਹਰ ਰੂਪ 'ਤੇ ਹੱਥ ਅਜ਼ਮਾਇਆ ਹੈ ਤੇ ਪੂਰੀ ਤਰ੍ਹਾਂ ਨਿਭਾਇਆ ਹੈ। ਖੁੱਲ੍ਹੀ ਕਵਿਤਾ, ਦੋਹੇ, ਰੁਬਾਈ, ਬੋਲੀਆਂ, ਗੀਤ, ਜੁਗਨੀ, ਗਜ਼ਲ, ਹਰ ਪਾਸੇ ਨਾ ਵਿਚਾਰ ਫਿੱਕਾ ਪੈਣ ਦਿੱਤਾ ਨਾ ਰੂਪਕ ਪੱਖ ਤਕਨੀਕੀ ਤੌਰ 'ਤੇ ਅਧੂਰਾ ਰਹਿਣ ਦਿੱਤਾ।

ਹਾਕਮ ਸਿੰਘ ਨੂਰ ਮੁੱਢ ਵਿੱਚ ਮਾਰਕਸੀ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਜੁੜਿਆ ਰਿਹਾ ਫਿਰ ਉਸਦੇ ਕਹਿਣ ਅਨੁਸਾਰ ਉਸਨੇ ਵੇਖਿਆ ਕਿ ਮਾਰਕਸੀ ਜਾਤਪਾਤੀ ਵਿਵਸਥਾ ਦੀ ਗੱਲ ਕਰਨ ਤੋਂ ਮੂੰਹ ਹੀ ਨਹੀਂ ਫੇਰਦੇ ਰਹੇ ਸਗੋਂ ਅੰਦਰੂਨੀ ਬ੍ਰਾਹਮਣਵਾਦੀ ਸੋਚ ਰੱਖਦਿਆਂ ਤੇ ਉੱਪਰੋਂ ਦਲਿਤ/ਮੂਲਵਾਸੀਆਂ ਨਾਲ ਝੂਠੀ ਹਮਦਰਦੀ ਦਾ ਪ੍ਰਗਟਾਵਾ ਕਰਕੇ ਧੋਖਾ ਵੀ ਕਰਦੇ ਰਹੇ। ਦਲਿਤਾਂ ਨੂੰ ਉਹਨਾਂ ਦੇ ਨਹੀਂ ਸਗੋਂ ਉਹ ਆਪਣੇ ਹਿੱਤਾਂ ਲਈ ਵਰਤਦੇ ਰਹੇ। ਇਸ ਗੁੰਝਲ ਜਾਂ ਦੁਬਿਧਾ 'ਚੋਂ ਉਸਨੂੰ ਉਸਦੇ ਕਹਿਣ ਅਨੁਸਾਰ ਪ੍ਰੋ. ਗੁਰਨਾਮ ਸਿੰਘ ਮੁਕਤਸਰ ਅਤੇ ਦਲਿਤ ਚਿੰਤਕ ਗਿਆਨ ਸਿੰਘ ਬੱਲ ਨੇ ਕੱਢਿਆ ਅਤੇ ਸਹੀ ਰਾਹ 'ਤੇ ਤੋਰਿਆ। ਤੇ ਫਿਰ ਉਹ ਅੰਬੇਡਕਰ ਦਾ ਹੀ ਹੋ ਕੇ ਰਹਿ ਗਿਆ।

ਜਾਤਪਾਤ ਉਚ ਨੀਚ ਪੈਦਾ ਕਰਨ ਵਾਲੇ ਅਤੇ ਆਪ ਬੁੱਧੀਮਾਨ ਬਣਨ ਵਾਲੇ ਪੁਜਾਰੀ ਵਰਗ ਨੂੰ ਨੂਰ ਦਾ ਕਸਿਆ ਤਕੜਾ ਵਿਅੰਗ ਵੇਖੋ :-

'ਕੱਲੇ ਪੰਡਤ ਪਾਸ ਸੀ, ਜੇ ਅਕਲਾਂ ਦੇ ਤੀਰ,
ਪੰਡਤਾਂ ਘਰ ਹੀ ਜੰਮਦੇ, ਸਧਨਾ, ਸੈਣ ਕਬੀਰ।

ਪੰਡਤਾਂ ਦੇ ਪੈਦਾ ਕੀਤੇ ਨਰਕ ਸਵਰਗ ਤੋਂ ਦਲਿਤਾਂ ਨੂੰ ਸਾਵਧਾਨ ਕਰਦਿਆਂ ਆਪਣਾ ਅੱਜ ਦਾ ਸਵਰਗ ਅਖੌਤੀ ਨਰਕਾਂ ਦੇ ਡਰ ਤੋਂ ਲੁਟਾਉਣ ਵਿਰੁੱਧ ਉਹ ਇੰਜ ਆਵਾਜ਼ ਉਠਾਉਂਦਾ ਹੈ :-

ਨਰਕ ਸੁਰਗ ਕੁੱਝ ਨਹੀਂ, ਸ਼ਾਤਰ ਉੱਤੇ ਬਹਾਏ।




ਨਰਕ ਤੋਂ ਡਰ ਭੋਲਿਆ, ਹੱਥੀਂ ਸੁਰਗ ਲੁਟਾਏ।

ਨੂਰ ਦਲਿਤਾਂ ਲਈ ਸੰਘਰਸ਼ ਕਰਨ ਵਾਲਿਆਂ ਨੂੰ ਜਾਣਦਾ ਹੈ। ਕਾਮੇ ਭਗਤ, ਨੇਤਾ ਤੇ ਗੁਰੂ ਇਸ ਵਿੱਚ ਸ਼ਾਮਲ ਹਨ ਪਰ ਉਸ ਅਨੁਸਾਰ ਤਖ਼ਤ 'ਤੇ ਬਿਠਾਣ ਦਾ ਰਾਹ ਡਾ. ਅੰਬੇਡਕਰ ਨੇ ਹੀ ਦੱਸਿਆ ਹੈ :-

ਲਿਤਾਂ ਦੀ ਗੱਲ ਉੱਝ ਤਾਂ ਕੀਤੀ, ਭਗਤਾਂ ਕੁੱਝ ਨੇਤਾਵਾਂ।
ਸੇਕ ਦੁੱਖਾਂ ਦਾ ਸਹਿਕੇ ਗੁਰੂਆਂ, ਹੱਥੀਂ ਕਰੀਆਂ ਛਾਵਾਂ।
ਪਰ ਭੀਮ ਨੇ ਸੱਤਾ ਦੀ ਚਾਬੀ, ਸਾਡੇ ਹੱਥ ਫੜਾ ਕੇ।
'ਨੂਰ' ਰੰਕੋਂ ਰਾਜੇ ਬਣਨ ਲਈ, ਖੋਲ੍ਹ ਦਿੱਤੀਆਂ ਰਾਹਵਾਂ।

ਔਰਤ ਨੂੰ ਵੀ ਨੂਰ ਜਾਗਣ ਦਾ ਸੁਨੇਹਾ ਦਿੰਦਾ ਹੈ। ਔਰਤ ਜੋ ਸਮਾਜ ਦਾ ਅੱਧ ਹੈ ਅਤੇ ਮਨੁੱਖ ਨੂੰ ਜਨਮ ਦੇਣ ਵਾਲੀ ਮਾਂ, ਧੀ, ਭੈਣ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ, ਉਸਦਾ ਜਾਗਣਾ ਜ਼ਰੂਰੀ ਹੈ। ਨਾਰੀ ਜਾਗਰਣ ਦਲਿਤ ਸਾਹਿਤ ਦਾ ਇੱਕ ਜ਼ਰੂਰੀ ਹਿੱਸਾ ਹੈ। ਇਸ ਪਾਸੇ ਨੂਰ ਦਾ ਨਜ਼ਰੀਆ ਦੇਖੋ :-

ਕੀ ਤੁਸੀਂ ਦੱਸ ਸਕਦੇ ਹੋ ਮੈਨੂੰ, ਜੇ ਪੰਛੀਆਂ ਦੇ ਵੀ ਆਪਣੇ ਆਲ੍ਹਣੇ ਹਨ,
ਤਾਂ ਕਿੱਥੇ ਘਰ ਵਾਲੀਆਂ ਦੇ ਘਰ, ਚੁੱਪ ਕਿਉਂ ਖੜ੍ਹੇ ਹੋ?
ਧੋਖੇ ਦੀ ਸ਼ਤਰੰਜ ਦੇ ਮਾਹਿਰ ਖਿਡਾਰੀਓ?

ਦਲਿਤ ਔਰਤ ਦੀਆਂ ਮਜਬੂਰੀਆਂ ਅਤੇ ਮੁਸ਼ਕਲਾਂ ਤੋਂ ਉਹ ਅਣਭਿੱਜ ਨਹੀਂ:-

ਮਾਂ ਝਾੜੀ ਦੀ ਛਾਵੇਂ, ਚੁਗੀਆਂ ਬੱਲੀਆਂ ਕਦੇ ਨਰਮਾ।
ਕਣਕਾਂ ਦੀ ਵਾਢੀ ਦਾ, ਔਖਾ ਕੰਮ ਵੀ ਪਿਆ ਕਰਨਾ।
--------
ਚੰਡੀ, ਭਾਗੋ, ਝਾਂਸੀ ਬਣਜਾ, ਜਾਵੇਗੀ ਸਤਿਕਾਰੀ ਸੀਤਾ।
ਕੋਈ ਕਹੂੰਕੋਂ ਰਾਜ ਨਾ ਦੇਵਹਿ, ਕਰ ਲੈ ਤਿਆਰੀ ਸੀਤਾ।

ਹਾਕਮ ਵਿਅੰਗ ਕਸਣ ਦਾ ਪੂਰਾ ਮਾਹਰ ਹੈ। ਬ੍ਰਾਹਮਣਵਾਦ ਦੀ ਗ਼ੈਰ-ਵਿਗਿਆਨਕ ਸੋਚ 'ਤੇ ਵਿਅੰਗ ਕਸਦਾ ਹੈ ਕਿ ਇੱਕ ਜਾਨਵਰ ਦੇ ਗੰਦ ਨਾਲ ਚੁੱਲ੍ਹੇ ਲਿੰਪ ਲਏ ਜਾਂਦੇ ਹਨ। ਉਸਦਾ ਪਿਸ਼ਾਬ ਤੱਕ ਵੀ ਪੀ ਲਿਆ ਜਾਂਦਾ ਹੈ ਪਰ ਜੇ ਮਨੁੱਖ (ਦਲਿਤ) ਉਸਦੇ ਕੋਲੋਂ ਲੰਘਿਆ ਵੀ ਤਾਂ ਉੱਚ ਜਾਤੀਏ ਭਿੱਟੇ ਜਾਂਦੇ ਹਨ:-

ਗੋਹੇ ਨਾਲ ਚੁੱਲ੍ਹਾ ਲਿੱਪਦੇ, ਪੀਂਦੇ ਗਊ ਪਿਸ਼ਾਬ।
ਦਲਿਤ ਕੋਲ ਦੀ ਜੇ ਲੰਘ ਜੇ, ਭਿੱਟੀ ਜਾਵੇ ਢਾਬ।

ਇੱਕ ਹੋਰ ਉਦਾਹਰਣ ਜਿਸ ਵਿੱਚ ਉਹ ਆਪਣੇ ਆਪ ਨੂੰ ਬ੍ਰਾਹ-ਮਣਵਾਦ ਦੇ ਗਹਿਰੇ ਭੇਦ ਉਜਾਗਰ ਕਰਨ ਸਮਰੱਥ ਹੋ ਗਿਆ ਕਹਿ ਸਕਦਾ ਹੈ, ਕਿਵੇਂ ਸਪੱਸ਼ਟ ਕਰ ਰਿਹਾ ਹੈ :-

ਭਾਵੇਂ ਦੇਵੀ ਮੰਨਿਆ
ਜਾਂ ਦੇਵ ਦਾਸੀ ਬਣਾ ਲਿਆ
ਪਰ ਦੋਹਾਂ ਸ਼ਬਦਾਂ 'ਚ ਛੁਪਿਆ ਦੇਵ
ਬੈਠਾ ਰਿਹਾ ਕੁੰਡਲੀ ਮਾਰ ਕੇ।

ਉਹ ਹੁਣ ਪੂਰਣ ਅੰਬੇਡਕਰਵਾਦੀ ਬਣ ਕੇ ਅੰ-ਬੇਡਕਰ ਦੇ ਪੜ੍ਹੋ, ਜੁੜੋ ਅਤੇ ਲੜੋ ਦਾ ਪ੍ਰਚਾਰਕ ਬਣ ਗਿਆ ਲੱਗਦਾ ਹੈ। ਨਾਲ ਦੀ ਨਾਲ ਬੋਧੀ ਵੀ ਜਾਪਦਾ ਹੈ ਜੋ ਆਪਣੇ ਦੀਪ ਆਪ ਬਣੋ ਦਾ ਹੋਕਾ ਦਿੰਦਾ ਹੈ :-

ਛੱਡੋ ਆਸ ਇਹਨਾਂ ਤੋਂ ਭਲੇ ਦੀ, ਕਦੇ ਗੈਰ ਨਾ ਬਣਦੇ ਯਾਰ ਓਏ।
ਖ਼ੁਦ ਆਗੂ ਬਣ ਕੇ ਆਪ ਹੀ, ਕਰੋ ਦਲਿਤੋ ਦਲਿਤ ਸੁਧਾਰ ਓਏ।
'ਕੱਠੇ ਹੋ ਕੇ ਛੇਤੀ ਵੀਰਨੋ, ਹੋਵੋ ਲੜਨੇ ਲਈ ਤਿਆਰ ਓਏ।
ਜੜ੍ਹੋਂ ਜਾਤਪਾਤ ਨੂੰ ਪੁੱਟਕੇ, ਆਊ ਵਿਹੜਿਆਂ ਵਿੱਚ ਬਹਾਰ ਓਏ।

ਹਾਕਮ ਸਿੰਘ ਨੂਰ ਨੇ ਸਮਾਜ ਨਾਲ ਸਬੰਧਤ ਕੋਈ ਵੀ ਸਮੱਸਿਆ ਅਣਛੂਹੀ ਨਹੀਂ ਰਹਿਣ ਦਿੱਤੀ। ਭਰੂਣ ਹੱਤਿਆ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਰਾਸ਼ਟਰਵਾਦ, ਫੂਲਨ ਦੇਵੀ, ਨਸ਼ਿਆਂ ਦੀ ਮਾਰ, ਅੰਤਰ-ਰਾਸ਼ਟਰਵਾਦ, ਸਿੱਖ ਮਾਨਵਵਾਦੀ ਧਰਮ ਦੇ ਹੀਰੋ, ਵਿਦੇਸ਼ੀ ਭਾਰਤੀਆਂ ਦੀਆਂ ਸਮੱਸਿਆਵਾਂ, ਵਿਸ਼ਵੀਕਰਣ, ਹਰੀ ਕਰਾਂਤੀ, ਸ਼ਹੀਦੀ ਪਰਿਵਾਰਾਂ ਦੇ ਦੁੱਖ ਅਤੇ ਵਿਕਾਸ ਆਦਿ ਸਾਰੇ ਹੀ ਸਹੀ ਦਿਸ਼ਾ ਵਿੱਚ ਪਰਖ ਪੜਚੋਲ ਕਰਕੇ ਪੇਸ਼ ਕੀਤੇ ਹਨ।

ਪ੍ਰੋ ਗੁਰਨਾਮ ਸਿੰਘ ਮੁਕਤਸਰ ਉਦੋਂ ਸਹੀ ਜਾਪਦੇ ਹਨ ਜਦੋਂ ਉਹ ਹਾਕਮ ਸਿੰਘ ਨੂਰ ਨੂੰ ਗੁਰਦਾਸ ਰਾਮ ਆਲਮ ਤੋਂ ਬਾਅਦ ਦਲਿਤ ਪੀੜਾ ਦਾ ਇਤਿਹਾਸਕ ਵਰਣਣ ਕਰਨ ਵਾਲਾ ਕਵੀ ਮੰਨਦੇ ਹਨ। ਪਰ ਮੈਂ ਉਦੋਂ ਉਹਨਾਂ ਨਾਲ ਸਹਿਮਤ ਨਹੀਂ ਜਦੋਂ ਉਹ ਆਖਦੇ ਹਨ, "ਹਾਂ ਪਰ ਉਸਦੀ ਕਵਿਤਾ ਦੇ ਜੁਜ਼ ਵਿੱਚੋਂ ਪ੍ਰਵਰਤਨਾਂ ਦਾ ਪਾਹਰੂ, ਮਾਰਗ ਤੇ ਮੁਕਤੀ ਦਾਤਾ ਅੰਬੇਡਕਰ ਜ਼ਰੂਰ ਗ਼ਾਇਬ ਹੈ। ਭਾਵੇਂ ਅੰਬੇਡਕਰ ਦਾ ਵਿਚਾਰ ਉਸਦੀ ਕਵਿਤਾ ਵਿੱਚ ਥਾਂ ਥਾਂ ਵਰਤਦਾ ਹੈ।" ਅਸਲ ਵਿੱਚ ਨੂਰ ਨੇ ਮੋੜ ਕੱਟਦਿਆਂ ਅਰਥਾਤ ਅੰਬੇਡਕਰਵਾਦ ਨੂੰ ਪ੍ਰਣਾਉਂਦਿਆਂ ਬਾਅਦ ਵਿੱਚ ਉਸਦੀ ਭਾਵਨਾ ਨਾਲ ਹੀ ਲਗਭਗ ਸਾਰੀਆਂ ਰਚਨਾਵਾਂ ਰਚੀਆਂ ਹਨ। ਰਚਨਾਵਾਂ ਵਿੱਚ ਕਿਸੇ ਦਾ ਜ਼ਾਤੀ ਤੌਰ 'ਤੇ ਵਾਰ ਵਾਰ ਨਾਂ ਲੈਣ ਨਾਲ ਕਵਿਤਾ ਦੀ ਰੂਹ ਮਾਰੀ ਜਾਂਦੀ ਹੈ ਤੇ ਉਹ ਕਵਿਤਾ ਨਾ ਰਹਿਕੇ ਪ੍ਰਚਾਰ ਸਾਧਨ ਜਿਆਦਾ ਜਾਪਣ ਲੱਗ ਪੈਂਦੀ ਹੈ। ਸ਼ਾਇਦ ਇਸ ਕਰਕੇ ਨੂਰ ਨੇ ਰਚਨਾਵਾਂ ਨੂੰ ਅੰਬੇਡਕਰਵਾਦੀ ਰੰਗ ਦੇਣ ਦੇ ਬਾਵਜੂਦ ਉਸਨੂੰ ਵਾਰ ਵਾਰ ਡਾ. ਅੰਬੇਡਕਰ ਦਾ ਨਾਂ ਵਰਤਕੇ ਪ੍ਰਚਾਰਕ ਰਚਨਾ ਹੋਣ ਤੋਂ ਬਚਾਇਆ ਹੈ। ਉਂਜ ਜਿੱਥੇ ਲੋੜੀਂਦਾ ਹੈ ਉੱਥੇ ਸਿੱਧਾ ਨਾਂ ਵਰਤਿਆ ਵੀ ਹੈ। ਪ੍ਰੋ: ਗੁਰਨਾਮ ਸਿੰਘ ਨੇ ਵੈਸੇ ਇਸ ਤੱਥ ਨੂੰ ਆਪ ਵੀ ਸਵਿਕਾਰ ਕੀਤਾ ਹੈ ਕਿ ਅੰਬੇਡਕਰ ਦਾ ਵਿਚਾਰ ਉਸਦੀ ਕਵਿਤਾ ਵਿੱਚ ਥਾਂ ਥਾਂ ਵਰਤਦਾ ਹੈ। ਫਿਰ ਸਿੱਧਾ ਨਾਂ ਲੈਣਾ ਜ਼ਰੂਰੀ ਨਹੀਂ। ਪੜ੍ਹਨ ਵਾਲੇ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਕਿਹੜੇ ਵਿਚਾਰ, ਫਲਸਫ਼ੇ ਦੀ ਗੱਲ ਕਰ ਰਿਹਾ ਹੈ।

ਹਾਂ, ਕੱਝ ਥਾਵਾਂ ਤੇ ਨੂਰ ਨੇ ਮਾਰਕਸੀਆਂ ਵਾਲਾ ਟਪਲਾ ਖਾਧਾ ਲਗਦਾ ਹੈ। ਜਦੋਂ ਨੂਰ ਲਿਖਦਾ ਹੈ;

ਤੇ ਹਰ ਸਮੇਂ ਇੱਕ ਦੂਜੇ 'ਤੇ
ਫ਼ਤਿਹ ਪਾਉਣ ਲਈ
ਭਿੜ ਰਹੀ ਏ
ਭਾਗੋ ਤੇ ਲਾਲੋ ਦੀ ਜਮਾਤ।

ਇਹ ਸਹੀ ਨਹੀਂ ਜਾਪਦਾ ਕਿਉਂਕਿ ਲਾਲੋਆਂ ਦੀ ਜਮਾਤ ਕਦੇ ਹੋਂਦ ਵਿੱਚ ਨਹੀਂ ਆਈ। ਗੈਰ-ਬਰਾਬਰੀ ਵਾਲੇ ਸਮਾਜ ਦੀ ਮੁਸ਼ਕਲ ਵੀ ਅਸਲੋਂ ਇਹੀ ਹੈ ਲਾਲੋਆਂ ਦੀ ਜਮਾਤ ਨਾ ਬਣਨਾ। ਜਾਤਪਾਤ ਆਪਣਾ ਰੋਲ ਨਿਭਾਅ ਜਾਂਦੀ ਹੈ। ਸਿੱਖ ਸੰਘਰਸ਼ ਵੇਲੇ ਭਾਵੇਂ ਇਹਨਾਂ ਕਥਿਤ ਨਿਮਨ ਜਾਤਾਂ ਵਿੱਚ ਜਾਗ੍ਰਿਤੀ ਆਈ ਅਤੇ ਕਾਫ਼ੀ ਹੱਦ ਤੱਕ ਪ੍ਰਾਪਤੀਆਂ ਵੀ ਹੋਈਆਂ ਪਰ ਪੱਕੇ ਤੌਰ 'ਤੇ ਕੋਈ ਜਮਾਤ ਨਾ ਬਣ ਸਕੀ। ਬਾਬਾ ਸਾਹਬ ਨੇ ਹਜ਼ਾਰਾਂ ਨਿਮਨ ਜਾਤੀਆਂ ਦੀਆਂ ਤਿੰਨ ਜਮਾਤਾਂ ਬਣਾਈਆਂ-ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਅਤੇ ਹੋਰ ਦੂਜੀਆਂ ਪਿਛੜੀਆਂ ਜਾਤਾਂ।

ਉਹਨਾਂ ਦਾ ਵਿਚਾਰ ਸੀ ਬਾਅਦ ਵਿੱਚ ਇਹਨਾਂ ਤਿੰਨਾਂ ਦੀ ਇੱਕ ਜਮਾਤ ਆਸਾਨੀ ਨਾਲ ਬਣ ਜਾਵੇਗੀ। ਪਰ ਇਹ ਵੀ ਜਮਾਤਾਂ ਨਹੀਂ ਬਣ ਰਹੀਆਂ ਸਗੋਂ ਹੋਰ ਖਿਲਰਨੀਆਂ ਸ਼ੁਰੂ ਹੋ ਗਈਆਂ ਹਨ। ਕਾਂਸ਼ੀ ਰਾਮ ਨੇ ਇਹਨਾਂ ਤਿੰਨਾਂ ਨੂੰ ਇਕੱਤਰ ਕਰਕੇ ਨਾਲ ਘੱਟ ਧਾਰਮਿਕ ਗਿਣਤੀਆਂ ਸ਼ਾਮਲ ਕਰਕੇ 'ਬਹੁਜਨ ਸਮਾਜ' ਇੱਕ ਜਮਾਤ ਬਣਾਉਣੀ ਚਾਹੀ ਜੋ ਪੂਰੀ ਤਰ੍ਹਾਂ ਸਫ਼ਲ ਨਾ ਹੋ ਸਕੀ। ਜਦੋਂ ਕਦੇ ਇਨ੍ਹਾਂ ਦੀ ਜਮਾਤ ਬਣ ਸਕੀ ਤਾਂ ਦਲਿਤਾਂ ਦੀਆਂ ਅਣਗਿਣਤ ਸਮੱਸਿਆਵਾਂ ਦਾ ਹੱਲ ਵੀ ਸਹਿਜੇ ਹੀ ਨਿੱਕਲ ਆਵੇਗਾ।

ਇਸੇ ਤਰ੍ਹਾਂ ਹਾਕਮ ਸਿੰਘ ਨੂਰ ਜਦੋਂ ਲਿਖਦਾ ਹੈ;
'ਹੱਕ ਲੈਣੇ ਪੈਂਦੇ, ਖਾ ਕੇ ਹਿੱਕ ਵਿਚ ਗੋਲੀ।'

ਜਦੋਂ ਕਿ ਹਜ਼ਾਰਾਂ ਸਾਲ ਦਾ ਇਤਿਹਾਸ ਸਾਬਤ ਕਰਦਾ ਹੈ ਕਿ ਹਿੱਕਾਂ 'ਚ ਗੋਲੀਆਂ ਖਾ ਕੇ ਹੱਕ ਨਹੀਂ ਮਿਲੇ ਮੌਤ ਹੀ ਮਿਲੀ ਹੈ। ਤਾਂ ਅੰਬੇਡਕਰਵਾਦੀ ਨੁਕਤੇ ਤੋਂ ਇਹ ਵੀ ਸਹੀ ਨਹੀਂ ਜਾਪਦਾ। ਅਜੋਕੇ ਸਮੇਂ (1984) ਵਿੱਚ ਸਿੱਖਾਂ ਨੇ ਕਿੰਨੀਆਂ ਗੋਲੀਆਂ ਖਾਧੀਆਂ ਪਰ ਹੱਕ ਪ੍ਰਾਪਤ ਨਹੀਂ ਕਰ ਸਕੇ। ਗੋਲੀਆਂ ਖਾਣ ਦਾ ਸਮਾਂ ਵਿਹਾ ਗਿਆ ਹੈ, ਹੁਣ ਦਿਮਾਗੀ ਲੜਾਈ ਦਾ ਸਮਾਂ ਹੈ। ਇਸ ਬ੍ਰਾਹਮਣਵਾਦੀ ਚਾਲ ਤੋਂ ਸਤੱਰਕ ਹੋਣ ਦੀ ਲੋੜ ਹੈ। ਇਸ ਲਈ ਨੂਰ ਦਾ ਇਹ ਲਿਖਣਾ, 'ਅੱਜ ਲੋੜ ਸਿਰਾਂ ਦੀ ਹੈ, ਜਿੰਨ੍ਹਾਂ ਦੇਣੇ ਆ ਜਾਓ ਨੇੜੇ।' ਵੀ ਇਸੇ ਸੰਦਰਭ ਵਿਚ ਸਹੀ ਨਹੀਂ। ਸਿਰਾਂ ਦੀ ਲੋੜ ਨਹੀਂ ਸਿਰਾਂ ਵਿੱਚ ਦਿਮਾਗ਼ ਦੀ ਲੋੜ ਹੈ, ਸੋਚ ਦੀ ਲੋੜ ਹੈ।

(ਚਲਦਾ)

# ਚੰਦੜ ਪਰਿਵਾਰ ਨੇ ਨਵਜੰਮੇ ਬੱਚਿਆਂ ਦੀ ਲੋਹੜੀ ਸ਼ਰਧਾ ਅਤੇ ਉਤਸ਼ਾਹ ਨਾਲ ਵੰਡੀ

ਸ੍ਰੀ ਸੁੱਖ ਰਾਮ ਚੰਦੜ ਤਾਜਪੁਰੀ ਦੇ ਵੱਡੇ ਭਾਈ ਸਾਹਿਬ ਸ੍ਰੀ ਆਗਿਆ ਰਾਮ ਚੰਦੜ ਪਰਿਵਾਰ ਨੇ ਆਪਣੇ ਨਵਜੰਮੇ ਪੋਤਿਆਂ ਦੀ ਖੁਸ਼ੀ ਵਿਚ 13 ਜਨਵਰੀ 2016 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਪਾਰਕਿੰਗ ਲਾਟ ਵਿਚ ਲੋਹੜੀ ਮਨਾਈ। ਇਸ ਮੌਕੇ ਪਹਿਲਾਂ ਗੁਰੂ ਘਰ ਵਿਖੇ ਕੀਰਤਨ ਦਰਬਾਰ ਸਜਾਏ ਗਏ ਅਤੇ ਸ਼ਬਦ ਪੜ੍ਹੇ ਗਏ ਤੇ ਅਰਦਾਸ ਉਪਰੰਤ ਪਾਰਕਿੰਗ ਲਾਟ ਵਿਖੇ ਲੋਹੜੀ ਦਾ ਧੂਣਾ ਲਗਾਇਆ ਗਿਆ। ਇਸ ਮੌਕੇ ਸ੍ਰੀ ਸੁੱਖ ਰਾਮ ਚੰਦੜ ਤਾਜਪੁਰੀ ਦੇ ਵੱਡੇ ਭਰਾ ਸ੍ਰੀ ਆਗਿਆ ਰਾਮ ਚੰਦੜ ਅਤੇ ਉਹਨਾਂ ਦੀ ਸੁਪਤਨੀ ਸੱਤਿਆ ਦੇਵੀ ਚੰਦੜ ਦੇ ਘਰ ਉਹਨਾਂ ਦੇ ਸਪੁੱਤਰ ਦਲਜੀਤ ਕੁਮਾਰ ਅਤੇ ਨੂੰਹ ਬਲਜੀਤ ਕੌਰ ਦੀ ਕੁੱਖੋਂ ਹੋਏ ਦੋ ਜੌੜੇ ਸਪੁੱਤਰਾਂ ਜੋਬਨ ਚੰਦੜ ਅਤੇ ਜੇਡਨ ਚੰਦੜ ਦੇ ਜਨਮ ਦੀ ਖੁਸ਼ੀ ਮਨਾਈ। ਲੋਹੜੀ ਦਾ ਤਿਉਹਾਰ ਗੁਰੂ ਘਰ ਵਿਖੇ ਸਮੂਹ ਸੰਗਤਾਂ ਨੇ ਰਲ ਮਿਲ ਕੇ ਮਨਾਇਆ, ਜਿਸ ਵਿਚ ਚੰਦੜ ਪਰਿਵਾਰ ਨੇ ਖੁੱਲ੍ਹ ਦਿਲੀ ਨਾਲ ਰਿਓੜੀਆਂ, ਗੱਜਕਾਂ, ਲੱਡੂ, ਮੂੰਗਫਲੀ, ਅਖਰੋਟ, ਬਦਾਮ, ਜਲੇਬੀਆਂ, ਬਰਫੀ ਅਤੇ ਹੋਰ ਖੁਰਾਕੀ ਵਸਤਾਂ ਆਦਿ ਵੰਡੇ ਗਏ।ਸੰਗਤਾਂ ਨੇ ਇਸ ਮੌਕੇ ਲੋਹੜੀ ਦੇ ਤਿਉਹਾਰ ਦਾ ਖੂਬ ਆਨੰਦ ਮਾਣਿਆ।




ਸ੍ਰੀ ਆਗਿਆ ਰਾਮ ਚੰਦੜ ਤਾਜਪੁਰੀ ਆਪਣੇ ਪਰਿਵਾਰ ਸਮੇਤ



ਸ੍ਰੀ ਸੁੱਖ ਰਾਮ ਚੰਦੜ ਤਾਜਪੁਰੀ ਆਪਣੇ ਪਰਿਵਾਰਕ ਮੈਂਬਰਾਂ ਸਮੇਤ



ਸੰਗਤਾਂ ਲੋਹੜੀ ਦੇ ਧੂਣੇ ਦਾ ਆਨੰਦ ਮਾਣਦੀਆਂ ਹੋਈਆਂ



ਸੰਗਤਾਂ ਲੋਹੜੀ ਦੇ ਧੂਣੇ ਦਾ ਆਨੰਦ ਮਾਣਦੀਆਂ ਹੋਈਆਂ

ਤਸਵੀਰਾਂ ਦੇਸ਼ ਦੁਆਬਾ




ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਸ਼ਬਦ ਗਾਇਨ ਕਰਦੇ ਹੋਏ



ਸੰਗਤਾਂ ਲੰਗਰ ਹਾਲ ਵਿਚ




# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।





**Call : Dharminder Singh**

Cell : 530-870-6600

Fax : 530-405-1429

Email: myfuturetruck@gmail.com

2535 Front St. West Sacramento, CA 95691

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225






ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email:- Jas@Skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154



## ਟਰੱਕ ਡਰਾਇਵਰ ਵੀਰਾਂ ਲਈ

# ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ

ਅੱਜ ਹੀ ਕਾਲ ਕਰੋ

TOLL FREE
1-800-381-0107



* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ

# SKZ LLC. BROKERAGE

* CAN'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!

CALL Todal :-

DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM